Punjabi Parwaz

# ਪੰਜਾਬੀ ਪਰਵਾਜ਼

ਅੰਕ 13ਵਾਂ (ਸ਼ਿਕਾਗੋ): 11 ਨਵੰਬਰ ਤੋਂ 24 ਨਵੰਬਰ 2023 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਦਾ ਅਮਲ ਸ਼ੁਰੂ

### ਛੱਤੀਸਗੜ੍ਹ ਵਿੱਚ 71 ਅਤੇ ਮੀਜ਼ੋਰਮ 'ਚ 78 ਫੀਸਦੀ ਵੋਟਿੰਗ ਹੋਈ



ਜੇ. ਐਸ. ਮਾਂਗਟ

2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਲਈ ਸੈਮੀਫਾਈਨਲ ਵਜੋਂ ਵੇਖੀਆਂ ਜਾ ਰਹੀਆਂ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇਲੰਗਾਨਾ ਅਤੇ ਮੀਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਦਾ ਅਮਲ ਸ਼ੁਰੂ ਹੋ ਗਿਆ ਹੈ। ਪਹਿਲੇ ਗੇੜ ਵਿੱਚ ਮੀਜ਼ੋਰਮ ਅਤੇ ਛੱਤੀਸਗੜ੍ਹ ਦੀਆਂ ਕੁਝ ਸੀਟਾਂ 'ਤੇ ਵੋਟਾਂ ਪਈਆਂ ਹਨ। ਛੱਤੀਸਗੜ੍ਹ ਅਸੈਂਬਲੀ ਦੀਆਂ 20 ਸੀਟਾਂ 'ਤੇ ਪਈਆਂ ਵੋਟਾਂ ਦੌਰਾਨ ਬੀਤੇ ਮੰਗਲਵਾਰ 71 ਫੀਸਦੀ ਮਤਦਾਨ ਹੋਇਆ, ਜਦਕਿ ਮੀਜ਼ੋਰਮ ਵਿਧਾਨ ਸਭਾ ਦੀਆਂ ਸਾਰੀਆਂ 40 ਸੀਟਾਂ 'ਤੇ ਪਈਆਂ ਵੋਟਾਂ ਦੌਰਾਨ 78 ਫੀਸਦੀ ਵੋਟਿੰਗ ਹੋਈ।

ਮੀਜ਼ੋਰਮ ਦੀ ਚੋਣ ਤਾਂ ਭਾਵੇਂ ਅਮਨ-ਅਮਾਨ ਨਾਲ ਸਿਰੇ ਚੜ੍ਹ ਗਈ, ਪਰ ਛੱਤੀਸਗੜ੍ਹ ਵਿੱਚ ਬਹੁਤ ਸਾਰੀਆਂ ਥਾਂਵਾਂ 'ਤੇ ਸੁਰੱਖਿਆ ਦਸਤਿਆਂ ਨੂੰ ਨਕਸਲੀ ਹਿੰਸਾ ਨਾਲ ਨਿਪਟਣਾ ਪਿਆ। ਮੀਜ਼ੋਰਮ ਵਿੱਚ ਵੋਟਾਂ ਪੈਣ ਦਾ ਅਮਲ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤੱਕ ਚੱਲਿਆ। ਮੀਜ਼ੋਰਮ ਦੇ ਕਈ ਇਲਾਕਿਆਂ ਵਿੱਚ 85 ਫੀਸਦੀ ਦੇ ਕਰੀਬ ਵੋਟਿੰਗ ਹੋਈ। ਇਹ ਉਤਸ਼ਾਹੀ ਵੋਟਿੰਗ ਇਸ ਰਾਜ ਵਿੱਚ ਦਿਲਚਸਪ ਨਤੀਜੇ ਕੱਢ ਸਕਦੀ ਹੈ। ਯਾਦ ਰਹੇ, ਮੀਜ਼ੋਰਮ ਵਿੱਚ ਕੁੱਲ 8.57 ਲੱਖ ਵੋਟਰ ਹਨ, ਜਿਨ੍ਹਾਂ ਵਿੱਚੋਂ 4.39 ਲੱਖ ਮਹਿਲਾਵਾਂ ਹਨ। ਮੀਜ਼ੋਰਮ

⇒ ਬਾਕੀ ਸਫਾ 6 ਉਤੇ ਪੜ੍ਹੋ

## ਰਾਜਪਾਲ ਚੁਣੇ ਹੋਏ ਨੁਮਾਇੰਦਿਆਂ ਦੀ ਥਾਂ ਨਹੀਂ ਲੈ ਸਕਦੇ-ਸੁਪਰੀਮ ਕੋਰਟ

### ਚੀਫ ਜਸਟਿਸ ਨੇ ਮੁੱਖ ਮੰਤਰੀ ਅਤੇ ਰਾਜਪਾਲ ਨੂੰ ਅੰਤਰਝਾਤ ਮਾਰਨ ਲਈ ਕਿਹਾ

ਪੰਜਾਬ ਦੇ ਰਾਜਪਾਲ ਦੇ ਟੇਬਲ 'ਤੇ ਦੇਰ ਤੋਂ ਪਏ ਬਿਲਾਂ ਨੂੰ ਪਾਸ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਸੰਪਨ ਨਾ ਕਰਨ ਤੇ ਇਸ ਨੂੰ ਕਿਸ਼ਤਾਂ ਵਿੱਚ ਸੱਦਣ ਦੇ ਮਾਮਲਿਆਂ ਨੂੰ ਲੈ ਕੇ ਸੁਪਰੀਮ ਕੋਰਟ ਨੇ ਨਾ ਸਿਰਫ ਰਾਜਪਾਲ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ, ਸਗੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਨਸੀਹਤ ਦਿੱਤੀ। ਅਦਾਲਤ ਨੇ ਕਿਹਾ ਕਿ ਜਿਹੜੇ ਮਾਮਲੇ ਤੁਸੀਂ ਆਪਸ ਵਿੱਚ ਬੈਠ ਕੇ ਨਬੇੜ ਸਕਦੇ ਹੋ, ਉਹਦੇ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਵਾਰ-ਵਾਰ ਕਿਉਂ ਖੜਕਾ ਰਹੇ ਹੋ? ਪੰਜਾਬ ਸਰਕਾਰ ਵੱਲੋਂ ਜੂਨ ਮਹੀਨੇ ਵਾਲਾ ਸੈਸ਼ਨ ਸੰਪਨ ਨਾ ਕਰਨ ਅਤੇ ਅਗਲੀ ਬੈਠਕ ਲਈ ਰਾਜਪਾਲ ਤੋਂ ਮਨਜ਼ੂਰੀ ਨਾ ਲਏ ਜਾਣ ਸਬੰਧੀ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਦਿੱਤੀ ਗਈ ਦਲੀਲ ਪਿਛੋਂ ਬੋਲਦਿਆਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਧਨੰਜੇਯ ਵਾਈ ਚੰਦਰਚੂਹੜ ਨੇ ਕਿਹਾ ਕਿ ਦੋਹਾਂ ਧਿਰਾਂ (ਮੁੱਖ ਮੰਤਰੀ ਅਤੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ) ਨੂੰ ਆਪਣੇ ਅੰਦਰ ਝਾਤ ਮਾਰਨ (ਸੋਲ ਸਰਚਿੰਗ) ਦੀ ਲੋੜ ਹੈ।

ਚੀਫ ਜਸਟਿਸ ਨੇ ਪੰਜਾਬ ਦੇ ਗਵਰਨਰ ਸ੍ਰੀ ਪ੍ਰੋਹਿਤ ਵੱਲੋਂ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਵਿੱਚ ਵਿੱਤ ਬਿਲ ਵੀ ਸ਼ਾਮਲ ਹੈ) ਨੂੰ ਅਣਮਿੱਥੇ ਸਮੇਂ ਲਈ ਦਬਾਈ ਰੱਖਣ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਰਾਜਪਾਲਾਂ ਨੂੰ ਇਹ ਤੱਥ ਸਪਸ਼ਟ ਰੂਪ ਵਿੱਚ ਸਮਝਣਾ ਚਾਹੀਦਾ ਹੈ ਕਿ ਉਹ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਨਹੀਂ ਹਨ, ਸਗੋਂ ਰਾਸ਼ਟਰਪਤੀ ਵੱਲੋਂ ਨਾਮਜ਼ਦ ਹਸਤੀ ਹਨ। ਇਸ ਲਈ ਆਪਣੀਆਂ ਤਾਕਤਾਂ ਅਤੇ ਹੱਦਾਂ ਦੀ ਸਪਸ਼ਟ ਪਹਿਚਾਣ ਹੋਣੀ ਚਾਹੀਦੀ ਹੈ। ਉਨ੍ਹਾਂ ਪੁੱਛਿਆ ਕਿ ਰਾਜਪਾਲ ਉਸ ਵਕਤ ਹੀ ਕਾਰਵਾਈ ਕਿਉਂ ਕਰਦੇ ਹਨ, ਜਦੋਂ ਮਾਮਲੇ ਸੁਪਰੀਮ ਕੋਰਟ ਵਿੱਚ ਪਹੁੰਚ ਜਾਂਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਤਿਲੰਗਾਨਾ, ਪੱਛਮੀ ਬੰਗਾਲ, ਤਾਮਿਲਨਾਡੂ ਤੇ ਕੇਰਲਾ ਦੇ ਗਵਰਨਰਾਂ ਨਾਲ ਸਬੰਧਤ ਇਸ ਕਿਸਮ ਦੇ ਮੁੱਦੇ ਵੀ ਸੁਪਰੀਮ ਕੋਰਟ ਤੱਕ ਪੁੱਜੇ ਹਨ ਅਤੇ ਇਨ੍ਹਾਂ ਕੇਸਾਂ ਦੀ ਸੁਣਵਾਈ ਵੀ ਪੰਜਾਬ ਵਾਲੇ ਕੇਸ ਨਾਲ ਕਲੱਬ ਕਰਨ ਦੀ ਅਪੀਲ ਕੀਤੀ ਗਈ ਹੈ, ਜਿਸ ਦੀ ਅਗਲੀ ਸੁਣਵਾਈ ਹੁਣ 10 ਨਵੰਬਰ ਨੂੰ ਹੋਣੀ ਹੈ।

ਇਸੇ ਕਿਸਮ ਦੇ ਇੱਕ ਹੋਰ ਮਾਮਲੇ ਵਿੱਚ ਕੇਰਲ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਕੇ. ਕੇ. ਵੇਣੂਗਪਾਲ ਨੇ ਰਾਜ ਦੇ ਰਾਜਪਾਲ ਵੱਲੋਂ ਲੰਮੀ ਦੇਰ ਤੋਂ ਲਟਕਾਏ ਬਿਲਾਂ ਨੂੰ ਮਨਜ਼ੂਰੀ ਨਾ ਦੇਣ ਦਾ ਮੁੱਦਾ ਉਠਾਇਆ ਅਤੇ ਇਸ ਦੀ ਸੁਣਵਾਈ ਵੀ ਪੰਜਾਬ ਵਾਲੇ ਕੇਸ ਦੇ ਨਾਲ 10 ਨਵੰਬਰ ਨੂੰ ਕਰਨ ਦੀ ਅਪੀਲ ਕੀਤੀ। ਇਨ੍ਹਾਂ ਮਾਮਲਿਆਂ ਦੀ ਸੁਣਵਾਈ ਚੀਫ ਜਸਟਿਸ ਸ੍ਰੀ ਚੰਦਰਚੂਹੜ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਬੈਂਚ ਵੱਲੋਂ ਕੀਤੀ ਜਾ ਰਹੀ ਹੈ, ਜਿਸ ਵਿੱਚ ਜਸਟਿਸ ਜੇ. ਬੀ. ਪਾਰਦੀਵਾਲ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ।

ਯਾਦ ਰਹੇ, ਪੰਜਾਬ ਅਤੇ ਕੇਰਲ ਤੋਂ ਇਲਾਵਾ ਤਿਲੰਗਾਨਾ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿੱਚ ਵੀ ਇਸ ਕਿਸਮ ਦੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਸਾਰੇ ਰਾਜਾਂ ਵਿੱਚ ਗੈਰ-ਭਾਜਪਾ ਸਰਕਾਰਾਂ ਹਨ। ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦੇ ਸੈਸ਼ਨ ਬੁਲਾਏ ਜਾਣ ਦੇ ਢੰਗ ਤਰੀਕਿਆਂ 'ਤੇ ਵੀ ਸਵਾਲ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਮਾਰਚ ਵਿੱਚ ਬੁਲਾਇਆ ਗਿਆ ਸੀ ਤੇ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ। ਸਪੀਕਰ ਨੇ ਜੂਨ ਮਹੀਨੇ ਵਿੱਚ ਮੁੜ ਸਦਨ ਦੀ ਬੈਠਕ ਬੁਲਾਈ। ਇਸ ਹਾਲਤ ਵਿੱਚ ਬਜਟ ਇਜਲਾਸ ਤੇ ਮੌਨਸੂਨ ਸੈਸ਼ਨ ਇਕਮਿਕ ਹੋ ਗਿਆ। ਚੀਫ ਜਸਟਿਸ ਨੇ ਪੰਜਾਬ ਦੇ ਨੁਮਾਇੰਦੇ ਨੂੰ ਸੰਬੋਧਨ ਹੁੰਦਿਆਂ ਪੁੱਛਿਆ, 'ਕੀ ਸੰਵਿਧਾਨ ਵਿੱਚ ਇਹੋ ਯੋਜਨਾ ਦਿੱਤੀ ਗਈ ਹੈ? ਤੁਸੀਂ ਛੇ ਮਹੀਨਿਆਂ ਵਿੱਚ ਇਜਲਾਸ ਬੁਲਾਉਣਾ ਹੁੰਦਾ ਹੈ।' ਇਸ ਦਰਮਿਆਨ ਸੋਲਿਸਟਰ ਜਨਰਲ ਨੇ ਕਿਹਾ ਕਿ ਇਹ ਪ੍ਰਕ੍ਰਿਆ ਸੰਵਿਧਾਨ ਦੀ ਯੋਜਨਾ ਦੇ ਖਿਲਾਫ ਹੈ। ਤਦ ਚੀਫ ਜਸਟਿਸ ਨੇ ਕਿਹਾ ਕਿ ਸਰਕਾਰ ਤੇ ਰਾਜਪਾਲ ਦੋਹਾਂ ਨੂੰ ਕੁਝ ਆਤਮ ਚਿੰਤਨ (ਸੋਲ ਸਰਚਿੰਗ) ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹਾਂ। ਯਕੀਨੀ ਤੌਰ 'ਤੇ ਇਸ ਕਿਸਮ ਦੇ ਮਸਲੇ ਰਾਜਪਾਲ ਅਤੇ ਮੁੱਖ ਮੰਤਰੀ ਦੇ ਪੱਧਰ 'ਤੇ ਹੱਲ ਹੋ ਜਾਣੇ ਚਾਹੀਦੇ ਹਨ।

'ਆਪ' ਵੱਲੋਂ ਸੁਪਰੀਮ ਕੋਰਟ ਦਾ ਫੈਸਲਾ ਪਾਰਟੀ ਦੀ ਜਿੱਤ ਕਰਾਰ: ਇਧਰ ਆਮ ਆਦਮੀ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਆਪਣੇ ਇੱਕ ਬਿਆਨ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਪਾਰਟੀ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੰਵਿਧਾਨ ਸੂਬੇ 'ਤੇ ਰਾਜ ਕਰਨ ਦਾ ਅਧਿਕਾਰ ਰਾਜ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਦਿੰਦਾ ਹੈ, ਪਰ ਬਦਕਿਸਮਤੀ ਨਾਲ ਮੋਦੀ ਸਰਕਾਰ ਲਗਾਤਾਰ ਆਪਣੇ ਰਾਜਪਾਲਾਂ ਦੇ ਜ਼ਰੀਏ ਵਿਰੋਧੀ ਸ਼ਾਸਿਤ ਰਾਜਾਂ ਨੂੰ ਕੰਟਰੋਲ ਕਰਨ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਰਾਜਪਾਲਾਂ ਤੋਂ ਸਿਆਸੀ ਦਖਲਅੰਦਾਜ਼ੀ ਕਰਵਾ ਕੇ ਉਨ੍ਹਾਂ ਦੇ ਅਹੁਦੇ ਦੇ ਮਾਣ-ਤਾਣ ਨੂੰ ਠੇਸ ਪਹੁੰਚਾਈ ਹੈ।


Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing
252 Commonweal Dr, Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel



# ਪੰਜਾਬ ਮੰਗਦਾ ਜਵਾਬ

## ਦਰਦ ਪੰਜਾਬ ਦਾ

ਤਰਲੋਚਨ ਸਿੰਘ ਭੱਟੀ
ਪੀ. ਸੀ. ਐਸ. (ਸੇਵਾ ਮੁਕਤ)
ਫੋਨ: +91-9876502607



ਪੰਜਾਬ ਅਤੇ ਪੰਜਾਬੀਆ ਦੀ ਤ੍ਰਾਸਦੀ ਹੈ ਕਿ ਪੰਜਾਬੀਆਂ ਨੂੰ ਹਰ ਵੇਲੇ ਕਿਸੇ ਨਾ ਕਿਸੇ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ- ਇਹ ਚੁਣੌਤੀ ਭਾਵੇਂ ਕੁਦਰਤੀ ਕਰੋਪੀ ਦੀ ਦੇਣ ਹੋਵੇ ਜਾਂ ਮਾਨਵੀ ਵਰਤਾਰੇ ਦੀ। ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਲਈ ਸਮੇਂ ਦੀਆਂ ਸਰਕਾਰਾਂ ਆਪਣਾ ਆਪਣਾ ਬਿਰਤਾਂਤ ਸਿਰਜਦੀਆਂ ਰਹਿੰਦੀਆਂ ਹਨ। ਪੰਜਾਬ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਅਤੇ ਪੰਜਾਬ ਨੂੰ ਕੱਟੜ ਇਮਾਨਦਾਰ ਪ੍ਰਸ਼ਾਸਨ ਉਪਲੱਬਧ ਕਰਵਾਉਣ ਦੇ ਦਾਅਵੇ ਨਾਲ ਪੰਜਾਬੀਆਂ ਦਾ ਅਣਚਾਹਿਆ ਬੇਮਿਸਾਲ ਮਤਦਾਨ ਸਰਮਥਨ ਲੈ ਕੇ ਹੋਂਦ ਵਿੱਚ ਆਈ ਭਗਵੰਤ ਮਾਨ ਸਰਕਾਰ ਵੀ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਨਜਿੱਠਣ ਸਮੇਂ ਬਿਰਤਾਂਤ ਸਿਰਜਦੀ ਰਹੀ ਹੈ, ਜਿਸ ਨੂੰ ਉਹ ਸਵੈ-ਐਲਾਨੀਆਂ ਗਾਰੰਟੀਆਂ ਦੀ ਪੂਰਤੀ ਕਹਿ ਰਹੇ ਹਨ।

ਇਸੇ ਹੀ ਸੰਦਰਭ ਵਿੱਚ ਲੁਧਿਆਣਾ ਵਿਖੇ ਪਹਿਲੀ ਨਵੰਬਰ 2023 ਨੂੰ 'ਮੈਂ ਪੰਜਾਬ ਬੋਲਦਾ ਹਾਂ' ਬੈਨਰ ਹੇਠ ਪਬਲਿਕ ਡਿਬੇਟ ਦਾ ਆਯੋਜਿਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ, ਜੋ ਸਰਕਾਰ ਮੁਤਾਬਕ ਹੁਣ ਤੱਕ ਸੱਤਾ ਵਿੱਚ ਰਹੀਆਂ ਹਨ, ਆਪਣਾ ਪੱਖ ਰੱਖਣਗੀਆਂ ਕਿ ਪੰਜਾਬ ਵਿੱਚ ਲੰਮੇ ਸਮੇਂ ਤੋਂ ਚਲ ਰਹੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਉਨ੍ਹਾਂ ਦੀਆਂ ਸਰਕਾਰਾਂ ਨੇ ਹੱਲ ਕਿਉਂ ਨਹੀਂ ਕੀਤਾ? ਸੰਭਵ ਹੈ ਕਿ ਭਗਵੰਤ ਮਾਨ ਸਰਕਾਰ ਆਪਣੀ ਡੇਢ ਸਾਲ ਦੀ ਕਾਰਗੁਜ਼ਾਰੀ ਨੂੰ ਵੀ ਪੰਜਾਬ ਦੇ ਲੋਕਾਂ ਸਾਹਮਣੇ ਇੱਕ ਇਮਾਨਦਾਰ, ਜਵਾਬਦੇਹ ਅਤੇ ਪਾਰਦਰਸ਼ਤਾ ਭਰਪੂਰ ਸਪਸ਼ਟੀਕਰਨ ਵਜੋਂ ਪੇਸ਼ ਕਰੇਗੀ। ਪੰਜਾਬ ਦੇ ਲੋਕ ਇਸ ਡਿਬੇਟ ਵਿੱਚ ਬੋਲਣ ਵਾਲੀ ਹਰ ਸਿਆਸੀ ਧਿਰ ਪਾਸੋਂ ਚਾਹੁੰਦੇ ਹਨ ਕਿ ਐਸਾ ਬਿਰਤਾਂਤ ਨਾ ਸਿਰਜਣ ਜਿਸ ਨੂੰ ਲੋਕ ਪਹਿਲਾਂ ਹੀ ਦਰਕਿਨਾਰ ਕਰ ਚੁੱਕੇ ਹਨ।

ਪੰਜਾਬ ਸਦਾ ਹੀ ਬੋਲਦਾ ਰਿਹਾ ਹੈ, ਪਰ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਅਤੇ ਪੰਜਾਬੀਆਂ ਦੇ ਦਰਦ ਨੂੰ ਨਾ ਤਾਂ ਸੁਣਿਆ ਹੈ ਤੇ ਨਾ ਹੀ ਮਹਿਸੂਸ ਕੀਤਾ ਹੈ। ਭਾਰਤ-ਪਾਕਿਸਤਾਨ ਵੰਡ ਵੇਲੇ ਵੀ ਪੰਜਾਬ ਬੋਲਦਾ ਰਿਹਾ ਕਿ ਧਰਮ ਦੇ ਆਧਾਰ 'ਤੇ ਪੰਜਾਬ ਨੂੰ ਵੰਡਿਆ ਨਾ ਜਾਵੇ, ਪਰ ਇਸ ਦੇ ਬਾਵਜੂਦ ਸਮੇਂ ਦੇ ਹਾਕਮਾਂ ਨੇ ਆਪਣੀ ਸਿਆਸੀ ਪਾਰਟੀ ਦੇ ਏਜੰਡੇ ਮੁਤਾਬਕ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਅਤੇ ਧਾਰਮਿਕ ਜਨੂੰਨ ਦਾ ਐਸਾ ਭਿਆਨਕ ਮੰਜ਼ਰ ਸਿਰਜਿਆ, ਜਿਸ ਨਾਲ ਲੱਖਾਂ ਲੋਕ ਮਾਰੇ ਗਏ, ਇੱਕ ਪੰਜਾਬ ਤੋਂ ਦੂਜੇ ਪੰਜਾਬ ਵਿੱਚ ਪਰਵਾਸ ਕਰਨ ਲਈ ਮਜਬੂਰ ਹੋਏ, ਔਰਤਾਂ ਬੇਪੱਤ ਹੋਈਆਂ ਅਤੇ ਹੋਰ ਬੇਹਿਸਾਬ ਸੰਤਾਪ ਪੰਜਾਬ ਦੇ ਲੋਕਾਂ ਨੇ ਆਪਣੇ ਜਿਸਮ ਉਤੇ ਹੰਢਾਇਆ। ਪੰਜਾਬ ਮੰਗਦਾ ਜਵਾਬ ਕਿ ਉਹ ਪੰਜਾਬ ਕਿੱਥੇ ਗਿਆ, ਜਿਸ ਨੂੰ ਪੰਜਾਬੀ ਦੇ ਮਸ਼ਹੂਰ ਕਵੀਆਂ ਨੇ ਕਵਿਤਾਇਆ ਹੈ:

ਪੰਜਾਬ ਕਰਾਂ ਕੀ ਸਿਫ਼ਤ ਤਿਰੀ, ਸ਼ਾਨਾਂ ਦੇ ਸਭ ਸਮਾਨ ਤਿਰੇ,
ਜਲ-ਪੌਣ ਤਿਰਾ, ਹਿਰਔਣ ਤਿਰੀ, ਦਰਯਾ, ਪਰਬਤ ਮੈਦਾਨ ਤਿਰੇ।
ਕੁਦਰਤ ਪੰਘੂੜਾ ਘਰਿਆ ਸੀ, ਤੈਨੂੰ ਰਿਸ਼ੀਆਂ ਅਵਤਾਰਾਂ ਦਾ,
ਸੂਫ਼ੀਆਂ, ਸ਼ਹੀਦਾਂ, ਭਗਤਾਂ ਦਾ, ਬਲਬੀਰਾਂ, ਸਤੀਆ ਨਾਰਾਂ ਦਾ।
(ਧਨੀ ਰਾਮ ਚਾਤ੍ਰਿਕ)

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰੁ ਦੇ ਨਾਮ 'ਤੇ। (ਪ੍ਰੋ. ਪੂਰਨ ਸਿੰਘ)

ਪੰਜਾਬ ਦੀ ਤ੍ਰਾਸਦੀ ਹੈ ਕਿ ਹੁਕਮਰਾਨ ਅਤੇ ਹੋਰ ਸਿਆਸੀ ਪਾਰਟੀਆਂ ਪੰਜਾਬ ਤੇ ਪੰਜਾਬ ਦੇ ਲੋਕਾਂ ਪ੍ਰਤੀ ਵਫ਼ਾਦਾਰ ਨਹੀਂ ਹਨ। ਸਿਆਸੀ ਧਿਰਾਂ ਦਾ ਆਪਣਾ ਏਜੰਡਾ ਹੈ, ਜਿਸ ਅਨੁਸਾਰ ਉਹ ਲੋਕਾਂ ਵਿੱਚ ਵਿਚਰਦੀਆਂ ਹਨ, ਐਸੇ




ਬਿਰਤਾਂਤ ਘੜਦੀਆਂ ਹਨ ਅਤੇ ਐਸਾ ਕੂੜ ਪ੍ਰਚਾਰ ਕਰਦੀਆਂ ਹਨ ਕਿ ਪੰਜਾਬ ਦੇ ਲੋਕ ਉਨ੍ਹਾਂ ਦੇ ਮੁਰੀਦ ਬਣ ਜਾਂਦੇ ਹਨ। ਸਮੇਂ ਦੀਆਂ ਸਰਕਾਰਾਂ ਅਤੇ ਹਾਕਮਾਂ ਨੂੰ ਸਵਾਲ ਕਰਨੇ ਭੁੱਲ ਜਾਂਦੇ ਹਨ। ਇਹ ਵੀ ਇਕ ਤਲਖ ਹਕੀਕਤ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਅੱਜ ਕੱਲ੍ਹ ਕਾਰਪੋਰੇਟ ਘਰਾਣਿਆਂ ਵਾਂਗ ਵਿਚਰ ਰਹੀਆਂ ਹਨ। ਉਹ ਲੋਕਾਂ ਪ੍ਰਤੀ ਨਾ ਤਾਂ ਜਵਾਬਦੇਹ ਹਨ ਅਤੇ ਨਾ ਹੀ ਉਨ੍ਹਾਂ ਦੀ ਕਾਰਗੁਜ਼ਾਰੀ ਪਾਰਦਰਸ਼ੀ ਹੈ। ਸਿਆਸੀ ਪਾਰਟੀਆਂ ਦੇ ਵਤੀਰੇ ਅਤੇ ਬਿਰਤਾਤਾਂ ਦਾ ਵਿਸ਼ਲੇਸ਼ਣ ਕਰਨ ਵਾਲੀ ਰਾਸ਼ਟਰੀ ਪੱਧਰ ਦੀ ਗੈਰ-ਸਰਕਾਰੀ ਜਥੇਬੰਦੀ 'ਐਸੋਸੀਏਸ਼ਨ ਫ਼ਾਰ ਡੈਮੋਕਰੇਟਿਵ ਰਿਫਾਰਮਸ' ਨੇ ਸਮੇਂ ਸਮੇਂ ਆਪਣੀਆਂ ਰਿਪੋਰਟਾਂ ਜਾਰੀ ਕੀਤੀਆਂ ਹਨ।

ਰਿਪੋਰਟਾਂ ਵਿਚਲੇ ਤੱਥ ਤੇ ਅੰਕੜੇ ਦੱਸਦੇ ਹਨ ਕਿ ਸਾਰੀਆਂ ਸਿਆਸੀ ਪਾਰਟੀਆਂ ਕੁੱਲ ਖਰਚਿਆਂ ਦਾ 80% ਹਿੱਸਾ ਚੋਣ ਪ੍ਰਚਾਰ 'ਤੇ ਖਰਚਦੀਆਂ ਹਨ ਅਤੇ ਐਸਾ ਬਿਰਤਾਂਤ ਸਿਰਜਦੀਆਂ ਹਨ ਕਿ ਸਿਆਸੀ ਧਿਰਾਂ ਵੱਲੋਂ ਚੋਣਾਂ ਲੜ ਰਹੇ ਉਮੀਦਵਾਰਾਂ ਵਿਰੁੱਧ ਚਲ ਰਹੇ ਅਪਰਾਧਿਕ ਕੇਸਾਂ ਬਾਰੇ ਜਾਣਕਾਰੀ ਨੂੰ ਲੋਕਾਂ, ਖਾਸ ਤੌਰ 'ਤੇ ਵੋਟਰਾਂ ਤੱਕ ਪਹੁੰਚਣ ਨਹੀਂ ਦਿੰਦੇ। ਸਿੱਟੇ ਵਜੋਂ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਅਪਰਾਧਿਕ ਪਿਛੋਕੜ ਵਾਲੇ ਕਾਨੂੰਨਘਾੜਿਆਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ। ਸਿਆਸੀ ਧਿਰਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਚੋਣ ਲੜ ਰਹੇ ਉਮੀਦਵਾਰਾਂ ਵਿਰੁੱਧ ਅਦਾਲਤਾਂ ਵਿੱਚ ਕਿੰਨੇ ਅਪਰਾਧਿਕ ਕੇਸ ਚਲ ਰਹੇ ਹਨ। ਪੰਜਾਬ ਮੰਗਦਾ ਜਵਾਬ ਕਿ ਦਿਨੋ ਦਿਨ ਸਿਆਸਤ ਵਿੱਚ ਅਪਰਾਧੀ ਤੱਤ ਕਿਉਂ ਵੱਧ ਰਹੇ ਹਨ? ਵਿਰੋਧੀ ਅਤੇ ਸਿਆਸੀ ਪਾਰਟੀਆਂ ਨਾਲੋਂ ਵਧੇਰੇ ਮੌਜੂਦਾ ਹੁਕਮਰਾਨ ਪਾਰਟੀ ਪਾਸੋਂ ਪੰਜਾਬ ਮੰਗਦਾ ਜਵਾਬ:

ਰਾਜਿਆ ਰਾਜ ਕਰੇਂਦਿਆ, ਕਿਹਾ ਕੁ ਚੜਿਆ ਜੇਠ
ਸਿਰਾਂ 'ਤੇ ਕੋਈ ਆਕਾਸ਼ ਨਾ, ਜਿਮੀਂ ਨਾ ਪੈਰਾਂ ਹੇਠ।

ਰਾਜਿਆ ਰਾਜ ਕਰੇਂਦਿਆ, ਕਿਹਾ ਕੁ ਚੜਿਆ ਹਾੜ
ਵੇ ਐਵੇਂ ਮੂੰਹ ਦੀਆਂ ਗਿਣਤੀਆਂ, ਅੱਜ ਖੇਤ ਨੂੰ ਖਾਂਦੀ ਵਾੜ।
ਰਾਜਿਆ ਰਾਜ ਕਰੇਂਦਿਆਂ, ਕਿਹਾ ਕੁ ਚੜਿਆ ਸੌਣ
ਓਏ ਆਪ ਬੁਲਾਈਆਂ ਹੋਣੀਆ, ਤੇ ਅੱਜ ਰੋਕਣ ਵਾਲਾ ਕੌਣ।
(ਅੰਮ੍ਰਿਤਾ ਪ੍ਰੀਤਮ)

ਪੰਜਾਬ ਦੀ ਇਹ ਵੀ ਤ੍ਰਾਸਦੀ ਹੈ ਕਿ ਪੰਜਾਬ ਦੇ ਲੋਕ ਆਪਣੇ ਗੁਰੂਆਂ ਦੇ ਫ਼ਲਸਫੇ 'ਕਿਰਤ ਕਰਨੀ, ਵੰਡ ਛੱਕਣਾ, ਨਾਮ ਜਪਣਾ, ਚੜ੍ਹਦੀ ਕਲਾ ਵਿੱਚ ਰਹਿਣਾ ਅਤੇ ਸਰਬਤ ਦਾ ਭਲਾ ਮੰਨਣਾ' ਨੂੰ ਭੁੱਲਦੇ ਜਾ ਰਹੇ ਹਨ, ਵਰਨਾ ਹਾਕਮ ਸਿਆਸੀ ਪਾਰਟੀ ਕਥਿਤ ਤੌਰ 'ਤੇ ਮੁਫ਼ਤ ਦਿੱਤੀ ਜਾਂਦੀ ਬਿਜਲੀ, ਆਟਾ ਦਾਲ ਅਤੇ ਹੋਰ ਸਹੂਲਤਾਂ ਨੂੰ ਲੈਣ ਤੋਂ ਨਾਂਹ ਕਰ ਦਿੰਦੇ ਤੇ ਸਿਆਸੀ ਪਾਰਟੀਆਂ ਦੇ ਅੰਧਭਗਤ ਨਾ ਬਣਦੇ। ਸਿਆਸੀ ਪਾਰਟੀਆਂ ਨੇ ਪੰਜਾਬੀਆਂ ਦੀ ਜੀਵਨ-ਸ਼ੈਲੀ ਹੀ ਬਦਲ ਕੇ ਉਨ੍ਹਾਂ ਨੂੰ ਵਿਹਲੇ ਰਹਿਣਾ, ਨਸ਼ਿਆਂ ਦਾ ਸੇਵਨ ਕਰਨਾ, ਸਿਆਸੀ ਅਤੇ ਧਾਰਮਿਕ ਲੀਡਰਾਂ ਨੂੰ ਆਪਣਾ ਰਹਿਬਰ ਅਤੇ ਰੋਲ ਮਾਡਲ ਮੰਨਣ ਲਈ ਮਜਬੂਰ ਕੀਤਾ ਹੈ।

ਜਿੱਥੋਂ ਤੱਕ ਪੰਜਾਬ ਦੇ ਭਖਦੇ ਮਸਲਿਆਂ- ਵੱਧ ਰਹੀ ਬੇਰੁਜ਼ਗਾਰੀ, ਪ੍ਰਦੂਸ਼ਣ, ਰਿਸ਼ਵਤਖੋਰੀ, ਧਰਨਾਖੋਰੀ ਆਦਿ ਦਾ ਸਬੰਧ ਹੈ, ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਬਾਰੇ ਪਤਾ ਹੈ। ਪਰ ਇਨ੍ਹਾਂ ਮਸਲਿਆਂ ਨੂੰ ਸੁਲਝਾਉਣ ਵਿੱਚ ਨਾ-ਕਾਮਯਾਬ ਰਹਿਣ ਲਈ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਜਿੱਥੇ ਸਿਆਸੀ ਪਾਰਟੀਆਂ ਪਾਸੋਂ ਪੰਜਾਬ ਮੰਗਦਾ ਜਵਾਬ ਉਥੇ ਪੰਜਾਬ ਦੇ ਲੋਕਾਂ ਅਤੇ ਖਾਸ ਤੌਰ 'ਤੇ ਪੰਜਾਬ ਦੇ ਵੋਟਰਾਂ ਪਾਸੋਂ ਵੀ ਪੰਜਾਬ ਜਵਾਬ ਮੰਗਦਾ ਹੈ ਕਿ ਉਨ੍ਹਾਂ ਦੇ ਮਤਦਾਨ ਨਾਲ ਬਣੀਆਂ ਸਰਕਾਰਾਂ ਉਨ੍ਹਾਂ ਤੋਂ ਬੇਮੁੱਖ ਕਿਉਂ ਹਨ? ਪੰਜਾਬ ਦੇ ਵੋਟਰਾਂ ਨੂੰ ਵੀ ਆਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ।

ਆਪਣੇ ਹਲਕੇ ਦੇ ਵਿਧਾਇਕਾਂ ਪਾਸੋਂ ਇਹ ਸਵਾਲ ਪੁੱਛਣ ਦੀ ਲੋੜ ਹੈ ਕਿ ਵਿਧਾਨ ਸਭਾ ਦੇ ਸ਼ੈਸ਼ਨ ਦੌਰਾਨ ਉਹ ਵਿਧਾਨ ਸਭਾ ਵਿੱਚ ਕਿੰਨੇ ਦਿਨ ਹਾਜ਼ਰ ਰਹੇ, ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸਰਕਾਰ ਪਾਸੋਂ ਕਿੰਨੇ ਸਵਾਲ ਪੁੱਛੇ, ਵਿਧਾਨ ਸਭਾ ਕਮੇਟੀਆਂ ਦੀਆਂ ਕਿੰਨੀਆਂ ਮੀਟਿੰਗਾਂ ਵਿੱਚ ਹਾਜ਼ਰ ਰਹੇ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੁਲਾਈਆਂ ਕਿੰਨੀਆਂ ਮੀਟਿੰਗਾਂ ਵਿੱਚ ਉਹ ਨਿੱਜੀ ਤੌਰ 'ਤੇ ਸ਼ਾਮਲ ਹੋਏ, ਆਪਣੇ ਹਲਕੇ ਦੇ ਕਿੰਨੇ ਬੇਰੁਜ਼ਗਾਰ ਲੋਕਾਂ ਨੂੰ ਸਰਕਾਰੀ, ਅਰਧ-ਸਰਕਾਰੀ ਤੇ ਗੈਰ-ਸਰਕਾਰੀ ਖੇਤਰ ਵਿੱਚ ਰੁਜ਼ਗਾਰ ਦਿਵਾਇਆ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਦੀ ਮਦਦ ਨਾਲ ਕਿੰਨੇ ਨਾਜਾਇਜ਼ ਕਬਜੇ ਹਟਾਏ, ਕਿੰਨੇ ਮੁਜ਼ਰਮਾਂ ਵਿਰੁੱਧ ਕੇਸ ਦਰਜ ਕਰਾਉਣ ਦੀ ਸਿਫਾਰਿਸ਼ ਕੀਤੀ, ਵਾਤਾਵਰਣ ਅਤੇ ਜਲ ਸਰੋਤਾਂ ਦੀ ਸੰਭਾਲ ਲਈ ਕਿੰਨੇ ਕਾਰਜ ਚਾਲੂ ਕੀਤੇ, ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਗੁਣਵਤਾ ਅਤੇ ਹੰਢਣਸਾਰਤਾ ਸਬੰਧੀ ਕਿੰਨੀਆਂ ਪੜਤਾਲਾਂ ਕੀਤੀਆਂ, ਸਰਕਾਰੀ ਖਜ਼ਾਨੇ ਵਿੱਚੋਂ ਤਨਖਾਹ, ਭੱਤੇ, ਮੈਡੀਕਲ ਬਿੱਲ ਆਦਿ ਕਿੰਨੀ ਰਾਸ਼ੀ ਪ੍ਰਾਪਤ ਕੀਤੀ, ਕਿੰਨਾ ਆਮਦਨ ਟੈਕਸ ਜਮ੍ਹਾਂ ਕਰਵਾਇਆ, ਲਏ ਗਏ ਸਰਕਾਰੀ/ਬੈਂਕ ਕਰਜ਼ੇ ਦੀ ਕਿੰਨੀ ਰਾਸ਼ੀ ਵਾਪਸ ਜਮ੍ਹਾਂ ਕਰਵਾਈ? ਵਗੈਰਾ ਵਗੈਰਾ। 'ਪੰਜਾਬ ਮੰਗਦਾ ਜਵਾਬ' ਮੁਹਿੰਮ ਤਦੇ ਹੀ ਸਫ਼ਲ ਹੋਵੇਗੀ, ਜੇ ਪੰਜਾਬ ਦੇ ਨਾਗਰਿਕ ਅਤੇ ਵੋਟਰ ਆਪਣੇ ਹਲਕੇ ਦੇ ਵਿਧਾਇਕ ਪਾਸੋਂ ਹਰ ਮਹੀਨੇ ਐਸੇ ਸਵਾਲ ਪੁੱਛਣਗੇ। ਕਿਸੇ ਸ਼ਾਇਰ ਨੇ ਦਰੁੱਸਤ ਲਿਖਿਆ ਹੈ:

ਸਮੇਂ ਨਾਲ ਬਦਲੋਗੇ ਤਾਂ ਮੌਸਮ ਬਣੋਗੇ
ਅਗਰ ਚੁੱਪ ਰਹੋਗੇ ਤਾਂ ਮਾਤਮ ਬਣੋਗੇ।

# ਪਹਿਲੀ ਨਵੰਬਰ ਤੇ ਪੰਜਾਬ



ਇੰਦਰਜੀਤ ਚੁਗਾਵਾਂ

ਪਹਿਲੀ ਨਵੰਬਰ ਦਾ ਦਿਨ ਸਾਡੇ, ਪੰਜਾਬੀਆਂ ਲਈ ਖ਼ਾਸ ਹੈ। ਇਸ ਦਿਨ 1966 'ਚ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਹੋਇਆ ਸੀ। ਉਦੋਂ ਤੋਂ ਇਹ ਦਿਨ ਪੰਜਾਬ ਦਿਵਸ ਦੇ ਨਾਂ ਨਾਲ ਮਨਾਇਆ ਜਾਂਦੈ।

ਇਹ ਪ੍ਰਾਪਤੀ ਸੀ ਜਾਂ ਨਹੀਂ, ਇਸ ਬਾਰੇ ਫ਼ੈਸਲਾ ਖੁਦ ਕਰੋ, ਇਸ ਗੱਲ ਦੇ ਮੱਦੇਨਜ਼ਰ ਕਿ ਪੰਜਾਬੀ ਬੋਲਦੇ ਇਲਾਕਿਆਂ ਤੇ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਰੇੜਕਾ ਅਜੇ ਤੱਕ ਚੱਲ ਰਿਹੈ।

ਪਹਿਲੀ ਨਵੰਬਰ ਦਾ ਦਿਨ 1984 'ਚ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ, ਕਿਉਂਕਿ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਉਸ ਦੇ ਦੋ ਅੰਗ ਰੱਖਿਅਕਾਂ ਨੇ ਕਰ ਦਿੱਤਾ ਸੀ ਤੇ ਦੋਵੇਂ ਸਿੱਖ ਸਨ। ਦੋ ਬੰਦਿਆਂ ਵੱਲੋਂ ਕੀਤੇ ਇਸ ਕਤਲ ਲਈ ਪੂਰੇ ਸਿੱਖ ਭਾਈਚਾਰੇ ਨੂੰ ਦੋਸ਼ੀ ਐਲਾਨ ਕੇ ਗਲ਼ਾਂ 'ਚ ਟਾਇਰ ਪਾ ਜਿਊਂਦੇ ਸਾੜਿਆ ਗਿਆ। ਇਸ ਕੁਕਰਮ ਦੇ ਦੋਸ਼ੀਆਂ ਨੂੰ ਅਜੇ ਤੱਕ ਅਦਾਲਤ ਇਨਸਾਫ ਨਹੀਂ ਦੇ ਸਕੀ।

ਇਸ ਮਸਲੇ ਨੂੰ ਲੈ ਕੇ ਪੰਜਾਬ 'ਚ ਸੱਤਾ ਸੁੱਖ ਮਾਣਨ ਵਾਲਿਆਂ ਨੇ ਸੱਤਾ 'ਚ ਰਹਿੰਦਿਆਂ ਇਸ ਸਮੱਸਿਆ ਨੂੰ ਭੁਲਾਈ ਰੱਖਿਆ ਤੇ ਸੱਤਾ ਤੋਂ ਲਾਂਭੇ ਹੁੰਦਿਆਂ ਉਨ੍ਹਾਂ ਨੂੰ ਜੋਧਪੁਰ ਦੇ ਕੈਦੀਆਂ ਦੀ ਰਿਹਾਈ ਤੇ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਮਾਮਲੇ ਅਕਸਰ ਯਾਦ ਆਉਂਦੇ ਹਨ; ਤੇ ਅਸੀਂ ਤਮਾਸ਼ਬੀਨ ਬਣ ਦੇਖਦੇ ਰਹਿੰਦੇ ਹਾਂ। ਸੋਚਦੇ ਅਸੀਂ ਬਿਲਕੁੱਲ ਨਹੀਂ, ਕਿਉਂਕਿ ਅਸੀਂ ਪੜ੍ਹਨਾ-ਵਿਚਾਰਨਾ-ਸਵਾਲ ਕਰਨਾ ਤਿਆਗ ਦਿੱਤੈ। ਸਾਨੂੰ ਸੱਤਾਭੋਗੀਆਂ ਨੇ ਮੁਫਤਖੋਰੇ ਬਣਾ ਛੱਡਿਐ ਤੇ ਅਸੀਂ ਏਸੇ 'ਚ ਖੁਸ਼ ਹਾਂ...।

ਇਹ ਦਿਨ ਜਲੰਧਰ ਸਥਿੱਤ ਦੇਸ਼ ਭਗਤ ਯਾਦਗਾਰ ਕੰਪਲੈਕਸ 'ਚ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਜਿਊਂਦਾ ਰੱਖਣ ਲਈ ਲੱਗਣ ਵਾਲੇ ਮੇਲੇ ਦਾ ਆਖਰੀ ਦਿਨ ਹੁੰਦਾ ਹੈ। ਇਹ ਮੇਲਾ ਜਿੱਥੇ ਗ਼ਦਰੀ ਬਾਬਿਆਂ ਦੀ ਯਾਦ ਨੂੰ ਮੁੜ ਤਰੋ-ਤਾਜ਼ਾ ਕਰਦਾ ਹੈ, ਓਥੇ ਪੰਜਾਬੀਆਂ 'ਚ ਕਿਤਾਬ




ਸੱਭਿਆਚਾਰ ਨਾਲ ਜੁੜਨ ਦੀ ਚਿਣਗ ਵੀ ਜਗਾਉਂਦਾ ਹੈ।

ਇਸ ਵਾਰ ਇਸ ਦਿਨ ਨਾਲ ਇੱਕ ਹੋਰ ਕਾਂਡ ਜੁੜ ਗਿਆ ਹੈ। 'ਨਵੇਂ ਬਦਲਾਅ' ਦੇ ਨਾਅਰੇ ਨਾਲ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ "ਮੈਂ ਪੰਜਾਬ ਬੋਲਦਾ ਹਾਂ" ਦੇ ਨਾਂ ਹੇਠ ਸਿਆਸੀ ਪਾਰਟੀਆਂ ਨੂੰ ਬਹਿਸ ਲਈ ਸੱਦਾ ਦਿੱਤਾ ਸੀ, ਪਰ ਜਿਨ੍ਹਾਂ ਨੂੰ ਸੱਦਾ ਦਿੱਤਾ ਸੀ, ਉਨ੍ਹਾਂ 'ਚੋਂ ਕੋਈ ਨਹੀਂ ਆਇਆ ਤੇ ਜਿਹੜੇ ਸੰਜੀਦਾ ਲੋਕ ਅੰਦਰ ਜਾਣਾ ਚਾਹੁੰਦੇ ਸਨ, ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਸੋਸ਼ਲ ਮੀਡੀਆ 'ਤੇ ਪੋਸਟਾਂ ਦੀ ਭਰਮਾਰ ਹੈ ਕਿ "ਅੰਦਰ ਤਾਂ ਇਕੱਲਾ ਭਗਵੰਤ ਮਾਨ ਬੋਲ ਰਿਹਾ, ਪੰਜਾਬ ਤਾਂ ਬਾਹਰ ਬੋਲ ਰਿਹਾ।" ਨੋਟ ਕਰਨ ਵਾਲੀ ਗੱਲ ਹੈ ਕਿ ਬਹਿਸ ਲਈ ਕਿਸੇ ਵੀ ਪਾਰਟੀ ਨੂੰ ਕੋਈ ਲਿਖਤੀ ਸੱਦਾ ਪੱਤਰ, ਕੋਈ ਏਜੰਡਾ ਨਹੀਂ ਭੇਜਿਆ ਗਿਆ। ਜਿਨ੍ਹਾਂ ਨੂੰ ਥਾਪੀਆਂ ਮਾਰ-ਮਾਰ ਭਗਵੰਤ ਮਾਨ ਚੁਣੌਤੀ ਦੇ ਰਿਹਾ ਸੀ, ਬਿਨਾ ਸ਼ੱਕ ਉਹ ਕਸੂਰਵਾਰ ਹਨ, ਪਰ ਉਨ੍ਹਾਂ ਨੂੰ ਸੱਦਾ ਦੇਣ ਦਾ ਸੁਚਾਰੂ ਸਲੀਕਾ ਨਾ ਅਪਨਾ ਕੇ ਇਸ "ਬਹਿਸ" ਤੋਂ ਕਿਨਾਰਾ ਕਰਨ ਦਾ ਵਧੀਆ ਮੌਕਾ ਭਗਵੰਤ ਮਾਨ ਨੇ ਖੁਦ ਦਿੱਤੈ।

ਸਰਕਾਰ ਚਲਾਉਣ ਤੇ ਸਟੇਜ ਚਲਾਉਣ 'ਚ ਕੋਹਾਂ ਦਾ ਫ਼ਰਕ ਹੁੰਦੈ। ਸਟੇਜ ਚਲਾਉਣ ਲਈ ਤਾੜੀਆਂ ਜ਼ਰੂਰੀ ਹਨ ਤੇ ਸਰਕਾਰ ਚਲਾਉਣ ਲਈ ਦਾਨਿਸ਼ਮੰਦੀ! ਉਹ ਜਦ ਵੀ ਕਿਸੇ ਸਟੇਜ ਤੋਂ ਬੋਲਦੈ, ਮੁੱਖ ਮੰਤਰੀ ਘੱਟ, ਮਸਖਰਾ ਜ਼ਿਆਦਾ ਲਗਦੈ। ਭਗਵੰਤ ਮਾਨ ਨੂੰ ਸਮਝ ਹੀ ਨਹੀਂ ਹੈ ਕਿ ਮਸਲਾ ਪੰਜਾਬ ਨਾਲ ਹੋ ਰਹੀ ਵਧੀਕੀ ਦਾ ਹੈ, ਪੰਜਾਬ ਵੱਲੋਂ ਕੀਤੀ ਜਾ ਰਹੀ ਵਧੀਕੀ ਦਾ ਨਹੀਂ। ਇਹ ਮੁੱਦਾ ਪੂਰੇ ਦੇਸ਼ ਅੱਗੇ ਰੱਖਣ ਦੀ ਲੋੜ ਹੈ ਕਿ ਭਾਈ, ਸਾਡਾ ਸੱਤਰ ਫੀਸਦੀ ਪਾਣੀ ਤਾਂ ਪਹਿਲਾਂ ਈ ਖੋਹ ਲਿਆ ਗਿਐ ਤੇ ਸਾਡੇ ਪੱਲੇ ਦੁਆਨੀ ਨਹੀਂ ਪਾਈ ਗਈ, ਅਸੀਂ ਹੋਰ ਪਾਣੀ ਕਿੱਥੋਂ ਦੇ ਦੇਈਏ। ...ਤੇ ਮਸਲਾ ਇਹ ਵੀ ਹੈ ਕਿ ਪੰਜਾਬ ਦੀਆਂ ਨਹਿਰਾਂ, ਸੂਏ, ਕੱਸੀਆਂ 'ਤੇ ਨਾਜਾਇਜ਼ ਕਬਜ਼ੇ ਹਟਾ ਕੇ ਸੂਬੇ ਦੇ ਸਿੰਚਾਈ ਪ੍ਰਬੰਧ ਨੂੰ ਮੁੜ ਪੈਰਾਂ ਸਿਰ ਕੀਤਾ ਜਾਵੇ ਤਾਂ ਕਿ ਪੰਜਾਬ ਆਪਣੇ ਹਿੱਸੇ ਆਏ ਪਾਣੀ ਨੂੰ ਸਹੀ ਢੰਗ ਨਾਲ ਵਰਤ ਸਕੇ। ਇਸ ਗੱਲ ਤੋਂ ਅੱਖਾਂ ਕਿਉਂ ਮੀਟੀਏ ਕਿ ਅਸੀਂ ਪਾਣੀ ਦੇ ਆਪਣੇ ਮੌਜੂਦਾ ਹਿੱਸੇ ਨੂੰ ਵੀ ਪੂਰੀ ਤਰ੍ਹਾਂ ਵਰਤ ਨਹੀਂ ਪਾ ਰਹੇ।

ਮਸਲਾ ਪੰਜਾਬ ਦੇ ਪਿੰਡ ਉਜਾੜ ਕੇ ਬਣਾਏ ਚੰਡੀਗੜ੍ਹ ਦਾ ਹੈ। ਇਸ ਮਸਲੇ ਨੂੰ ਇਮਾਨਦਾਰੀ ਨਾਲ ਹੱਲ ਕਰਨ ਲਈ ਕਿਸੇ ਵੀ ਸੱਤਾਧਾਰੀ ਜਾਂ ਸੱਤਾ ਦੀ ਚਾਹਵਾਨ ਧਿਰ ਨੇ ਕਦੇ ਵੀ ਕੋਸ਼ਿਸ਼ ਨਹੀਂ ਕੀਤੀ।

ਇਹ ਮਸਲੇ ਸਿਰ ਜੋੜ ਕੇ ਬੈਠਣ ਦੇ ਹਨ, ਨਾਕਿ ਇਹ ਚੁਣੌਤੀ ਦੇਣ ਦੇ ਕਿ "ਤਿਆਰੀ ਕਰ ਕੇ ਆਇਓ!"

ਜਦ ਸਿਰ 'ਤੇ ਆਣ ਪਵੇ ਤਾਂ ਉਸ ਵੇਲੇ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚੱਲਣਾ ਈ ਸਹੀ ਸਮਝਦਾਰੀ ਹੁੰਦੀ ਐ। ਵਿਰੋਧੀਆਂ ਨੂੰ ਅਪੀਲ ਕਰਨੀ ਬਣਦੀ ਐ ਕਿ ਆਪਣੇ ਆਪਸੀ ਮਸਲੇ ਫੇਰ ਦੇਖ ਲਵਾਂਗੇ! ਹੁਣ ਪੰਜਾਬ 'ਤੇ ਬਣ ਆਈ ਐ, ਆਓ ਇਕੱਠੇ ਹੋ ਕੇ ਮੋਰਚਾ ਸੰਭਾਲੀਏ! ਕਿਸਾਨ ਮੋਰਚੇ ਨੂੰ ਕੋਈ ਬਹੁਤੀ ਦੇਰ ਨਹੀਂ ਹੋਈ। ਉਹ ਮੋਰਚਾ ਅਨੇਕਾਂ ਭੜਕਾਹਟਾਂ ਦੇ ਬਾਵਜੂਦ ਲੀਡਰਸ਼ਿੱਪ ਨੇ ਅਜਿਹੀ ਸਮਝਦਾਰੀ ਨਾਲ ਸੰਭਾਲਿਆ ਕਿ ਪੂਰੀ ਦੁਨੀਆ 'ਚ ਇਤਿਹਾਸ ਸਿਰਜ ਕੇ ਰੱਖ ਦਿੱਤੈ।

ਪਹਿਲਾਂ ਅਸੀਂ ਇਹ ਗੱਲ ਕਹਿੰਦੇ ਸੀ ਕਿ ਦਿੱਲੀ ਪੰਜਾਬ ਨਾਲ ਵਫ਼ਾ ਨਹੀਂ ਕਮਾ ਰਹੀ, ਪਰ ਹੁਣ ਭਗਵੰਤ ਨੇ ਚੰਡੀਗੜ੍ਹ ਨੂੰ ਵੀ ਇਸੇ ਕਤਾਰ 'ਚ ਲਿਆ ਖੜ੍ਹਾ ਕੀਤੈ। ਆਪਣਿਆਂ ਵੱਲੋਂ ਦਗ਼ਾ ਕਮਾਉਣ ਦੀ ਖੇਡ ਸਾਡੇ ਲਈ ਕੋਈ ਨਵੀਂ ਗੱਲ ਨਹੀਂ।

ਕਸੂਰ ਸਾਡਾ ਈ ਐ ਕਿ ਅਸੀਂ ਭਰੋਸਾ ਬਿਨ ਸੋਚੇ ਸਮਝੇ, ਅੱਖਾਂ ਮੀਟ ਕੇ ਕਰ ਲੈਂਦੇ ਆਂ। ਪੰਜਾਬ 'ਤੇ ਬਹੁਤ ਔਖ਼ੀਆਂ ਆਈਆਂ ਹਨ ਤੇ ਇਹ ਹਮੇਸ਼ਾ ਉਭਰਦਾ ਰਿਹੈ। ਇਸ ਨੇ "ਉਤਰ ਕਾਟੋ ਮੈਂ ਚੜ੍ਹਾਂ" ਦੀ ਖੇਡ ਖੇਡਣ ਵਾਲਿਆਂ ਨੂੰ ਵਗਾਹ ਕੇ ਪਰ੍ਹੇ ਮਾਰਿਐ ਤੇ ਹੁਣ ਵਾਰੀ "ਨੌਟੰਕੀਬਾਜਾਂ" ਦੀ ਹੈ।

ਚੋਣ-ਚਰਚਾ

# ਹਿੰਦੀ ਪੱਟੀ ਦੀ ਉਥਲ-ਪੁਥਲ ਨਿਰਧਾਰਤ ਕਰੇਗੀ 2024 ਦੀਆਂ ਆਮ ਚੋਣਾਂ ਦੇ ਨਤੀਜੇ

## ਪਛੜੇ ਵਰਗਾਂ ‘ਤੇ ਹੋਵੇਗੀ ਸਾਰੀਆਂ ਪਾਰਟੀਆਂ ਦੀ ਨਜ਼ਰ

**ਕਪਿਲ ਸਿੱਬਲ**

ਅਗਾਮੀ ਚੋਣਾਂ ਦਾ ਊਠ ਕਿਸ ਕਰਵਟ ਬੈਠੇਗਾ, ਇਸ ਦਾ ਨਿਤਾਰਾ ਹਿੰਦੀ ਪੱਟੀ ਕਰੇਗੀ। ਇਸ ਖੇਤਰ ਵਿੱਚ ਲੋਕ ਸਭਾ ਦੀਆਂ 225 ਸੀਟਾਂ ਹਨ। ਜੋ ਕੁੱਲ ਸੰਸਦੀ ਸੀਟਾਂ ਦਾ 40 ਫੀਸਦੀ ਹਨ। ਸਾਲ 2014 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਇਸ ਖੇਤਰ ਵਿੱਚੋਂ 190 ਸੀਟਾਂ ਮਿਲੀਆਂ ਸਨ। ਜਦਕਿ 2019 ਵਿੱਚ 177 ਸੀਟਾਂ ਉਸ ਦੇ ਖਾਤੇ ਗਈਆਂ। ਵਿਰੋਧੀ ਮੋਰਚਾ ‘ਇੰਡੀਆ’ ਜਦ ਤੱਕ ਇਸ ਖਿਤੇ ਦੀਆਂ ਵੋਟਾਂ ਵਿੱਚ ਸੰਨ੍ਹ ਨਹੀਂ ਲਾਉਂਦਾ, ਉਦੋਂ ਤੱਕ ਭਾਜਪਾ ਨੂੰ ਕੇਂਦਰੀ ਸੱਤਾ ਤੋਂ ਹਟਾਉਣ ਦੀਆਂ ਸੰਭਾਵਨਾਵਾਂ ਬਹੁਤ ਕਮਜ਼ੋਰ ਹੋਣਗੀਆਂ।

ਹਾਲਾਂਕਿ ਅਜਿਹਾ ਨਹੀਂ ਕਿ ਭਾਜਪਾ ਅਜੇਤੂ ਹੈ। ਘੱਟੋ-ਘੱਟ ਤਿੰਨ ਅਜਿਹੇ ਕਾਰਨ ਹਨ, ਜੋ ਹਿੰਦੀ ਖੇਤਰ ਵਿੱਚ ਭਾਜਪਾ ਦੀਆਂ ਮੁਸ਼ਕਿਲਾਂ ਵਧਾ ਸਕਦੇ ਹਨ ਅਤੇ ਉਸ ਦਾ ਜੇਤੂ ਰੱਥ ਰੋਕ ਸਕਦੇ ਹਨ। ਪਹਿਲਾ ਕਾਰਨ ਤਾਂ ਇੱਕ ਵੱਡੇ ਵਰਗ ਵਿੱਚ ਹੋ ਰਿਹਾ ਇਹ ਅਹਿਸਾਸ ਹੈ ਕਿ ਮੋਦੀ ਸਰਕਾਰ ਦੇ ਦੋ ਕਾਰਜਕਾਲਾਂ ਵਿੱਚ ਗਰੀਬਾਂ ਦੇ ਜੀਵਨ ਪੱਧਰ ਵਿੱਚ ਕੋਈ ਸੁਧਾਰ ਨਹੀਂ ਹੋਇਆ। ਮੋਦੀ ਸਰਕਾਰ ਦੀਆਂ ਦੋ ਪਾਰੀਆਂ ਵਿੱਚ ਕੀਤੇ ਗਏ ਵਾਅਦੇ ਵਫਾ ਨਹੀਂ ਹੋਏ। ਖੁਰਾਕੀ ਤੇਲ, ਸਬਜੀਆਂ, ਦੁੱਧ ਅਤੇ ਰਸੋਈ ਗੈਸ ਆਦਿ ਜਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਆਈ ਤੇਜ਼ੀ ਨੇ ਆਮ ਆਦਮੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਲੋਕਾਂ ਦੀ ਖਰਚ ਕਰਨ ਦੀ ਸ਼ਕਤੀ ਘਟੀ ਹੈ। ਇਸ ਨਾਲ ਭਾਜਪਾ ਦੇ ਅਕਸ ਨੂੰ ਬਹੁਤ ਢਾਹ ਲੱਗੀ ਹੈ। ਟਰੇਡ ਯੂਨੀਅਨਾਂ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਨੇ ਦਿੱਲੀ ਵਿੱਚ ਵਿਆਪਕ ਪੱਧਰ ‘ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਹ ਗੱਲ ਵੱਖਰੀ ਹੈ ਕਿ ਗੋਦੀ ਮੀਡੀਆ ਨੇ ਇਸ ਵਿਸ਼ਾਲ ਪ੍ਰਦਰਸ਼ਨ ਨੂੰ ਵਿਖਾਇਆ ਨਹੀਂ ਹੈ।

ਬੇਰੁਜ਼ਗਾਰੀ ਵੀ ਇੱਕ ਵੱਡਾ ਮੁੱਦਾ ਹੈ। ਦੇਸ਼ ਦੇ 21 ਤੋਂ 29 ਸਾਲ ਦੀ ਉਮਰ ਦੇ ਨੌਜਵਾਨ ਮੁੰਡੇ ਕੁੜੀਆਂ ਵਿੱਚ ਬੇਰੁਜ਼ਗਾਰੀ ਦੀ ਦਰ ਲੱਗਪਗ 29% ਹੈ। ਇਹ ਪਹਿਲੂ ਆਮ ਚੋਣਾਂ ਦੇ ਨਤੀਜਿਆਂ ‘ਤੇ ਅਸਰ ਪਾਉਣਗੇ। ਦੂਜਾ ਕਾਰਨ ਲੋਕਾਂ ਦਾ ਗੋਦੀ ਮੀਡੀਆ ਦੇ ਉਸ ਰਵੱਈਏ ਤੋਂ ਅੱਕ ਜਾਣਾ ਵੀ ਹੈ। ਜਿਸ ਵਿੱਚ ਪੂਰੀ ਕਵਰੇਜ਼ ਇੱਕ ਜਾਂ ਦੋ ਵਿਅਕਤੀਆਂ ਦੇ ਇਰਦ-ਗਿਰਦ ਹੁੰਦੀ ਹੈ। ਇਸ ਹੱਦ ਦਰਜੇ ਦੀ ਆਤਮ ਮੁਗਧਤਾ ਅਤੇ ਇਨ੍ਹਾਂ ਲੋਕਾਂ ਦੇ ਗਿਣੇ-ਮਿਥੇ ਚਿਤਰਨ ਨੇ ਲੋਕਾਂ ਨੂੰ ਮੁੱਖ ਧਾਰਾ ਦੇ ਮੀਡੀਆ ਤੋਂ ਦੂਰ ਕਰ ਦਿੱਤਾ ਹੈ। ਲੋਕ ਇੰਟਰਨੈਟ ਮੀਡੀਆ ਪਲੇਟਫਾਰਮ ਵੱਲ ਰੁਖ ਕਰ ਰਹੇ ਹਨ, ਜਿੱਥੇ ਮੋਦੀ ਸਰਕਾਰ ਦਾ ਮੁੱਖ ਧਾਰਾ ਮੀਡੀਆ ਵਾਂਗੂ ‘ਮਹਿਮਾ ਗਾਣ’ ਨਹੀਂ ਕੀਤਾ ਜਾਂਦਾ।

ਇੰਟਰਨੈਟ ਮੀਡੀਆ ਪਲੇਟਫਾਰਮ ‘ਤੇ ਸਰਕਾਰ ਦਾ ਫਿਲਹਾਲ ਨਿਯੰਤਰਣ ਨਹੀਂ ਹੈ। ਆਵਾਮ ਦਾ ਇਸ ਵੱਲ ਖਿੱਚੇ ਜਾਣਾ ਸੁਭਾਵਕ ਵਰਤਾਰਾ ਹੈ। ਇਸ ਲਿਹਾਜ ਨਾਲ ਐਕਸ(ਟਵਿੱਟਰ) ਅਤੇ ਹੋਰ ਇੰਟਰਨੈਟ ਮੀਡੀਆ ਮੰਚਾਂ ‘ਤੇ ਵਧਦੀ ਸਰਗਰਮੀ ਨਾ ਸਿਰਫ ਲੋਕਾਂ ਦੇ ਅੱਕਣ ਬਲਕਿ ਇੱਕ ਬਦਲਵੇਂ ਦ੍ਰਿਸ਼ਟੀਕੋਣ ਦੇ ਉਭਰਨ ਦਾ ਵੀ ਸੰਕੇਤ ਹੈ। ਇਹ ਨਜ਼ਰੀਏ ਵੀ ਹੁਣ ਤੇਜ਼ੀ ਨਾਲ ਜਗ੍ਹਾ ਬਣਾ ਰਹੇ ਹਨ, ਜੋ ਵਰਤਮਾਨ ਸਾਸ਼ਨ ਪ੍ਰਤੀ ਬਦਲਦੇ ਰੁਝਾਨ ਦੇ ਸੂਚਕ ਹਨ।

ਸੰਭਵ ਹੈ ਕਿ ਭਾਜਪਾ ਲੀਡਰਸ਼ਿੱਪ ਨੂੰ ਵੀ ਇਸ ਪਰਿਵਰਤਨ ਦਾ ਅਹਿਸਾਸ ਹੈ। ਇਸੇ ਕਾਰਨ ਜੀ-20 ਦੇ ਸ਼ਾਨਦਾਰ ਆਯੋਜਨ ਤੋਂ ਤੁਰੰਤ ਬਾਅਦ ਸੰਸਦ ਦੇ ਵਿਸ਼ੇਸ਼ ਇਜਲਾਸ ਵਿੱਚ ਮਹਿਲਾਵਾਂ ਲਈ ਰਾਖਵੇਂਕਰਨ ਦਾ ਸਬਜ਼ਬਾਗ ਦਿਖਾਇਆ ਗਿਆ; ਜਿਸ ਦੇ 2029 ਵਿੱਚ ਜਾ ਕੇ ਸਾਕਾਰ ਰੂਪ ਲੈਣ ਦੇ ਆਸਾਰ ਹਨ। ਹਾਲਾਂਕਿ ਉਂਝ ਵੀ ਮਹਿਲਾ ਰਾਖਵਾਂਕਰਨ ਵਾਲੇ ਦਾਅ ਦਾ ਏਨਾ ਅਸਰ ਹੁੰਦਾ ਵਿਖਾਈ ਨਹੀਂ ਦੇ ਰਿਹਾ। ਇਸੇ ਕਰਕੇ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵਿਖਿਆਨ ਕਰਨ ਦੀ ਥਾਂ ਵਿਰੋਧੀ ਪਾਰਟੀਆਂ ‘ਤੇ ਹਮਲੇ ਕਰਨ ਨੂੰ ਤਰਜ਼ੀਹ ਦਿੱਤੀ ਹੈ।

ਜਿੱਥੋਂ ਤੱਕ ਜੀ-20 ਦਾ ਸਵਾਲ ਹੈ, ਭਾਰਤ ਦੀ ਵਾਰੀ ਤਾਂ 2022 ਵਿੱਚ ਸੀ, ਪਰ ਉਸ ਨੂੰ 2023 ਲਈ ਖਿਸਕਾ ਦਿੱਤਾ ਗਿਆ। ਇਸ ਪਿੱਛੇ ਇਹੋ ਮਨਸ਼ਾ ਸੀ ਕਿ ਭਾਰਤ ਨੂੰ ਗਲੋਬਲ ਲੀਡਰ ਦੇ ਤੌਰ ‘ਤੇ ਵਿਖਾ ਕੇ ਉਸ ਦਾ ਚੋਣਾਂ ਵਿੱਚ ਲਾਹਾ ਲਿਆ ਜਾਵੇ। ਇਸੇ ਤਰ੍ਹਾਂ ਰਾਮ ਮੰਦਰ ਦੀ 22 ਜਨਵਰੀ ਨੂੰ ਪ੍ਰਾਣ ਪ੍ਰਤਿਸ਼ਠਾ ਵੀ ਇਸ ਪਾਸੇ ਵੱਲ ਹੀ ਇਸ਼ਾਰਾ ਕਰਦੀ ਹੈ ਕਿ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਚੋਣ ਏਜੰਡਾ ਕੀ ਰਹਿਣ ਵਾਲਾ ਹੈ।


ਹੁਣ ਨਰਿੰਦਰ ਮੋਦੀ 2047 ਤੱਕ ਭਾਰਤ ਨੂੰ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਰਥਕਤਾ ਬਣਾਉਣ ਦਾ ਸੁਪਨਾ ਵਿਖਾ ਰਹੇ ਹਨ; ਪਰ ਲਗਦਾ ਨਹੀਂ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਇਸ ‘ਤੇ ਭਰੋਸਾ ਕਰਨਗੇ। ਜਾਤਪਾਤ ਭਾਰਤੀ ਸਿਆਸੀ ਦਾਅਪੇਚਾਂ ਦੇ ਮੂਲ ਵਿੱਚ ਹੁੰਦੀ ਹੈ। ਹਿੰਦੀ ਪੱਟੀ ਵਿੱਚ ਤਾਂ ਜਾਤਪਾਤ ਹੋਰ ਵੀ ਡੂੰਘੀ ਤਰ੍ਹਾਂ ਸਮਾਈ ਹੋਈ ਹੈ। ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਸਿਰਫ ਪਛੜੇ ਵਰਗ ਦੀ ਆਬਾਦੀ ਹੀ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਰਾਜਸਥਾਨ ਵਿੱਚ ਲਗਪਗ 50 ਫੀਸਦੀ ਹੈ।

ਸੰਭਵ ਤੌਰ ‘ਤੇ ਇਸੇ ਵਜਾਹ ਕਰਕੇ ਸੰਸਦ ਦੇ ਵਿਸ਼ੇਸ਼ ਇਜਲਾਸ ਦੌਰਾਨ ਭਾਜਪਾ ਦੇ ਇੱਕ ਮੈਂਬਰ ਨੇ ਨਰਿੰਦਰ ਮੋਦੀ ਨੂੰ ਓ.ਬੀ.ਸੀ. ਵਰਗ ਦਾ ਪਹਿਲਾ ਪ੍ਰਧਾਨ ਮੰਤਰੀ ਦਰਸਾਇਆ ਸੀ। ਯਕੀਨਨ ਇਸ ਪਿੱਛੇ ਸਿਆਸੀ ਲਾਭ ਦਾ ਉਦੇਸ਼ ਸੀ, ਪਰ ਸੱਚ ਦੀ ਕਸੌਟੀ ‘ਤੇ ਇਹ ਤੱਥ ਖਰਾ ਨਹੀਂ ਸੀ। ਪ੍ਰਧਾਨ ਮੰਤਰੀ ਜਿਸ ਮੋਦੀ ਘਾਂਚੀ ਭਾਈਚਾਰੇ ਵਿੱਚੋਂ ਆਉਂਦੇ ਹਨ, ਉਸ ਨੂੰ ਗੁਜਰਾਤ ਵਿੱਚ 2002 ਵਿੱਚ ਹੀ ਪਛੜੇ ਵਰਗ ਦਾ ਦਰਜਾ ਮਿਲਿਆ ਹੈ। ਪ੍ਰਧਾਨ ਮੰਤਰੀ ਅਕਸਰ ਆਪਣੇ ਆਪ ਨੂੰ ਓ.ਬੀ.ਸੀ. ਵਰਗ ਨਾਲ ਸੰਬੰਧਤ ਹੋਣ ਦਾ ਹੀ ਪ੍ਰਚਾਰ ਕਰਦੇ ਹਨ। ਆਉਂਦੀਆਂ ਲੋਕ ਸਭਾ ਚੋਣਾਂ ਦਾ ਨਤੀਜਾ ਵੀ ਵੱਡੀ ਹੱਦ ਤੱਕ ਓ.ਬੀ.ਸੀ. ਭਾਈਚਾਰਾ ਹੀ ਨਿਰਧਾਰਤ ਕਰੇਗਾ। ਇਹੀ ਕਾਰਨ ਹੈ ਕਿ ਬਿਹਾਰ ਵਿੱਚ ਜਾਤ ਆਧਾਰਤ ਗਣਨਾ ਤੋਂ ਬਾਅਦ ਨਰਿੰਦਰ ਮੋਦੀ ਗਰੀਬੀ ਨੂੰ ਹੀ ਸਭ ਤੋਂ ਵੱਡੀ ਜਾਤ ਦੱਸ ਰਹੇ ਹਨ।

ਭਾਜਪਾ ਬਿਹਾਰ ਦੀ ਜਾਤ ਆਧਾਰਤ ਗਣਨਾ ਦਾ ਸਮਰਥਨ ਨਹੀਂ ਕਰ ਸਕਦੀ, ਕਿਉਂਕਿ ਉਸ ਵਿੱਚ ਪਛੜਿਆਂ ਦੇ ਅੰਦਰ ਪਛੜਿਆਂ ਵਾਲੀ ਬਹਿਸ ਦਾ ਪਿਟਾਰਾ ਖੁੱਲ੍ਹ ਸਕਦਾ ਹੈ। ਭਾਜਪਾ ਇਸ ਦਾ ਵਿਰੋਧ ਵੀ ਨਹੀਂ ਕਰ ਸਕਦੀ, ਕਿਉਂਕਿ ਇਸ ਨਾਲ ਪਛੜਿਆਂ ਅੰਦਰ ਪਛੜਿਆਂ ਦੇ ਵੋਟ ਤੋਂ ਹੱਥ ਧੋਣੇ ਪੈ ਸਕਦੇ ਹਨ। ਇੰਦਰ ਸਾਹਨੀ ਮਾਮਲੇ ਵਿੱਚ ਪਛੜਿਆਂ ਦੀ ਗਿਣਤੀ 50 ਫੀਸਦੀ ਮੰਨਦੇ ਹੋਏ ਇਸ ਵਰਗ ਲਈ ਰਾਖਵਾਂਕਰਨ 27 ਫੀਸਦੀ ਨਿਰਧਾਰਤ ਕੀਤਾ ਗਿਆ ਹੈ। ਮਰਦਮ ਸ਼ੁਮਾਰੀ ਦੇ ਰੁਝਾਨ ਵਿੱਚ ਓ.ਬੀ.ਸੀ. ਦੀ 60% ਅਨੁਮਾਨਤ ਗਿਣਤੀ ਨੂੰ ਵੇਖਦੇ ਹੋਏ ਹਿੰਦੀ ਪੱਟੀ ਦੇ ਜ਼ਿਆਦਾਤਰ ਸੂਬਿਆਂ ਵਿੱਚ 27% ਦੀ ਇਸ ਹੱਦ ਨੂੰ ਵਧਾਉਣ ਦੀ ਮੰਗ ਹੋਰ ਤੇਜ਼ੀ ਫੜ ਸਕਦੀ ਹੈ। ਇਸ ਦਾ ਵੀ ਨਰਿੰਦਰ ਮੋਦੀ ਨਾ ਵਿਰੋਧ ਕਰ ਸਕਦੇ ਹਨ ਅਤੇ ਨਾ ਹੀ ਸਮਰਥਨ।

ਜੇਕਰ ਉਹ ਸਮਰਥਨ ਕਰਨਗੇ ਤਾਂ ਉਨ੍ਹਾਂ ਉੱਚ ਜਾਤੀ ਲੋਕਾਂ ਦੀਆਂ ਵੋਟਾਂ ਤੋਂ ਹੱਥ ਧੋਣਾ ਪੈ ਸਕਦਾ ਹੈ, ਜੋ ਭਾਜਪਾ ਦੇ ਰਵਾਇਤੀ ਵੋਟਰ ਰਹੇ ਹਨ। ਜੇ ਉਹ ਵਿਰੋਧ ਕਰਨਗੇ ਤਾਂ ਪਛੜੇ ਵਰਗ ਦੀਆਂ ਵੋਟਾਂ ਖਿਸਕਣ ਦਾ ਖਤਰਾ ਹੋਵੇਗਾ। ਇਸ ਦੁਚਿੱਤੀ ਦਾ ਭਾਜਪਾ ਦੀਆਂ ਸੰਭਾਵਨਾਵਾਂ ‘ਤੇ ਅਸਰ ਪੈਣਾ ਤੈਅ ਹੈ; ਕਿਉਂਕਿ 2019 ਦੀਆਂ ਚੋਣਾਂ ਵਿੱਚ ਭਾਜਪਾ ਨੇ ਹਿੰਦੀ ਪੱਟੀ ਵਿੱਚ ਵਿਰੋਧੀਆਂ ਦਾ ਬੋਰੀ ਬਿਸਤਰਾ ਬੰਨ੍ਹ ਕੇ ਭਾਰੀ ਜਿੱਤ ਹਾਸਲ ਕੀਤੀ ਸੀ। ਫਿਰਕਾਪ੍ਰਸਤੀ ਦੀ ਸਿਆਸਤ ਵੀ ਇੱਕ ਬਹੁਤ ਵੱਡਾ ਤੇ ਸੰਗੀਨ ਮੁੱਦਾ ਹੈ। ਇੱਕ ਅਜਿਹੇ ਦੌਰ ਵਿੱਚ ਜਦੋਂ ਅਸੀਂ ਗਲੋਬਲ ਲੀਡਰ ਬਣਨਾ ਚਾਹੁੰਦੇ ਹਾਂ ਤਾਂ ਭਾਈਚਾਰੇ ਵਾਲੀ ਮਾਨਸਿਕਤਾ ਹੀ ਸਾਡੀ ਤਰੱਕੀ ਯਕੀਨੀ ਬਣਾਵੇਗੀ। ਮੋਦੀ ਦੀਆਂ ਵੰਡ ਪਾਊ ਨੀਤੀਆਂ ਉਨ੍ਹਾਂ ਦੇ ਇਸੇ ਬਿਆਨ ਦਾ ਮਖੌਲ ਉਡਾਉਂਦੀਆਂ ਹਨ ਕਿ ਭਾਰਤ ਲੋਕਤੰਤਰ ਦੀ ਜਣਨੀ ਹੈ।

ਭਾਰਤ ਵਿੱਚ ਲੋਕਤੰਤਰ ਨੂੰ ਲਾਈ ਜਾ ਰਹੀ ਢਾਅ ਦੇਸ਼ ਨੂੰ ਉਸੇ ਰਸਤੇ ‘ਤੇ ਲੈ ਕੇ ਜਾ ਰਹੀ ਹੈ, ਜਿਥੇ ਵੱਖ-ਵੱਖ ਭਾਈਚਾਰੇ ਇੱਕ-ਦੂਜੇ ਨਾਲ ਸਹਿਯੋਗ ਕਰਨ ਦੀ ਥਾਂ ਟਕਰਾ ਦੀ ਅਵਸਥਾ ਵਿੱਚ ਹਨ। ਗਰੀਬਾਂ ਦੀਆਂ ਉਮੀਦਾਂ ਉਦੋਂ ਹੀ ਵਧ ਫੁੱਲ ਸਕਦੀਆਂ ਹਨ, ਜਦ ਅਸੀਂ ਮੋਦੀ ਦੀ ਵੰਡੀਆਂ ਪਾਉਣ ਵਾਲੀ ਰਾਜਨੀਤੀ ਨੂੰ ਨਕਾਰਦੇ ਹੋਏ, ਨੌਜਵਾਨਾਂ ਖਾਸ ਤੌਰ ‘ਤੇ ਧਰਮ ਲਿੰਗ ਅਤੇ ਜਾਤਪਾਤ ਆਧਾਰਤ ਪੱਖਪਾਤ ਦੇ ਸ਼ਿਕਾਰ ਲੋਕਾਂ ਦਾ ਸ਼ਕਤੀਕਰਨ ਕਰਨ ‘ਤੇ ਧਿਆਨ ਕੇਂਦਰਤ ਕਰਾਂਗੇ। ਪੱਖਪਾਤ ਅੱਜ ਦੀ ਸਿਆਸਤ ਵਿੱਚ ਸਾਫ ਝਲਕ ਰਿਹਾ ਹੈ। ਜੋ ਬੇਹੱਦ ਮੰਦਭਾਗਾ ਵਰਤਾਰਾ ਹੈ। ਇੱਕ ਬੇਹਤਰ ਭਵਿੱਖ ਲਈ ਸਾਨੂੰ ਇਹ ਰਵੱਈਆ ਹਰ ਹਾਲਤ ਵਿੱਚ ਬਦਲਣਾ ਹੀ ਹੋਵੇਗਾ।



# ਛੋਟੀ ਕਿਸਾਨੀ ਦਾ ਸੰਕਟ ਤੇ ਨੀਤੀਘਾੜੇ

## ਬਦਨੀਅਤੀਆਂ

ਕਰਮ ਬਰਸਟ
ਫੋਨ: +91-9417073831



ਇਸ ਵੇਲੇ ਹਰ ਬੰਦਾ ਇਸ ਗੱਲ ਨਾਲ ਸਹਿਮਤ ਹੈ ਕਿ ਭਾਰਤ, ਖਾਸਕਰ ਪੰਜਾਬ ਦਾ ਕਿਸਾਨ ਡੂੰਘੇ ਸੰਕਟ ਵਿੱਚ ਫਸ ਚੁੱਕਿਆ ਹੈ। ਸਵਾਲ ਹੁਣ ਦੇਸ਼ ਦੇ ਅੰਨਦਾਤੇ ਨੂੰ ਮੁੜ ਪੈਰਾਂ ਸਿਰ ਖੜ੍ਹੇ ਕਰਨ ਦਾ ਹੈ। ਕੇਂਦਰੀ ਤੇ ਵੱਖ-ਵੱਖ ਸੂਬਾ ਸਰਕਾਰਾਂ, ਖੇਤੀ ਵਿਗਿਆਨੀ ਅਤੇ ਉਘੇ ਅਰਥ-ਸ਼ਾਸਤਰੀ ਇਸ ਸਮੱਸਿਆ ਦਾ ਹੱਲ ਲੱਭਣ ਵਿੱਚ ਲੱਗੇ ਹੋਏ ਹਨ ਤੇ ਨਵੇਂ-ਨਵੇਂ ਨੁਸਖ਼ੇ ਪਰੋਸ ਰਹੇ ਹਨ। ਮੋਟੇ ਤੌਰ 'ਤੇ ਇਹ ਦਲੀਲ ਸਾਹਮਣੇ ਆ ਰਹੀ ਹੈ ਕਿ ਖੇਤੀ ਧੰਦਾ ਛੋਟੀ ਕਿਸਾਨੀ ਦੇ ਵੱਸ ਦੀ ਗੱਲ ਨਹੀਂ ਰਹੀ। ਦੇਸ਼ ਦੇ ਨੀਤੀਘਾੜੇ ਅਨੇਕਾਂ ਵਾਰ ਸੁਝਾਅ ਦੇ ਚੁੱਕੇ ਹਨ ਕਿ ਛੋਟੀ ਕਿਸਾਨੀ ਨੂੰ ਖੇਤੀ ਵਿੱਚੋਂ ਬੇਦਖ਼ਲ ਕਰ ਕੇ ਜ਼ਮੀਨ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦੇਣੀ ਚਾਹੀਦੀ ਹੈ। ਸਨਅਤੀ ਸੈਕਟਰ ਵਾਂਗ ਉਹ ਖੇਤੀ ਖੇਤਰ ਨੂੰ ਵੀ ਕੁਝ ਹੱਥਾਂ ਵਿੱਚ ਕੇਂਦਰਿਤ ਕਰ ਕੇ ਵਿਸ਼ਾਲ ਪੈਮਾਨੇ ਵਾਲੀ ਮਸ਼ੀਨੀ ਵਾਹੀ ਵਿੱਚ ਬਦਲਣਾ ਲੋਚਦੇ ਹਨ।

ਇੱਕ ਤਰਕ ਵਾਰ ਵਾਰ ਦਿੱਤਾ ਜਾ ਰਿਹਾ ਹੈ ਕਿ ਜਦੋਂ ਕਾਰਪੋਰੇਟ ਸੈਕਟਰ, ਭਾਵ ਵੱਡੀ ਦਲਾਲ ਸਰਮਾਏਦਾਰੀ ਅਤੇ ਸਾਮਰਾਜੀ ਕੰਪਨੀਆਂ ਦੇ ਝੋਲੇ ਨੱਕੋ-ਨੱਕ ਭਰ ਜਾਣਗੇ ਤਾਂ ਉਨ੍ਹਾਂ ਵਿੱਚੋਂ ਬਾਹਰ ਡੁੱਲ੍ਹੇ ਚੂਰਭੋਰ ਨਾਲ ਹੀ ਦੇਸ਼ ਦੀ ਗਰੀਬੀ ਚੁੱਕੀ ਜਾਵੇਗੀ। ਅੰਗਰੇਜ਼ੀ ਵਾਲੇ ਭਾਈ ਇਸ ਸਾਮਰਾਜੀ ਫੰਧੇ ਨੂੰ 'ਟ੍ਰਿਕਲ ਡਾਊਨ' (ਕੁਝ ਬੂੰਦਾਂ ਰਿਸਣ ਨਾਲ ਗਰੀਬਾਂ ਦੇ ਠੂਠੇ ਦਾ ਦੌਲਤ ਨਾਲ ਭਰ ਜਾਣਾ) ਸਿਧਾਂਤ ਦਾ ਕੁਨਾਂ ਦਿੰਦੇ ਹਨ। ਪੰਜਾਬ ਰਾਜ ਕਿਸਾਨ ਕਮਿਸ਼ਨ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਹਾਲਤ ਬਾਰੇ ਪ੍ਰਕਾਸ਼ਤ ਰਿਪੋਰਟ ਨੂੰ ਵੀ ਇਸੇ ਸਿਧਾਂਤਕ 'ਚੌਖਟੇ' ਵਿੱਚ ਰੱਖ ਕੇ ਵਾਚਣ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਤਾਂ ਅਜਿਹੀਆਂ ਰਿਪੋਰਟਾਂ ਵਿੱਚ ਦਿੱਤੇ ਜਾ ਰਹੇ ਅੰਕੜਿਆਂ ਦੀ ਭਰੋਸੇਯੋਗਤਾ ਹੈ। ਮਿਸਾਲ ਵਜੋਂ 1981 ਦੀਆਂ ਸਮੁੱਚੀਆਂ ਕਾਸ਼ਤਕਾਰੀ ਜੋਤਾਂ ਦੀ ਸੰਖਿਆ 10,27127 ਦਿੱਤੀ ਗਈ ਹੈ, ਜੋ 1991 ਵਿੱਚ ਵਧ ਕੇ 11,16951 ਹੋ ਗਈ ਅਤੇ 2001 ਵਿੱਚ ਇਕਦਮ ਘਟ ਕੇ 9,97372 ਰਹਿ ਗਈ। 1981 ਅਤੇ 1991 ਦੇ ਦਹਾਕੇ ਵਿੱਚ ਪੰਜਾਬ ਅੰਦਰ ਇਹੋ ਜਿਹੀਆਂ ਕਿਹੜੀਆਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਵਾਪਰੀਆਂ ਕਿ ਜੋਤਾਂ ਦੀ ਗਿਣਤੀ ਵਿੱਚ ਇਕਦਮ 89,824 ਦਾ ਵਾਧਾ ਹੋ ਗਿਆ ਅਤੇ ਇਵੇਂ ਹੀ 1991 ਅਤੇ 2001 ਵਿਚਕਾਰ ਕਿਹੜਾ ਭਾਣਾ ਵਾਪਰਿਆ, ਜਿਸ ਨੇ ਜੋਤਾਂ ਵਿੱਚ 1,19579 ਦੀ ਕਮੀ ਲੈ ਆਂਦੀ? ਇਨ੍ਹਾਂ ਹੀ ਸਮਿਆਂ ਵਿੱਚ ਨਾ-ਮਾਤਰ (ਸੀਮਾਂਤ) ਅਤੇ ਛੋਟੀਆਂ ਜੋਤਾਂ ਦੀ ਗਿਣਤੀ ਪਹਿਲੇ ਦਹਾਕੇ ਵਿੱਚ 1,02819 ਵਧ ਗਈ ਅਤੇ ਅਗਲੇ ਦਹਾਕੇ ਵਿੱਚ 2,03679 ਘਟ ਗਈ। ਸੀਮਾਂਤ ਅਤੇ ਛੋਟੀਆਂ ਜੋਤਾਂ ਦੇ ਆਕਾਰ ਵਿੱਚ ਵਾਧੇ ਜਾਂ ਘਾਟੇ ਦਾ ਰੁਝਾਨ ਆਮ ਤੌਰ 'ਤੇ ਦਰਮਿਆਨੀਆਂ ਅਤੇ ਕਿਸੇ ਹੱਦ ਤੱਕ ਧਨੀ ਕਿਸਾਨੀ ਦੀਆਂ ਜੋਤਾਂ ਟੁੱਟਣ ਜਾਂ ਉਨ੍ਹਾਂ ਦੇ ਕੇਂਦਰੀਕਰਨ ਨਾਲ ਜੁੜਿਆ ਹੁੰਦਾ ਹੈ; ਪਰ ਪਹਿਲੇ ਦਹਾਕੇ ਵਿੱਚ 10 ਏਕੜ ਤੋਂ ਉਪਰ ਵਾਲੀਆਂ ਜੋਤਾਂ ਵਿੱਚ 14,360 ਦੀ ਕਮੀ ਦਿਖਾਈ ਗਈ ਹੈ, ਫਿਰ ਅਗਲੇ ਦਹਾਕੇ ਵਿੱਚ ਇਕਦਮ ਹੀ 44,657 ਦਾ ਵਾਧਾ ਹੋ ਜਾਂਦਾ ਹੈ।

ਕੀ ਇਸ ਤੋਂ ਇਹ ਸਿੱਟਾ ਕੱਢ ਲਿਆ ਜਾਣਾ ਚਾਹੀਦਾ ਹੈ ਕਿ 80ਵਿਆਂ ਦੇ ਦਹਾਕੇ ਵਿੱਚ ਖੇਤੀ ਅੰਦਰਲਾ ਪੂੰਜੀਵਾਦ ਮੁਰਝਾਉਣ ਲੱਗ ਪਿਆ ਸੀ, ਜਿਸ ਸਦਕਾ ਵੱਡੀਆਂ ਜੋਤਾਂ ਟੁੱਟ ਟੁੱਟ ਕੇ ਹੇਠਲੀ ਕਿਸਾਨੀ ਵਿੱਚ ਮਿਲ ਰਹੀਆਂ ਸਨ ਅਤੇ 90ਵਿਆਂ ਵਿੱਚ ਜੋਤਾਂ ਦੇ ਕੇਂਦਰੀਕਰਨ ਹੋਣ ਨਾਲ ਇਹ ਦੁਬਾਰਾ ਚੜ੍ਹਦੀ ਕਲਾ ਵੱਲ ਭੱਜ ਤੁਰਿਆ ਸੀ? ਨਹੀਂ, ਇਸ ਤਰ੍ਹਾਂ ਦੀ ਕੋਈ ਧਰਤ-ਹਿਲਾਊ ਤਬਦੀਲੀ ਨਹੀਂ ਵਾਪਰੀ। ਪੰਜਾਬ ਦੀ ਖੇਤੀ ਆਰਥਿਕਤਾ ਵਿੱਚ ਬੇਜ਼ਮੀਨੀ ਕਿਸਾਨੀ ਦੀ ਗਿਣਨਯੋਗ ਭੂਮਿਕਾ ਚਿਰੋਕਣੀ ਖਤਮ ਹੋ ਗਈ ਹੈ। ਇਨ੍ਹਾਂ ਹੀ ਅੰਕੜਿਆਂ ਮੁਤਾਬਕ ਦਰਮਿਆਨੀਆਂ ਅਤੇ ਧਨੀ ਕਿਸਾਨੀ ਦੇ ਹੇਠਲੇ ਹਿੱਸੇ ਦੀਆਂ ਜੋਤਾਂ ਵਿੱਚ ਕੋਈ ਵਿਸ਼ੇਸ਼ ਤਬਦੀਲੀ ਦਿਖਾਈ ਨਹੀਂ ਦਿੰਦੀ। ਇਸ ਦੇ ਬਿਲਕੁਲ ਉਲਟ ਧਨਾਢ ਕਿਸਾਨੀ ਵਿੱਚ 7591 (2.82) ਫੀਸਦ ਜੋਤਾਂ ਦੀ ਕਮੀ ਦਿਖਾਈ ਗਈ ਹੈ, ਜੋ ਵੱਡਾ ਫੇਰ-ਬਦਲ ਨਹੀਂ ਕਰ ਸਕਦੀ। ਕੀ ਫਿਰ ਇਹ ਮੰਨ ਲਿਆ ਜਾਵੇ ਕਿ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਸਾਂਝੇ ਪਰਿਵਾਰਾਂ ਵਿੱਚ ਹੀ ਵੱਡੀ ਟੁੱਟ-ਭੱਜ ਹੋਣ ਨਾਲ ਜੋਤਾਂ ਦੀ ਗਿਣਤੀ ਵਿੱਚ ਇੰਨਾ ਜ਼ਿਆਦਾ ਫ਼ਰਕ ਆ ਗਿਆ ਸੀ? ਉਸ ਦਹਾਕੇ ਦਾ ਪੰਜਾਬ ਦਾ ਬਾਹਰਮੁਖੀ ਮਾਹੌਲ ਇਸ ਗੱਲ ਦੀ ਪ੍ਰੋੜਤਾ ਨਹੀਂ ਕਰਦਾ। ਪੰਜਾਬ ਵਿੱਚ ਹਕੂਮਤੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਦੇ ਸਨਮੁਖ ਸਾਂਝੇ ਪਰਿਵਾਰਾਂ ਦੇ ਇੰਨੀ ਵੱਡੀ ਪੱਧਰ 'ਤੇ ਖਿੰਡ-ਖੱਪਰ ਜਾਣ ਦੀ ਬਜਾਇ ਸਗੋਂ ਇਕੱਠਿਆਂ ਰਹਿਣ ਦੇ ਆਸਾਰ ਕਿਤੇ ਵੱਧ ਬਲਵਾਨ ਸਨ। ਮੰਨ ਲਈਏ, ਜੇ ਇਹ ਵਰਤਾਰਾ ਵਾਪਰ ਵੀ ਗਿਆ ਹੋਵੇ, ਤਦ ਸਾਮਰਾਜ ਦੀ ਛਤਰ-ਛਾਇਆ ਵਿੱਚ ਹੋ ਰਹੇ ਪੂੰਜੀਵਾਦੀ ਵਿਕਾਸ ਸਦਕਾ ਇਹ ਰੁਝਾਨ ਬਾਅਦ ਵਿੱਚ ਕਿਤੇ ਵੱਧ ਤਿਖੇਰਾ ਹੋ ਜਾਣਾ ਚਾਹੀਦਾ ਸੀ, ਪਰ ਜ਼ਮੀਨੀ ਹਕੀਕਤ ਵਿੱਚ ਅਜਿਹਾ ਕੁਝ ਵੀ ਨਹੀਂ ਵਾਪਰ ਰਿਹਾ।

ਪੰਜਾਬ ਦੀ ਖੇਤੀ ਵਿੱਚ ਟੁੱਟ-ਭੱਜ ਦਾ ਅਮਲ ਬਹੁਤ ਹੀ ਧੀਮਾ ਹੈ, ਕਿਉਂਕਿ ਜ਼ਮੀਨ ਦੀ ਮਾਲਕੀ ਮੂਲ ਰੂਪ ਵਿੱਚ ਸ਼ੂਦਰਾਂ ਤੋਂ 'ਸਵਰਨਾਂ' ਵਿੱਚ ਵਟੀਆਂ ਜਾਤਾਂ ਦੇ ਹੱਥਾਂ ਵਿੱਚ ਹੈ। ਜ਼ਮੀਨ ਸਿਰਫ਼ ਗੁਜ਼ਾਰੇ ਦਾ ਸਾਧਨ ਹੀ ਨਹੀਂ, ਸਗੋਂ ਸਮਾਜਿਕ ਰੁਤਬਾ ਵੀ ਤੈਅ ਕਰਦੀ ਹੈ। ਵੈਸੇ ਤਾਂ ਸਾਰੇ ਦੇਸ਼ਾਂ ਦੇ ਕਿਸਾਨ ਹੀ ਲਗਦੀ ਵਾਹ ਜ਼ਮੀਨ ਨਾਲ ਚਿੰਬੜੇ ਰਹਿਣ ਦੀ 'ਬਿਮਾਰੀ' ਦਾ



ਸ਼ਿਕਾਰ ਹੁੰਦੇ ਹਨ, ਪਰ ਭਾਰਤ ਵਰਗੇ ਜਾਤਪਾਤੀ ਸਮਾਜ ਵਿੱਚ ਇਹ ਬਿਮਾਰੀ ਮੜ੍ਹੀਆਂ ਵਿੱਚ ਪੁੱਜ ਕੇ ਵੀ ਖਹਿੜਾ ਨਹੀਂ ਛੱਡਦੀ। ਜਾਤਪਾਤੀ ਸਮਾਜ ਵਿੱਚ ਇੱਕ ਦਹਾਕੇ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ 2,03679 ਕਿਸਾਨਾਂ ਵੱਲੋਂ ਖੇਤੀ ਨੂੰ ਅਲਵਿਦਾ ਕਹਿ ਦੇਣਾ ਕਿਸੇ ਕੁਰਸੀਵਾਦੀ ਬੁੱਧੀਜੀਵੀ ਦੀ ਕਲਪਨਾ ਤਾਂ ਹੋ ਸਕਦੀ ਹੈ, ਪਰ ਪੰਜਾਬੀ ਸਮਾਜ ਦੀਆਂ ਬਾਹਰਮੁਖੀ ਤਬਦੀਲੀਆਂ ਕਿਸਾਨਾਂ ਦੇ ਉਜਾੜੇ ਦੀ ਪ੍ਰੋੜਤਾ ਨਹੀਂ ਕਰਦੀਆਂ। ਕਾਰਨ ਇਹ ਹੈ ਕਿ ਪੰਜਾਬ ਵਿੱਚ ਵੱਡੀ ਪੱਧਰ 'ਤੇ ਬਦਲਵੇਂ ਬਾਇੱਜ਼ਤ ਰੁਜ਼ਗਾਰ ਦੇ ਮੌਕੇ ਹਾਸਲ ਕਰਨੇ ਅਤੇ ਲੋਕਾਂ ਦੀ ਸੋਚ ਵਿੱਚ ਵਿਗਿਆਨਕ ਤਬਦੀਲੀ ਵਿੱਚ ਵਾਧੇ ਦੀ ਰਫ਼ਤਾਰ ਬੇਹੱਦ ਧੀਮੀ ਹੈ।

ਦਿਲਚਸਪ ਗੱਲ ਤਾਂ ਇਹ ਹੈ ਕਿ ਇਸੇ ਸਮੇਂ ਦੌਰਾਨ ਧਨੀ ਅਤੇ ਪੂੰਜੀਵਾਦੀ ਭੂਮੀਪਤੀਆਂ ਦੀਆਂ ਜੋਤਾਂ ਵਿੱਚ ਖਾਸ ਤਬਦੀਲੀ ਨਹੀਂ ਆਉਂਦੀ, ਜਿਹੜੀ ਦੋ ਲੱਖ ਕਿਸਾਨੀ ਜੋਤਾਂ ਨੂੰ ਆਪਣੇ ਅੰਦਰ ਖਪਾ ਜਾਣ ਦੀ ਗਵਾਹੀ ਭਰ ਰਹੀ ਹੋਵੇ। ਗੱਲ ਸਗੋਂ ਉਲਟ ਦਿਸ਼ਾ ਵੱਲ ਜਾ ਰਹੀ ਹੈ, ਕਿਉਂਕਿ ਨਿਰਮਾਣ ਅਤੇ ਸਰਵਿਸ ਸੈਕਟਰ ਵਿੱਚ ਅਨਪੜ੍ਹ ਅਤੇ ਅਧਪੜ੍ਹ ਬੰਦਿਆਂ ਲਈ ਰੁਜ਼ਗਾਰ ਦੇ ਬੂਹੇ ਬੰਦ ਹੋਣ ਸਦਕਾ ਖੁੱਲ੍ਹੀ ਮੰਡੀ ਦੀ ਮਾਰ ਨਾਲ ਪਹਿਲਾਂ ਹੀ ਬੰਦ ਹੋ ਰਹੀਆਂ ਛੋਟੇ ਪੈਮਾਨੇ ਦੀਆਂ ਸਨਅਤਾਂ ਦਾ ਦਿਵਾਲਾ ਨਿਕਲ ਜਾਣ ਕਰ ਕੇ ਸ਼ਹਿਰਾਂ ਵੱਲ ਗਏ ਪੇਂਡੂ ਮਜ਼ਦੂਰ ਦੁਬਾਰਾ ਖੇਤੀ ਵੱਲ ਪਰਤ ਆਏ ਹਨ। ਸਰਕਾਰੀ ਅੰਕੜਿਆਂ ਮੁਤਾਬਕ ਹੀ ਕੁੱਲ ਕਾਮਿਆਂ ਵਿੱਚੋਂ ਖੇਤੀ ਸੈਕਟਰ 'ਚ ਕੰਮ ਕਰਦੇ ਖੇਤ ਕਾਮਿਆਂ ਦੀ ਗਿਣਤੀ 40% ਦੇ ਕਰੀਬ ਹੈ, ਜਦੋਂਕਿ ਰੁਜ਼ਗਾਰ ਲਈ ਖੇਤੀ ਉਪਰ 65 ਫ਼ੀਸਦ ਲੋਕ ਨਿਰਭਰ ਕਰ ਰਹੇ ਹਨ। ਇਸ ਕੁਜੋੜ ਵਰਤਾਰੇ ਦਾ ਕਿਸੇ ਕੋਲ ਵੀ ਜਵਾਬ ਨਹੀਂ ਹੈ।

ਅਸਲ ਵਿੱਚ ਰਿਪੋਰਟਾਂ ਤਿਆਰ ਕਰਵਾਉਣ ਲਈ ਪੈਸੇ ਖਰਚਣ ਵਾਲਿਆਂ ਦਾ ਕੋਈ ਨਾ ਕੋਈ ਮਨਸ਼ਾ ਅਤੇ ਲੰਮੇ ਸਮੇਂ ਦੀ ਦ੍ਰਿਸ਼ਟੀ ਹੁੰਦੀ ਹੈ। ਛੋਟੀ ਕਿਸਾਨੀ ਲਈ ਖੇਤੀ ਨੂੰ ਘਾਟੇਵੰਦਾ ਸਾਬਤ ਕਰਨ ਅਤੇ ਇਸ ਦੇ ਬਦਲ ਵਜੋਂ ਕਾਰਪੋਰੇਟੀ ਮਾਡਲ ਦੀ ਵਕਾਲਤ ਕਰਨ ਪਿੱਛੇ ਵੀ ਵਿਸ਼ੇਸ਼ ਦ੍ਰਿਸ਼ਟੀ ਕਾਰਜਸ਼ੀਲ ਹੈ। ਇਸ ਲਈ ਆਮ ਕਿਸਾਨਾਂ ਨੂੰ ਖੇਤੀ ਛੱਡਣ ਲਈ ਪ੍ਰੇਰਨ ਵਾਸਤੇ ਅੰਕੜੇ ਇੰਜ ਤਿਆਰ ਕੀਤੇ ਜਾਂਦੇ ਹਨ, ਜਿਨ੍ਹਾਂ ਤੋਂ ਇਹ ਜਾਪੇ ਕਿ ਲੋਕਾਂ ਦਾ ਖੇਤੀ ਨਾਲੋਂ ਵੱਡੀ ਪੱਧਰ 'ਤੇ ਮੋਹ ਭੰਗ ਹੋ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਵੀ ਖੇਤੀ ਛੱਡਣ ਵਾਲੇ ਮੰਨ ਲਿਆ ਜਾਂਦਾ ਹੈ, ਜਿਹੜੇ ਸਰਕਾਰੀ ਜਾਂ ਅਰਧ-ਸਰਕਾਰੀ ਨੌਕਰੀਆਂ ਵਿੱਚ ਚਲੇ ਗਏ ਹਨ। ਇਹ ਤਬਕਾ ਨਾ ਕੇਵਲ ਆਪਣੇ ਸਕੇ ਸਬੰਧੀਆਂ ਕੋਲੋਂ ਆਪਣੇ ਹਿੱਸੇ ਦੀ ਜ਼ਮੀਨ ਦਾ ਠੇਕਾ ਵਸੂਲ ਕਰਦਾ ਹੈ, ਸਗੋਂ ਖੇਤੀ ਸੈਕਟਰ ਨੂੰ ਮਿਲਣ ਵਾਲੀਆਂ ਮੁਫ਼ਤ ਬਿਜਲੀ ਆਦਿ ਵਰਗੀਆਂ ਰਿਆਇਤਾਂ ਉਪਰ ਵੀ ਹੱਥ ਫੇਰ ਜਾਂਦਾ ਹੈ। ਇਸ ਦੀ ਮਲਾਈਦਾਰ ਪਰਤ ਤਾਂ 'ਉਪਰਲੀ' ਕਮਾਈ ਨੂੰ ਖੇਤੀ ਸੈਕਟਰ ਵਿਚੋਂ ਹੋਈ ਆਮਦਨ ਦਿਖਾ ਕੇ ਕਾਲਾ ਧਨ ਵੀ ਇਕੱਤਰ ਕਰਦੀ ਹੈ।

ਇਹੀ ਵਰਤਾਰਾ ਵਿਦੇਸ਼ਾਂ ਵਿੱਚ ਗਏ ਅਤੇ ਆੜ੍ਹਤ ਤੇ ਵਪਾਰ ਵਿੱਚ ਲੱਗੇ ਅਖੌਤੀ ਕਿਸਾਨਾਂ ਦੇ ਸਬੰਧ ਵਿੱਚ ਵੀ ਵਾਪਰਦਾ ਹੈ। ਖੇਤੀ ਦਾ ਧੰਦਾ ਛੱਡਣਾ ਇਨ੍ਹਾਂ ਦੀ ਮਜਬੂਰੀ ਨਹੀਂ ਬਲਕਿ ਹੋਰਨਾਂ ਦੀ ਕੀਤੀ ਕਿਰਤ ਕਮਾਈ ਨੂੰ ਨਿਚੋੜਨ ਦਾ ਜ਼ਰੀਆ ਹੈ। ਇਹ ਸੱਚ ਹੈ ਕਿ ਪੰਜਾਬ ਦੀ ਕਿਸਾਨੀ ਸੰਕਟ ਵਿੱਚ ਫਸੀ ਹੋਈ ਹੈ, ਪਰ ਨੀਤੀਘਾੜੇ ਇਸ ਸੰਕਟ ਦੇ ਕਾਰਨਾਂ ਉਪਰ ਉਂਗਲ ਰੱਖਣ ਦੀ ਬਜਾਏ ਲਿਪਾ-ਪੋਚੀ ਕਰਨ ਅਤੇ ਨਵੀਆਂ ਆਰਥਿਕ ਨੀਤੀਆਂ ਦੇ ਅਨੁਕੂਲ, ਹਾਕਮਾਂ ਨੂੰ ਰਾਸ ਆਉਂਦੇ ਸਿੱਟੇ ਕੱਢਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਦੀ ਖੇਤੀ ਦੇ ਸੰਕਟ ਦਾ ਮੂਲ ਕਾਰਨ ਸਾਮਰਾਜ ਦੀ ਨਿਰਦੇਸ਼ਨਾ ਤਹਿਤ ਲਾਗੂ ਕੀਤੀਆਂ ਅਖੌਤੀ ਹਰੇ ਇਨਕਲਾਬ ਦੀਆਂ ਨੀਤੀਆਂ ਰਹੀਆਂ ਹਨ। ਪੰਜਾਬ ਦੇ ਕਿਸਾਨਾਂ ਦੀ ਭਾਰੂ ਬਹੁਗਿਣਤੀ ਛੋਟੇ ਪੈਮਾਨੇ ਦੀ ਵਾਹੀ ਕਰਦੀ ਹੈ। ਵੱਡੀਆਂ ਕੰਪਨੀਆਂ ਅਤੇ ਪੂੰਜੀਵਾਦੀ ਫਾਰਮਰਾਂ ਦੀ ਮਸ਼ੀਨੀ ਵਾਹੀ ਅੱਗੇ ਇਹ ਕਿਸਾਨੀ ਟਿਕ ਨਹੀਂ ਸਕੇਗੀ, ਪਰ ਆਬਾਦੀ ਦੀ ਇੰਨੀ ਵੱਡੀ ਬਹੁਗਿਣਤੀ ਦਾ ਰੁਜ਼ਗਾਰ ਖੋਹਣ ਦੀਆਂ ਤਜਵੀਜ਼ਾਂ ਅਮਰੀਕਾ ਵਰਗੇ ਵਿਸ਼ਾਲ ਤੇ ਘੱਟ ਆਬਾਦੀ ਵਾਲੇ ਦੇਸ਼ ਵਿੱਚ ਤਾਂ ਪੁੱਗ ਸਕਦੀਆਂ ਹਨ, ਭਾਰਤ ਜਾਂ ਪੰਜਾਬ ਵਿੱਚ ਨਹੀਂ।

ਪੰਜਾਬ ਵਿੱਚ ਨਾ ਸਿਰਫ਼ ਛੋਟੀ ਕਿਸਾਨੀ ਨੂੰ ਬਚਾ ਕੇ ਰੱਖਣਾ ਹੋਵੇਗਾ, ਸਗੋਂ ਇਸ ਦੇ ਲਈ ਤਰਜੀਹੀ ਆਧਾਰ 'ਤੇ ਬਿਜਲੀ ਕੁਨੈਕਸ਼ਨ, ਰਿਆਇਤੀ ਦਰਾਂ 'ਤੇ ਲੰਮੇ ਸਮੇਂ ਦੇ ਸਹਿਕਾਰੀ ਕਰਜ਼ੇ, ਸੂਦਖੋਰਾਂ ਦੀ ਜਕੜ ਤੋੜਨਾ, ਕੋਆਪਰੇਟਿਵਾਂ ਰਾਹੀਂ ਮਸ਼ੀਨਰੀ ਦਾ ਪ੍ਰਬੰਧ ਕਰਨਾ, ਕਿਸਾਨ ਮੰਡੀਆਂ ਦਾ ਜਾਲ ਵਿਛਾ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਖੱਜਲ-ਖੁਆਰੀ ਤੋਂ ਮੁਕਤੀ ਦਿਵਾਉਣੀ, ਛੇਤੀ ਖ਼ਰਾਬ ਹੋਣ ਵਾਲੀਆਂ ਸਬਜ਼ੀਆਂ ਤੇ ਫ਼ਲਾਂ ਦੇ ਮੰਡੀਕਰਨ ਦਾ ਪ੍ਰਬੰਧ ਕਰਨਾ ਆਦਿ ਜ਼ਰੂਰੀ ਮੁੱਦੇ ਹਨ। ਛੋਟੀ ਕਿਸਾਨੀ ਨੂੰ ਜ਼ਮੀਨ ਵਿੱਚੋਂ ਬੇਦਖ਼ਲ ਕਰਨ ਦੀ ਬਜਾਇ ਦਲਾਲ ਅਤੇ ਵਿੱਤੀ ਸਰਮਾਏ ਦੀ ਜਕੜ ਨੂੰ ਤੋੜਨ ਦੀ ਗੱਲ ਕਰਨੀ ਚਾਹੀਦੀ ਹੈ। ਛੋਟੀ ਕਿਸਾਨੀ ਪ੍ਰਤੀ ਹਮਦਰਦ ਪਹੁੰਚ ਅਤੇ ਟਿਕਾਊ ਨੀਤੀ ਅਪਨਾ ਕੇ ਹੀ ਉਸ ਨੂੰ ਪੂੰਜੀ ਦੇ ਹਮਲਾਵਰ ਪੰਜੇ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ। ਇਹ ਸਾਰਾ ਕੁਝ ਆਪਣੇ ਆਪ ਹੋਣ ਵਾਲਾ ਨਹੀਂ, ਬਲਕਿ ਇਹਦੇ ਵਾਸਤੇ ਸਿਆਸੀ ਤੌਰ 'ਤੇ ਚੇਤੰਨ ਅਤੇ ਖ਼ੁਦਗਰਜ਼ੀ ਤੋਂ ਮੁਕਤ ਆਗੂਆਂ ਦੀ ਅਗਵਾਈ ਹੇਠਲੀ ਵਿਸ਼ਾਲ ਆਧਾਰ ਵਾਲੀ ਕਿਸਾਨ ਜਥੇਬੰਦੀ ਦਾ ਹੋਣਾ ਬਹੁਤ ਜ਼ਰੂਰੀ ਹੈ।






# ਇੱਕ ਵਾਰ ਫਿਰ ਉੱਠਿਆ ਮੋਬਾਈਲ ਜਾਸੂਸੀ ਦਾ ਮੁੱਦਾ


ਸਰਕਾਰ ਵੱਲੋਂ ਵਿਰੋਧੀ ਧਿਰਾਂ ਦੀ ਜਾਸੂਸੀ ਦਾ ਮੁੱਦਾ ਇੱਕ ਵਾਰ ਫਿਰ ਖਬਰਾਂ ਵਿੱਚ ਆ ਗਿਆ ਹੈ। ਇਸ ਤੋਂ ਪਹਿਲਾਂ 2021 ਵਿੱਚ ਪੈਗਾਸਸ ਸੌਫਟਵੇਅਰ ਰਾਹੀਂ ਵਿਰੋਧੀ ਧਿਰਾਂ ਦੇ ਪ੍ਰਮੁੱਖ ਆਗੂਆਂ, ਸਰਕਾਰ ਵੱਲ ਆਲੋਚਨਾਤਮਕ ਰਵੱਈਆ ਰਖਣ ਵਾਲੇ

ਪੰਜਾਬੀ ਪਰਵਾਜ਼ ਬਿਊਰੋ

ਪੱਤਰਕਾਰਾਂ, ਸ਼ੱਕੀ ਵਿਅਕਤੀਆਂ ਅਤੇ ਵਕੀਲਾਂ ਆਦਿ ਦੀ ਜਾਸੂਸੀ ਦਾ ਮੁੱਦਾ ਉਭਰਿਆ ਸੀ। ਬੀਤੀ 31 ਅਕਤੂਬਰ ਨੂੰ ਇਹ ਮਸਲਾ ਉਦੋਂ ਇੱਕ ਵਾਰ ਫਿਰ ਅਖਬਾਰਾਂ ਦੀ ਸੁਰਖੀ ਬਣ ਗਿਆ, ਜਦੋਂ ਮੋਬਾਈਲ ਫੋਨਾਂ ਦੀ ਕੰਪਨੀ ਐਪਲ ਨੇ ਕਈ ਸਿਆਸੀ ਆਗੂਆਂ ਦੇ ਫੋਨਾਂ 'ਤੇ ਸਨੇਹੇ ਭੇਜ ਕੇ ਸਤਰਕ ਕੀਤਾ ਕਿ ਉਨ੍ਹਾਂ ਦੇ ਫੋਨਾਂ ਵਿੱਚ ਜਾਸੂਸੀ ਦੇ ਮਕਸਦ ਨਾਲ ਸਨ੍ਹ ਲਗਾਈ ਜਾ ਸਕਦੀ ਹੈ। ਕਾਂਗਰਸ ਆਗੂ ਸ਼ਸ਼ੀ ਥਰੂਰ, ਪਵਨ ਖੇੜਾ, ਸੁਪਰੀਆ ਸ਼ਰੀਨਾਤੇ, ਤ੍ਰਿਣਮੂਲ ਕਾਂਗਰਸ ਦੀ ਆਗੂ ਮਹੂਆ ਮੋਇਤਰਾ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਸੀਤਾ ਰਾਮ ਯੇਚੁਰੀ, ਸਮਾਜਵਾਦੀ ਪਾਰਟੀ ਦੇ ਅਖੀਲੇਸ਼ ਯਾਦਵ, ਸ਼ਿਵ ਸੈਨਾ ਦੇ ਪ੍ਰਿਯੰਕਾ ਚਤੁਰਵੇਦੀ, 'ਆਪ' ਦੇ ਰਾਘਵ ਚੱਢਾ ਅਤੇ ਏ.ਆਈ.ਐਮ.ਆਈ.ਐਮ. ਦੇ ਅਸਾਦੂਦੀਨ ਉਵੇਸੀ ਨੂੰ ਐਪਲ ਵਲੋਂ ਸਤਰਕਤਾ ਸੁਨੇਹੇ ਪ੍ਰਾਪਤ ਹੋਏ।

ਕੰਪਨੀ ਨੇ ਕਿਹਾ ਕਿ ਉਹ ਸਾਰੀ ਜਾਣਕਾਰੀ ਤਾਂ ਜਨਤਕ ਨਹੀਂ ਕਰ ਸਕਦੀ, ਪਰ ਸਰਕਾਰੀ ਸ਼ਹਿ ਪ੍ਰਾਪਤ ਹੈਕਰ ਉਨ੍ਹਾਂ ਦੇ ਆਈ ਫੋਨਾਂ ਨੂੰ ਨਿਸ਼ਾਨਾਂ ਬਣਾ ਸਕਦੇ ਹਨ। ਬਾਅਦ ਵਿੱਚ ਕੰਪਨੀ ਨੇ ਇਹ ਵੀ ਕਿਹਾ ਕਿ ਕੁਝ ਸਤਰਕਤਾ ਸੁਨੇਹੇ ਝੂਠੇ ਵੀ ਹੋ ਸਕਦੇ ਹਨ। ਉਂਝ ਇਸ ਦੌਰਾਨ ਕੇਂਦਰੀ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਇਸ ਮੁੱਦੇ ਦੀ ਤਹਿ ਤੱਕ ਜਾਵੇਗੀ ਅਤੇ ਉਨ੍ਹਾਂ ਐਪਲ ਨੂੰ ਵੀ ਇਸ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ ਤਾਂ ਕਿ ਕਥਿੱਤ ਦੋਸ਼ਾਂ ਦੀ ਸਹੀ ਤਰ੍ਹਾਂ ਜਾਂਚ ਹੋ ਸਕੇ।

ਇਸ ਤੋਂ ਪਹਿਲਾਂ 2021 ਵਿੱਚ ਵੀ ਸਰਕਾਰੀ ਸ਼ਹਿ ਪ੍ਰਾਪਤ ਨਿਗਰਾਨੀ ਦੇ ਅਜਿਹੇ ਦੋਸ਼ ਸਾਹਮਣੇ ਆਏ ਸਨ ਅਤੇ ਉਦੋਂ ਇਹ ਵੱਡਾ ਮੁੱਦਾ ਬਣ ਗਿਆ ਸੀ। ਉਸ ਸਮੇਂ ਕਿਹਾ ਗਿਆ ਸੀ ਕਿ ਇਜ਼ਰਾਇਲੀ ਕੰਪਨੀ ਐਨ.ਐਸ.ਓ. ਦੇ ਸਪਾਈਵੇਅਰ ਪੈਗਾਸਸ ਨਾਲ ਸਿਆਸੀ ਕਾਰਕੁੰਨਾਂ, ਪੱਤਰਕਾਰਾਂ ਅਤੇ ਸਰਕਾਰ ਵਿਰੋਧੀ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਪਰੋਕਤ ਕੰਪਨੀ ਦਾ ਆਖਣਾ ਹੈ ਕਿ ਇਹ




ਸਪਾਈਵੇਅਰ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ। ਹੁਣ ਐਪਲ ਦੇ ਸੁਨੇਹੇ ਤੋਂ ਬਾਅਦ ਇੱਕ ਵਾਰ ਫਿਰ ਸਿਆਸੀ ਅਸਹਿਮਤੀ ਨੂੰ ਦਬਾਉਣ, ਵਿਰੋਧੀ ਆਗੂਆਂ ਦੀ ਗੈਰ-ਕਾਨੂੰਨੀ ਨਿਗਾਹਬਾਨੀ ਕਰਨ ਅਤੇ ਸ਼ਹਿਰੀਆਂ ਦੀ ਨਿੱਜੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਸਬੰਧੀ ਸਵਾਲਾਂ ਦੀ ਝੜੀ ਲੱਗ ਗਈ ਹੈ।


ਯਾਦ ਰਹੇ, ਇਜ਼ਰਾਇਲੀ ਕੰਪਨੀ ਐਨ.ਐਸ.ਓ. ਦਾ ਸਾਫਟਵੇਅਰ ਪੈਗਾਸਸ ਐਨਕਰਿਪਟਿਡ (ਗੁਪਤ) ਸੁਨੇਹਿਆਂ ਨੂੰ ਖੁਫੀਆ ਢੰਗ ਨਾਲ ਪੜ੍ਹਨ ਅਤੇ ਨਿਸ਼ਾਨੇ 'ਤੇ ਲਏ ਗਏ ਵਿਅਕਤੀਆਂ ਦੇ ਫੋਨਾਂ ਦੇ ਕੈਮਰਿਆਂ ਤੇ ਮਾਈਕਰੋਫੋਨ ਨੂੰ ਰਿਮੋਟ ਰੂਪ ਵਿੱਚ ਚਾਲੂ ਕਰਨ ਦੇ ਸਮਰੱਥ ਹੈ। ਇਸ ਨਾਲ ਕਿਸੇ ਵਿਅਕਤੀ ਦੀ ਲੋਕੇਸ਼ਨ ਵਗੈਰਾ 'ਤੇ ਲਗਾਤਾਰ ਨਿਗਰਾਨੀ ਰੱਖੀ ਜਾ ਸਕਦੀ ਹੈ। ਇਸ ਸਬੰਧ ਵਿੱਚ ਜਾਂਚ ਲਈ ਸੁਪਰੀਮ ਕੋਰਟ ਵੱਲੋਂ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ ਸੀ। ਇਸ




ਕਮੇਟੀ ਨੂੰ ਇਸ ਕਿਸਮ ਦੇ ਸਾਫਟਵੇਅਰ ਦੀ ਹੋਂਦ ਦਾ ਕੋਈ ਸਬੂਤ ਨਹੀਂ ਸੀ ਮਿਲਿਆ। ਇਸ ਕਮੇਟੀ ਨੇ ਇਹ ਵੀ ਕਿਹਾ ਸੀ ਕਿ ਕੇਂਦਰ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਵਿੱਚ ਉਸ ਨੂੰ ਸਹਿਯੋਗ ਨਹੀਂ ਦਿੱਤਾ। ਇਸ ਸਥਿਤੀ ਵਿੱਚ ਗੈਰ-ਕਾਨੂੰਨੀ ਨਿਗਰਾਨੀ ਸਬੰਧੀ ਸ਼ੱਕ ਵਾਲੀ ਸਥਿਤੀ ਹਾਲੇ ਵੀ ਬਣੀ ਹੋਈ ਹੈ; ਖਾਸ ਕਰਕੇ ਆ ਰਹੀਆਂ ਲੋਕ ਸਭਾ ਚੋਣਾਂ ਦੇ ਸੰਦਰਭ ਵਿੱਚ।

ਐਪਲ ਕੰਪਨੀ ਨੇ ਹਾਲੇ ਬੀਤੇ ਮਹੀਨੇ ਹੀ ਆਪਣੇ ਫੋਨਾਂ ਦੇ ਸਾਫਟਵੇਅਰ ਨੂੰ ਅੱਪਡੇਟ ਕੀਤਾ ਸੀ। ਕੰਪਨੀ ਨੂੰ ਸੂਚਨਾ ਮਿਲੀ ਸੀ ਕਿ ਐਨ.ਐਸ.ਓ. ਸਪਾਈਵੇਅਰ ਉਸ ਦੇ ਆਈ ਫੋਨਾਂ ਅਤੇ ਆਈ ਪੈਡ ਵਿੱਚ ਸੰਨ੍ਹ ਲਗਾ ਸਕਦਾ ਹੈ। ਇਥੇ ਇਹ ਵੀ ਧਿਆਨ ਦੇਣ ਯੋਗ ਪੱਖ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ 2017 ਵਿੱਚ ਨਿੱਜਤਾ ਦੇ ਅਧਿਕਾਰ ਨੂੰ ਬੁਨਿਆਦੀ ਮਨੁੱਖੀ ਅਧਿਕਾਰ ਐਲਾਨਿਆ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਮੌਜੂਦਾ ਸੰਵਿਧਾਨਕ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਸਮਝਿਆ ਗਿਆ ਸੀ। ਮੁਲਕ ਦੀ ਸੁਰੱਖਿਆ ਅਤੇ ਅਖੰਡਤਾ ਦੇ ਨਜ਼ਰੀਏ ਤੋਂ ਸਰਕਾਰ ਨੂੰ ਅਤਿਵਾਦੀਆਂ, ਅਪਰਾਧੀਆਂ ਤੇ ਕਿਸੇ ਦੂਸਰੇ ਮੁਲਕ ਲਈ ਜਾਸੂਸੀ ਆਦਿ ਕਰਨ ਵਾਲੇ ਲੋਕਾਂ ਦੀ ਨਿਗਰਾਨੀ ਕਰਨ ਦੇ ਅਧਿਕਾਰ ਪ੍ਰਾਪਤ ਹਨ; ਪਰ ਆਮ ਸ਼ਹਿਰੀਆਂ, ਪੱਤਰਕਾਰਾਂ, ਸਿਆਸਤਦਾਨਾਂ ਅਤੇ ਸਮਾਜਿਕ ਕਾਰਕੁੰਨਾਂ ਦੀ ਨਿਗਰਾਨੀ ਕਰਨਾ ਇਸ ਕਾਨੂੰਨ ਦੀ ਦੁਰਵਰਤੋਂ ਹੀ ਕਿਹਾ ਜਾ ਸਕਦਾ। ਅਜਿਹੇ ਯਤਨਾਂ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ ਹੈ ਅਤੇ ਹਾਲੇ ਵੀ ਹੋ ਰਿਹਾ ਹੈ। ਇਸ ਕਿਸਮ ਦੀ ਵਿਆਪਕ ਅਤੇ ਗੈਰ-ਕਾਨੂੰਨੀ ਨਿਗਾਹਬਾਨੀ ਸਰਵੀਲੈਂਸ ਦਾ ਸਾਮਰਾਜ ਸਿਰਜਣ ਵੱਲ ਅੱਗੇ ਵਧਣ ਦੀ ਲਾਲਸਾ ਵਾਂਗ ਹੈ, ਜਿੱਥੇ ਮੁਲਕ ਦਾ ਹਰ ਸ਼ਹਿਰੀ ਅਤੇ ਉਸ ਦੀ ਨਿੱਜੀ ਜ਼ਿੰਦਗੀ ਸਰਕਾਰੀ ਕੈਮਰੇ ਦੀ ਅੱਖ ਹੇਠ ਹੋਵੇਗੀ।

ਨਾਮੀ ਸਾਹਿਤਕਾਰ ਜੌਰਜ ਔਰਵੈਲ ਦੇ ਨਾਵਲ '1984' ਵਿੱਚ ਇਸ ਕਿਸਮ ਦੇ 'ਸਰਵੀਲੈਂਸ ਸਾਮਰਾਜ' ਦੀ ਭਿਆਨਕਤਾ ਨੂੰ ਹੀ ਬਿਆਨ ਕੀਤਾ ਗਿਆ ਹੈ। ਇਹ ਜਮਹੂਰੀਅਤ ਦੀ ਸਮਾਪਤੀ ਵੱਲ ਵੀ ਕਦਮ ਹਨ। ਸਾਰੀਆਂ ਜਮਹੂਰੀ ਧਿਰਾਂ ਨੂੰ ਇਸ ਕਿਸਮ ਦੀ ਨਿਗਾਹਬਾਨੀ ਦਾ ਵਿਰੋਧ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।



# ਉੱਤਰੀ ਭਾਰਤ ਸੰਘਣੇ ਹਵਾ ਪ੍ਰਦੂਸ਼ਣ ਦੀ ਮਾਰ ਹੇਠ

ਜਸਵੀਰ ਸਿੰਘ ਸ਼ੀਰੀ

ਉੱਤਰੀ ਭਾਰਤ, ਖਾਸ ਕਰਕੇ ਦਿੱਲੀ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਸੰਘਣੇ ਹਵਾ ਪ੍ਰਦੂਸ਼ਣ ਦਾ ਕਹਿਰ ਜਾਰੀ ਹੈ। ਇਸੇ ਦੌਰਾਨ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਪ੍ਰਦੂਸ਼ਣ ਦੇ ਮਾਮਲੇ 'ਤੇ ਸੁਣਵਾਈ ਕਰਦਿਆਂ ਬੀਤੇ ਮੰਗਲਵਾਰ ਕੇਂਦਰੀ ਕੈਬਨਿਟ ਸਕੱਤਰ ਨੂੰ ਹਦਾਇਤ ਦਿੱਤੀ ਕਿ ਪਰਾਲੀ ਸਾੜਨ ਦੇ ਮੁੱਦੇ ਨੂੰ ਲੈ ਕੇ ਸੰਬੰਧਤ ਰਾਜਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦੀ ਜਾਵੇ ਅਤੇ ਇਸ ਅਮਲ ਨੂੰ ਫੌਰੀ ਰੋਕਿਆ ਜਾਵੇ। ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ, ਜਿਸ ਵਿੱਚ ਜਸਟਿਸ ਸਿਧਾਂਸ਼ੂ ਧੂਲੀਆ ਵੀ ਸ਼ਾਮਲ ਹਨ, ਨੇ ਇਸ ਮਾਮਲੇ 'ਤੇ ਸੁਣਵਾਈ ਕਰਦਿਆਂ ਪੰਜਾਬ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੇ ਨੁਮਾਇੰਦਿਆਂ ਦੀ ਵੀ ਝਾੜ-ਝੰਬ ਵੀ ਕੀਤੀ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੂੰ ਸੰਬੋਧਨ ਹੁੰਦਿਆਂ ਅਦਾਲਤ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਪਰਾਲੀ ਨੂੰ ਅੱਗ ਲਾਉਣ ਦਾ ਸਿਲਸਲਾ ਫੌਰੀ ਬੰਦ ਹੋਵੇ। ਭਾਵੇਂ ਸਖਤੀ ਕਰੋ ਜਾਂ ਇਨਸੈਂਟਿਵ ਦਿਉ, ਪਰ ਇਹ ਸਾੜ-ਫੂਕ ਰੁਕਣੀ ਚਾਹੀਦੀ ਹੈ। ਇੰਨਾ ਜ਼ਿਆਦਾ ਪ੍ਰਦੂਸ਼ਣ ਲੋਕਾਂ ਦੀ ਹੱਤਿਆ ਕਰਨ ਵਾਂਗ ਹੈ।" ਅਦਾਲਤ ਨੇ ਇਸ ਮਸਲੇ ਉਤੇ ਰਾਜਨੀਤਿਕ ਤੋਹਮਤਬਾਜ਼ੀ ਨੂੰ ਬੰਦ ਕਰਨ ਲਈ ਵੀ ਕਿਹਾ ਹੈ। ਅਦਾਲਤ ਵੱਲੋਂ ਇਸ ਮਸਲੇ 'ਤੇ ਅਗਲੀ ਸੁਣਵਾਈ 10 ਨਵੰਬਰ ਨੂੰ ਰੱਖੀ ਗਈ ਹੈ।

ਯਾਦ ਰਹੇ, ਪਿਛਲੇ ਤਕਰੀਬਨ ਇੱਕ ਹਫਤੇ ਤੋਂ ਦਿੱਲੀ ਅਤੇ ਇਸ ਦੇ ਆਸਪਾਸ ਦੇ ਖੇਤਰ ਸੰਘਣੀ ਸਮੋਗ (ਸਮੋਕ+ਫੋਗ) ਦੀ ਮਾਰ ਹੇਠ ਹਨ। ਇਸ ਦਰਮਿਆਨ ਇਸ ਮਾਮਲੇ ਨੂੰ ਲੈ ਕੇ ਵੀ ਰਾਜਨੀਤਿਕ ਮਿਹਣੇਬਾਜ਼ੀ ਵੀ ਹੋਣ ਲੱਗੀ। ਜਿੱਥੇ ਕੇਂਦਰ, ਹਰਿਆਣਾ ਸਰਕਾਰ ਅਤੇ ਭਾਜਪਾ ਦੇ ਨੁਮਾਇੰਦੇ ਹਵਾ ਵਿੱਚ ਫੈਲੇ ਇਸ ਸੰਘਣੇ ਧੁੰਦ-ਧੂਏਂ ਲਈ ਪੰਜਾਬ ਅਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਉਥੇ ਦਿੱਲੀ ਅਤੇ ਪੰਜਾਬ ਸਰਕਾਰਾਂ ਆਪਣਾ ਬਚਾਅ ਕਰਨ ਦਾ ਯਤਨ ਕਰ ਰਹੀਆਂ ਹਨ।

ਪੰਜਾਬ ਸਰਕਾਰ ਦੀ ਜ਼ਿਆਦਾ ਕਿਰਕਰੀ ਉਦੋਂ ਸਾਹਮਣੇ ਆਈ, ਜਦੋਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਨੇਹੀਆਂਵਾਲ ਅਤੇ ਮਹਿਮਾ ਸਰਜਾ ਦੀ ਹੱਦ 'ਤੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਆਏ ਸਰਕਾਰੀ ਮੁਲਾਜ਼ਮਾਂ ਤੋਂ ਹੀ ਖੇਤਾਂ ਵਿੱਚ ਪਈ ਪਰਾਲੀ ਨੂੰ ਅੱਗ ਲਵਾਈ ਗਈ ਤੇ ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ।


ਸੁਪਰੀਮ ਕੋਰਟ ਵੱਲੋਂ ਪਰਾਲੀ ਦੀ ਸਾੜ-ਫੂਕ ਫੌਰੀ ਰੋਕਣ ਦੀ ਹਦਾਇਤ

ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਆਏ ਪੀ.ਡਬਲਿਊ.ਡੀ. ਦੇ ਅਧਿਕਾਰੀ ਅਤੇ ਨੋਡਲ ਅਫਸਰ ਹਰਪ੍ਰੀਤ ਸਿੰਘ ਸਾਗਰ ਤੋਂ ਕਿਸਾਨਾਂ ਨੇ ਜ਼ਬਰਦਸਤੀ ਪਰਾਲੀ ਨੂੰ ਅੱਗ ਲਗਵਾਈ। ਇਸ ਮਾਮਲੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਪਿੱਛੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦਾ ਨੋਟਿਸ ਲਿਆ ਅਤੇ ਐਕਸ 'ਤੇ ਇੱਕ ਟਵੀਟ ਕੀਤਾ। ਇਸ ਤੋਂ ਬਾਅਦ ਸੰਬੰਧਤ ਪੁਲਿਸ ਵੱਲੋਂ ਕਿਸਾਨਾਂ ਖਿਲਾਫ ਕੇਸ ਦਰਜ ਕੀਤੇ ਗਏ।

ਇਸੇ ਕਿਸਮ ਦੀ ਘਟਨਾ ਮਾਨਸਾ ਜ਼ਿਲ੍ਹੇ ਦੇ ਪਿੰਡ ਬਰਨਾਲਾ ਵਿੱਚ ਵੀ ਵਾਪਰੀ, ਜਿੱਥੇ ਪਰਾਲੀ ਸਾੜਨ ਤੋਂ ਰੋਕਣ ਲਈ ਆਏ ਅਧਿਕਾਰੀਆਂ ਨੂੰ ਕਿਸਾਨਾਂ ਨੇ ਬੰਦੀ ਬਣਾ ਲਿਆ। ਪਹਿਲੀ ਘਟਨਾ ਨੂੰ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਕਾਰਕੁੰਨਾਂ ਨੇ ਅੰਜਾਮ ਦਿੱਤਾ, ਜਦੋਂਕਿ ਦੂਜੀ ਘਟਨਾ ਵਿੱਚ ਉਗਰਾਹਾਂ ਗਰੁੱਪ ਦੇ ਕਾਰਕੁੰਨ ਸ਼ਾਮਲ ਸਨ। ਅਧਿਕਾਰੀਆਂ ਨੂੰ ਬੰਦੀ ਬਣਾਉਣ ਸੰਬੰਧੀ ਜਾਣਕਾਰੀ ਕਿਸਾਨ ਆਗੂ ਜਗੀਰ ਸਿੰਘ ਜਵਾਹਰਕੇ ਵਲੋਂ ਦਿੱਤੀ ਗਈ। ਮਾਨਸਾ ਦੇ ਨਾਇਬ ਤਹਿਸੀਲਦਾਰ ਸੁਖਦੇਵ ਸਿੰਘ ਵੱਲੋਂ ਕਿਸਾਨ ਨੂੰ ਪਰਾਲੀ ਦੀਆਂ ਗੰਢਾਂ ਬਣਾਉਣ ਵਾਲੇ ਬੇਲਰ ਮੁਹੱਈਆ ਕਰਵਾਉਣ ਦਾ ਯਕੀਨ ਦਵਾਉਣ ਤੋਂ ਬਾਅਦ ਹੀ ਅਧਿਕਾਰੀਆਂ ਨੂੰ ਛੱਡਿਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੀ ਕਾਰਵਾਈ ਨੂੰ ਅਣਮਨੁੱਖੀ ਕਿਹਾ। ਉਨ੍ਹਾਂ ਆਪਣੇ ਟਵੀਟ ਵਿੱਚ ਸੰਬੰਧਤ ਕਿਸਾਨਾਂ 'ਤੇ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ। ਇਸ ਤੋਂ ਪਿੱਛੋਂ ਸੰਬੰਧਤ ਕਿਸਾਨਾਂ ਖਿਲਾਫ ਸਥਾਨਕ ਪ੍ਰਸ਼ਾਸ਼ਨ ਵਲੋਂ ਕੇਸ ਦਰਜ ਕੀਤੇ ਗਏ, ਪਰ ਕਿਸਾਨ ਯੂਨੀਅਨਾਂ ਵਲੋਂ ਥਣਿਆਂ ਅੱਗੇ ਦਿੱਤੇ ਧਰਨਿਆਂ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਇਸ ਮਾਮਲੇ ਵਿੱਚ ਕਿਸਾਨ ਆਗੂ ਦਲੀਲ ਦੇ ਰਹੇ ਹਨ ਕਿ ਕਣਕ ਬੀਜਣ ਲਈ ਕਿਸਾਨਾਂ ਕੋਲ ਸਮਾਂ ਬਹੁਤ ਥੋੜ੍ਹਾ ਹੈ ਅਤੇ ਪ੍ਰਸ਼ਾਸਨ ਵੱਲੋਂ ਲੋੜੀਂਦੀ ਮਸ਼ੀਨਰੀ ਵੀ ਮੁਹੱਈਆ ਨਹੀਂ ਕਰਵਾਈ ਜਾ ਰਹੀ। ਇਸ ਲਈ ਕਿਸਾਨਾਂ ਕੋਲ ਪਰਾਲੀ ਨੂੰ ਅੱਗ ਲਾਉਣ ਤੋਂ ਬਿਨਾ ਕੋਈ ਚਾਰਾ ਨਹੀਂ ਹੈ। 6 ਨਵੰਬਰ ਵਾਲੇ ਦਿਨ 2060 ਥਾਂਵਾਂ 'ਤੇ ਪੰਜਾਬ ਵਿੱਚ ਪਰਾਲੀ ਨੂੰ ਅੱਗ ਲੱਗੀ। ਪਿਛਲੇ ਇੱਕ ਹਫਤੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ। ਇਸ ਮਾਮਲੇ ਵਿੱਚ ਬੀਤੇ ਦਿਨ ਅੰਮ੍ਰਿਤਸਰ ਦਾ ਏਅਰ ਕੁਆਲਿਟੀ ਇੰਡੈਕਸ 316 ਨੂੰ ਪਹੁੰਚ ਗਿਆ। ਬਠਿੰਡਾ ਦਾ ਏ.ਕਿਊ.ਆਈ. 288 ਅਤੇ ਲੁਧਿਆਣਾ ਦਾ 282 ਨੋਟ ਕੀਤਾ ਗਿਆ। ਨਵੀਂ ਦਿੱਲੀ ਵਿੱਚ ਏਅਰ ਕੁਆਲਿਟੀ ਇੰਡੈਕਸ ਸਭ ਤੋਂ ਮਾੜੀ ਸਥਿਤੀ ਨੂੰ ਪੁਜਾ। ਇੱਥੇ ਕੌਮੀ ਰਾਜਧਾਨੀ ਦੇ ਕਈ ਖੇਤਰਾਂ ਵਿੱਚ ਏਅਰ ਕੁਆਲਿਟੀ ਇੰਡੈਕਸ 474 ਨੂੰ ਛੂਹ ਗਿਆ। ਮਨੁੱਖੀ ਅਤੇ ਹੋਰ ਜੀਵ ਜੰਤੂਆਂ ਦੀ ਸਿਹਤ ਲਈ ਇਹ ਬੇਹੱਦ ਮਾੜੀ ਸਥਿਤੀ ਹੈ।

ਦਿੱਲੀ ਐਨ.ਸੀ.ਆਰ. ਵਿੱਚ ਹਵਾ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਜਿਸਤ/ਟਾਂਕ ਫਾਰਮੂਲਾ ਮੁੜ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫਾਰਮੂਲਾ ਰਾਜਧਾਨੀ ਵਿੱਚ 13 ਨਵੰਬਰ ਤੋਂ 20 ਨਵੰਬਰ ਤੱਕ ਲਾਗੂ ਰਹੇਗਾ। ਇਸ ਫਾਰਮੂਲੇ ਨਾਲ ਚਾਰ ਪਹੀਆ ਵਾਹਨਾਂ ਵਿੱਚੋਂ ਤਕਰੀਬਨ ਅੱਧੀਆਂ ਗੱਡੀਆਂ ਸੜਕਾਂ ਤੋਂ ਲੱਥ ਜਾਣਗੀਆਂ। 7 ਨਵੰਬਰ ਦੀ ਸਵੇਰ ਨੂੰ ਰਾਜਧਾਨੀ ਵਿੱਚ ਪ੍ਰਦੂਸ਼ਣ ਦਾ ਪੱਧਰ ਸਾਰਕਾਰੀ ਤੌਰ 'ਤੇ ਨਿਰਧਾਰਤ ਸੀਮਾਂ ਨਾਲੋਂ 8 ਗੁਣਾਂ ਵੱਧ ਨੋਟ ਕੀਤਾ ਗਿਆ। ਰਾਜਧਾਨੀ ਖੇਤਰ ਦੇ ਸਕੂਲਾਂ ਵਿੱਚ 10 ਨਵੰਬਰ ਤੱਕ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਇਮਤਿਹਾਨਾਂ ਕਾਰਨ ਪਲੱਸ-1 ਅਤੇ ਪਲੱਸ-2 ਦੇ ਬੱਚਿਆਂ ਦੀਆਂ ਕਲਾਸਾਂ ਲੱਗਣਗੀਆਂ। ਦਿੱਲੀ ਦੇ ਵਾਤਾਵਰਣ ਮੰਤਰੀ ਸ੍ਰੀ ਗੋਪਾਲ ਰਾਏ ਨੇ ਇਸ ਦੌਰਾਨ ਆਪਣੀ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਦਿੱਲੀ ਵਿੱਚ ਪ੍ਰਦੂਸ਼ਣ ਲਈ ਕੇਂਦਰ ਸਰਕਾਰ ਪੰਜਾਬ ਨੂੰ ਬਲੀ ਦਾ ਬੱਕਰਾ ਬਣਾ ਰਹੀ ਹੈ, ਜਦਕਿ ਭਾਜਪਾ ਦੀ ਆਪਣੀ ਸਰਕਾਰ ਵਾਲੇ ਰਾਜ ਹਰਿਆਣਾ ਅਤੇ ਉੱਤਰ ਪ੍ਰਦੇਸ਼ ਪਾਬੰਦੀ ਦੇ ਬਾਵਜੂਦ ਦਿੱਲੀ ਵਿੱਚ ਡੀਜ਼ਲ ਬੱਸਾਂ ਚਲਾ ਰਹੇ ਹਨ। ਜਦਕਿ ਪੰਜਾਬ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਪਿਛਲੇ ਸਾਲ ਨਾਲੋਂ 50 ਫੀਸਦੀ ਕਮੀ ਆਈ ਹੈ। ਪੰਜਾਬ ਵਿੱਚ ਇਨ੍ਹੀਂ ਦਿਨੀਂ ਕਿਸਾਨ ਭਾਵੇਂ ਤੇਜ਼ੀ ਨਾਲ ਕਣਕ ਦੀ ਬਿਜਾਈ ਵਿੱਚ ਰੁੱਝੇ ਹੋਏ ਹਨ, ਪਰ 25 ਕੁ ਫੀਸਦੀ ਝੋਨੇ ਦੀ ਫਸਲ ਵੀ ਹਾਲੇ ਨਿਪਟਾਰੇ ਖੁਣੋਂ ਖੜ੍ਹੀ ਹੈ। ਅਕਤੂਬਰ ਦੇ ਅਖੀਰ ਵਿੱਚ ਹੋਈ ਭਰਵੀਂ ਬਾਰਸ਼ ਨੇ ਝੋਨੇ ਦੀ ਫਸਲ ਨੂੰ ਭਾਵੇਂ ਕਾਫੀ ਨੁਕਸਾਨ ਪਹੁੰਚਾਇਆ, ਪਰ ਹਿੰਮਤੀ ਕਿਸਾਨਾਂ ਨੇ ਮੀਂਹ ਨਾਲ ਬਣੀ ਸਿੱਲ੍ਹ ਕਾਰਨ ਖੇਤਾਂ ਨੂੰ ਵਾਹ ਕੇ ਉਸੇ ਨਮੀ ਵਿੱਚ ਕਣਕ ਬੀਜਣੀ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਖੇਤੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਨੁਸਾਰ ਝੋਨੇ ਦੀ ਪਰਾਲੀ ਦੇ ਸਾੜ ਅਤੇ ਹਵਾ ਪ੍ਰਦੂਸ਼ਣ ਦੀ ਦ੍ਰਿਸ਼ਟੀ ਤੋਂ ਅਗਲੇ 10 ਦਿਨ ਬੇਹੱਦ ਮਹੱਤਵਪੂਰਨ ਹਨ। ਝੋਨੇ ਦੇ ਨਾੜ ਦੀ ਸਾੜ-ਫੂਕ ਤੋਂ ਇਲਾਵਾ ਆਉਂਦੇ ਦਿਨਾਂ ਵਿੱਚ ਦੀਵਾਲੀ ਦੇ ਕਾਰਨ ਵੀ ਹਵਾ ਪ੍ਰਦੂਸ਼ਣ ਦੇ ਵਧਣ ਦੇ ਆਸਾਰ ਹਨ। ਪਿਛਲੇ ਕਈ ਸਾਲਾਂ ਤੋਂ ਪਟਾਕੇ ਘੱਟ ਵਜਾਉਣ ਦੀ ਸਰਕਾਰੀ ਪ੍ਰੇਰਣਾ ਦੇ ਬਾਵਜੂਦ ਇਸ ਰੁਝਾਨ ਨੂੰ ਠੱਲ੍ਹ ਨਹੀਂ ਪੈ ਰਹੀ। ਦੀਵਾਲੀ ਤੋਂ ਅਗਲੇ ਦਿਨਾਂ ਵਿੱਚ ਆਮ ਤੌਰ 'ਤੇ ਹੀ ਹਵਾ ਦਾ ਪ੍ਰਦੂਸ਼ਣ ਵਧ ਜਾਂਦਾ ਹੈ। ਇਸ ਵਾਰ ਦੀਵਾਲੀ 13 ਨਵੰਬਰ ਵਾਲੇ ਦਿਨ ਮਨਾਈ ਜਾ ਰਹੀ ਹੈ। ਪੰਜਾਬ ਵਿੱਚ ਇਸ ਤੋਂ ਪਹਿਲਾਂ ਹੀ ਸੰਘਣੇ ਧੂਏਂ-ਧੁੰਦ ਦਾ ਪ੍ਰਛਾਵਾਂ ਪੈ ਰਿਹਾ ਹੈ। ਧੂਏਂ ਕਾਰਨ ਆਸਮਾਨ ਭੂਰਾ (ਹੇਜ਼ੀ) ਦਿਸਣ ਲੱਗਾ ਹੈ ਅਤੇ ਦਿਨ ਵੇਲੇ ਦੀ ਧੁੱਪ ਵੀ ਮਰੀਅਲ ਜਿਹੀ ਹੋ ਗਈ ਹੈ। ਸ਼ਾਮ ਨੂੰ ਛਿਪਣ ਤੋਂ ਪਹਿਲਾਂ ਹੀ ਸੂਰਜ ਧੁੰਦ-ਧੂਏਂ ਦੀ ਚਾਦਰ ਵਿੱਚ ਅਲੋਪ ਹੋ ਜਾਂਦਾ ਹੈ।

ਸਿਹਤ ਮਾਹਿਰਾਂ ਅਤੇ ਡਾਕਟਰਾਂ ਅਨੁਸਾਰ ਇਨ੍ਹਾਂ ਦਿਨਾਂ ਵਿੱਚ ਨਾ ਸਿਰਫ ਸਾਹ ਅਤੇ ਫੇਫੜਿਆਂ ਦੀਆਂ ਹੋਰ ਬੀਮਾਰੀਆਂ ਨਾਲ ਗ੍ਰਸਤ ਲੋਕਾਂ ਦੀਆਂ ਸਮੱਸਿਆਵਾਂ ਵਧਣਗੀਆਂ, ਸਗੋਂ ਤੰਦਰੁਸਤ ਵਿਅਕਤੀ ਵੀ ਹਵਾ ਪ੍ਰਦੂਸ਼ਣ ਦੀ ਮਾਰ ਵਿੱਚ ਆ ਸਕਦੇ ਹਨ। ਹਵਾ ਪ੍ਰਦੂਸ਼ਣ ਨਾਲ ਇੱਕ ਪਾਸੇ ਤਾਂ ਫੇਫੜਿਆਂ ਦੀ ਆਕਸੀਜਨ ਗ੍ਰਹਿਣ ਕਾਰਨ ਦੀ ਸ਼ਕਤੀ ਵਿੱਚ ਕਮੀ ਆ ਜਾਂਦੀ ਹੈ। ਦੂਜੇ ਪਾਸੇ ਇਸ ਨਾਲ ਮਨੁੱਖੀ ਸਰੀਰ ਦਾ ਸੁਰੱਖਿਆ ਪ੍ਰਬੰਧ ਵੀ ਕਮਜ਼ੋਰ ਹੁੰਦਾ ਹੈ। ਇਸ ਲਈ ਹੋਰ ਬਿਮਾਰੀਆਂ ਵੀ ਲੋਕਾਂ ਨੂੰ ਘੇਰ ਸਕਦੀਆਂ ਹਨ। ਰਾਜਧਾਨੀ ਦੇ ਹਸਪਤਾਲਾਂ ਵਿੱਚ ਤਾਂ ਫੇਫੜਿਆਂ ਅਤੇ ਸਾਹ ਨਾਲ ਸੰਬੰਧਤ ਕੇਸਾਂ ਦੇ ਵਧਣ ਦੀਆਂ ਰਿਪੋਰਟਾਂ ਪਹਿਲਾਂ ਹੀ ਆ ਰਹੀਆਂ ਹਨ।

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਦਾ ਅਮਲ ਸ਼ੁਰੂ

ਅਸੈਂਬਲੀ ਚੋਣ ਲਈ ਕੁੱਲ 174 ਉਮੀਦਵਾਰ ਮੈਦਾਨ ਵਿੱਚ ਸਨ। ਸੱਤਾਧਾਰੀ ਮੀਜ਼ੋ ਨੈਸ਼ਨਲ ਫਰੰਟ, ਮੁੱਖ ਵਿਰੋਧੀ ਪਾਰਟੀ ਜ਼ੋਰਾਮ ਪੀਪਲਜ਼ (ਜੈਡ.ਪੀ.ਐਮ) ਮੂਵਮੈਂਟ ਅਤੇ ਕਾਂਗਰਸ ਨੇ 40 ਸੀਟਾਂ 'ਤੇ ਆਪੋ ਆਪਣੇ ਉਮੀਦਵਾਰ ਉਤਾਰੇ ਸਨ। ਭਾਜਪਾ ਨੇ 23 ਸੀਟਾਂ ਅਤੇ ਆਮ ਆਦਮੀ ਪਾਰਟੀ ਨੇ 4 ਵਿਧਾਨ ਸਭਾ ਹਲਕਿਆਂ ਵਿੱਚ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਸਨ। ਛੱਤੀਸਗੜ੍ਹ ਵਿੱਚ ਨਾ ਸਿਰਫ ਵੋਟਿੰਗ ਫੀਸਦੀ ਘੱਟ ਹੋਈ ਹੈ, ਸਗੋਂ ਕਈ ਥਾਂਈਂ ਹੋਈ ਨਕਸਲੀ ਹਿੰਸਾ ਨੇ ਵੀ ਚੋਣ ਅਮਲ ਨੂੰ ਪ੍ਰਭਾਵਤ ਕੀਤਾ।

ਰਾਜ ਦੇ ਸੁਕਮਾ ਜ਼ਿਲ੍ਹੇ ਵਿੱਚ ਨਕਸਲੀਆਂ ਵੱਲੋਂ ਕੀਤੇ ਗਏ ਇੱਕ ਆਈ.ਈ.ਡੀ. ਧਮਾਕੇ ਵਿੱਚ ਸੀ.ਆਰ.ਪੀ.ਐਫ. ਦਾ ਇਕ ਕਮਾਂਡੋ ਜ਼ਖਮੀ ਹੋ ਗਿਆ। ਇਸੇ ਜ਼ਿਲ੍ਹੇ ਦੇ ਬਾਂਦਾ ਪੋਲਿੰਗ ਸਟੇਸ਼ਨ ਨੇੜੇ ਮਿੰਪਾ ਅਤੇ ਦੁਲੇੜ ਪਿੰਡਾਂ ਵਿਚਾਲੇ ਜੰਗਲੀ ਇਲਾਕੇ ਵਿੱਚ ਸੁਰੱਖਿਆ ਦਸਤਿਆਂ ਅਤੇ ਨਕਸਲੀਆਂ ਵਿਚਾਲੇ ਇੱਕ ਮੁਕਾਬਲਾ ਹੋਇਆ, ਜਿਸ ਵਿੱਚ ਸਰੱਖਿਆ ਦਸਤਿਆਂ ਦੇ ਚਾਰ ਜਵਾਨ ਜ਼ਖਮੀ ਹੋ ਗਏ। ਇਨ੍ਹਾਂ ਵਿੱਚ ਕੋਬਰਾ ਯੂਨਿਟ ਦੇ ਦੋ ਜਵਾਨ ਵੀ ਸ਼ਾਮਲ ਸਨ। ਇਸੇ ਤਰ੍ਹਾਂ ਨਰਾਇਣਪੁਰ ਜ਼ਿਲ੍ਹੇ ਵਿੱਚ ਓਰਛਾ ਪੁਲਿਸ ਥਾਣੇ ਵਿੱਚ ਪੈਂਦੇ ਇੱਕ ਇਲਾਕੇ ਵਿੱਚ ਵੀ ਸੁਰੱਖਿਆ ਦਸਤਿਆਂ ਅਤੇ ਨਕਸਲੀਆਂ ਵਿਚਾਲੇ ਮੁਕਾਬਲਾ ਹੋਇਆ।

ਯਾਦ ਰਹੇ, ਪਿਛਲੇ ਹਫਤੇ ਨਕਸਲੀਆਂ ਨੇ ਭਾਜਪਾ ਆਗੂ ਰਤਨ ਦੂਬੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਛੱਤੀਸਗੜ੍ਹ ਅਸੈਂਬਲੀ ਦੀਆਂ ਕੁੱਲ 90 ਸੀਟਾਂ ਹਨ, ਜਿਨ੍ਹਾਂ ਵਿੱਚੋਂ 20 'ਤੇ ਵੋਟਿੰਗ ਹੋਈ ਹੈ। ਇਨ੍ਹਾਂ 20 ਸੀਟਾਂ 'ਤੇ 25 ਔਰਤਾਂ ਸਮੇਤ 223 ਉਮੀਦਵਾਰ ਚੋਣਾਂ ਲੜ ਰਹੇ ਹਨ। ਪੰਜ ਰਾਜਾਂ ਵਿੱਚ ਹੋਣ ਵਾਲੀਆਂ ਇਨ੍ਹਾਂ ਚੋਣਾਂ ਦੇ ਨਤੀਜੇ 3 ਦਸੰਬਰ ਨੂੰ ਆਉਣਗੇ। ਇਹ ਨਤੀਜੇ ਹੀ ਸ਼ਾਇਦ ਕੋਈ ਸੂਹ ਦੇਣਗੇ ਕਿ 2024 ਦੀਆਂ ਲੋਕ ਸਭਾ ਚੋਣਾਂ ਦਾ ਊਠ ਕਿਸ ਕਰਵਟ ਬੈਠ ਰਿਹਾ ਹੈ।

ਕੁਝ ਸਮਾਂ ਪਹਿਲਾਂ ਹੋਏ ਸਰਵੇਖਣ ਭਾਜਪਾ ਲਈ ਮਾੜੇ ਸੰਦੇਸ਼ ਦਿੰਦੇ ਵਿਖਾਈ ਦਿੱਤੇ ਅਤੇ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਨੂੰ ਲੈ ਕੇ ਆਸਵੰਦ ਵਿਖਾਈ ਦੇ ਰਹੀ ਹੈ, ਪਰ ਅਗਲੇ ਸਾਲ ਦੇ ਸ਼ੁਰੂ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਨਤੀਜੇ ਇੱਕ ਕਿਸਮ ਦਾ ਸੈਮੀਫਾਈਨਲ ਸਮਝੇ ਜਾਣਗੇ। ਇਨ੍ਹਾਂ ਨਤੀਜਿਆਂ ਤੋਂ ਵੱਖ-ਵੱਖ ਪਾਰਟੀਆਂ ਦੇ ਵਰਕਰਾਂ ਦੇ ਉਤਸ਼ਾਹ ਤੇ ਪ੍ਰਭਾਵਤ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਲੋਕ ਸਭਾ ਚੋਣਾਂ ਦੀ ਜੰਗ ਲਈ ਇਨ੍ਹਾਂ ਚੋਣਾਂ ਦੇ ਨਤੀਜੇ ਵੋਟਿੰਗ ਪਿੱਚ ਨੂੰ ਪੂਰੀ ਤਰ੍ਹਾਂ ਤਿਆਰ ਕਰ ਸਕਦੇ ਹਨ।


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074


Managed by:
Anureet Kaur
Kuljeet Singh


'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



Punjabi Parwaz
ਪੰਜਾਬੀ ਪਰਵਾਜ਼ ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ


Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income
Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group


BUY | SELL | RENT
FOR ALL YOUR REAL ESTATE NEEDS
COLDWELL BANKER REALTY
VENKAT TALARI
REALTOR
847-372-9986
venkat@cbrealty.com
The Best Investmenton EARTH is
REAL ESTATE
An Illinois Residential Mortgage Lincensee
MORTGAGE LOAN OFFICER
KRISHNA KAIRAMKONDA
NMLS#2239754
FIND OUT MORE FOR LOW INTEREST RATES & QUALITY SERVICE
Contact :
210-862-0139
krishna@hmsiloans.com
For more information
www.hmsiloans.com/krishna
Let's Build Wealth Together
ACCELERATE GROWTH MINIMIZE RISK
Rajesh Ravikumar
Licensed Financial Professional
Financial Independence begins with Proper Financial Education
210-859-9042 // 630-245-3435
www.MyFortuneCreators.com
FINANCIAL SERVICES
WEALTH STRATGIES
RETIREMENT STRATGIES
COLLEGE PLANNING
LIVING WILL & TRUST
LIFE INSURANCE
TAX GUIDELINES
401K ROLLOVER
MANAGED GROWTH


PARDEEP MANDA
(630)-506-3890
MEDICARE ADVANTAGE
• $0 or low monthly premiums
• Perscription drug coverage
• Dental Coverage
• Vision Coverage
• Fitness Benefits
• 24/Hour Nurse Line
BENEFITS ADVISOR
HEALTH INSURANCE
LET ME ANSWER YOUR QUESTIONS!
• How does medicare work?
• Am I eligible for Medicare?
• What are the Medicare parts?
• How do I choose the right plan?
*We do not offer every plan available in your area. Any information we provide is limited to the plans that we offer in your area. *
ਮੈਡੀਕੇਅਰ ਦੇ ਫਾਇਦੇ
■$0 ਜਾਂ ਘੱਟ ਮਾਸਿਕ ਪ੍ਰੀਮੀਅਮ
■ਨੁਸਖ਼ੇ ਵਾਲੀ ਡਰੱਗ ਕਵਰੇਜ
■ਦੰਦਾਂ ਦੀ ਕਵਰੇਜ ■ਫਿਟਨੈਸ ਲਾਭ
■24/7 ਘੰਟੇ ਦੀ ਨਰਸ ਲਾਈਨ
ਮੈਡੀਕੇਅਰ ਦੇ ਫਾਇਦਿਆਂ ਸਬੰਧੀ ਸਵਾਲਾਂ ਦੇ ਜਵਾਬ ਲਈ ਕਾਲ ਕਰੋ
ਲਾਭ ਸਲਾਹਕਾਰ
ਸਿਹਤ ਬੀਮਾ
■ਮੈਡੀਕੇਅਰ ਕਿਵੇਂ ਕੰਮ ਕਰਦੀ ਹੈ?
■ਕੀ ਮੈਂ ਮੈਡੀਕੇਅਰ ਲਈ ਯੋਗ ਹਾਂ?
■ਮੈਡੀਕੇਅਰ ਪਾਰਟਸ ਕੀ ਹਨ?
■ਮੈਂ ਸਹੀ ਯੋਜਨਾ ਕਿਵੇਂ ਚੁਣਾਂ?
ਅਸੀਂ ਤੁਹਾਡੇ ਖੇਤਰ ਵਿੱਚ ਉਪਲਬਧ ਹਰ ਯੋਜਨਾ ਦੀ ਪੇਸ਼ਕਸ਼ ਨਹੀਂ ਕਰਦੇ ਹਾਂ। ਜੋ ਵੀ ਜਾਣਕਾਰੀ ਅਸੀਂ ਪ੍ਰਦਾਨ ਕਰਦੇ ਹਾਂ, ਉਹ ਉਨ੍ਹਾਂ ਯੋਜਨਾਵਾਂ ਤੱਕ ਸੀਮਿਤ ਹੈ ਜੋ ਅਸੀਂ ਤੁਹਾਡੇ ਖੇਤਰ ਵਿੱਚ ਪੇਸ਼ ਕਰਦੇ ਹਾਂ।*

# ਮਲੇਰਕੋਟਲਾ ਦੀ ਆਖਰੀ ਬੇਗਮ ਦੀ ਵਿਦਾਇਗੀ

**ਵੁਹ ਜਾ ਰਹਾ ਹੈ ਕੋਈ ਸ਼ਬੇ ਗ਼ਮ ਗੁਜ਼ਾਰ ਕੇ...**

**ਸਾਜਿਦ ਇਸਹਾਕ**

ਨਵਾਬ ਸ਼ੇਰ ਮੁਹੰਮਦ ਖਾਨ ਦੀ ਵਾਰਿਸ ਅਤੇ ਰਿਆਸਤ ਮਲੇਰਕੋਟਲਾ ਦੇ ਆਖਰੀ ਨਵਾਬ ਮੁਹੰਮਦ ਇਫਤਿਖਾਰ ਅਲੀ ਅਹਿਮਦ ਖਾਨ ਦੀ ਆਖਰੀ ਬੇਗਮ ਮੁਨੱਵਰ ਉਲ ਨਿਸਾ ਨੇ ਬੀਤੀ 29 ਅਕਤੂਬਰ ਨੂੰ ਮੁਬਾਰਕ ਮੰਜ਼ਿਲ ਵਿੱਚ ਆਖਰੀ ਸਾਹ ਲਏ। ਇੰਜ ਰਿਆਸਤ ਮਲੇਰਕੋਟਲਾ ਦੀ ਆਖਰੀ ਨਿਸ਼ਾਨੀ ਵੀ ਮਣਾਂ ਮੂੰਹੀਂ ਮਿੱਟੀ ਹੇਠਾਂ ਦਫਨ ਹੋ ਕੇ ਰਹਿ ਗਈ।

ਰੁਖਸਤ ਹੂਈ ਤੋ ਆਂਖ ਮਿਲਾ ਕਰ ਨਹੀਂ ਗਈ।
ਵੁਹ ਕਿਉਂ ਗਈ ਹੈ, ਯਹ ਭੀ ਬਤਾ ਕਰ ਨਹੀਂ ਗਈ।

ਬੇਗਮ ਮੁਨੱਵਰ ਉਲ ਨਿਸਾ ਇਸ ਰਿਆਸਤ ਦੀ ਅੰਤਿਮ ਨਿਸ਼ਾਨੀ ਸਨ ਅਤੇ 103 ਸਾਲ ਦੀ ਉਮਰ ਵਿੱਚ ਆਖਿਰ ਇਸ ਦੌਰ ਦਾ ਅੰਤ ਹੋ ਗਿਆ। ਟੌਂਕ ਰਿਆਸਤ ਦੇ ਪਰਿਵਾਰ ਵਿੱਚੋਂ ਇਹ ਸ਼ਹਿਜ਼ਾਦੀ ਵਿਆਹ ਪਿੱਛੋਂ 1950 ਵਿੱਚ ਮਲੇਰਕੋਟਲਾ ਆਏ। ਰਿਆਸਤ ਦੇ ਆਖਰੀ ਨਵਾਬ ਇਫਤਿਖਾਰ ਅਲੀ ਅਹਿਮਦ ਖਾਨ ਦੀਆਂ ਪੰਜ ਬੇਗਮਾਂ ਵਿੱਚੋਂ ਇਹ ਚੌਥੇ ਨੰਬਰ ਵਾਲੀ ਬੇਗਮ ਸਨ। ਬੇਗਮ ਯੂਸਫ ਜ਼ਮਾਂ ਅਤੇ ਬੇਗਮ ਸਾਜ਼ਿਦਾ ਵਾਂਗ ਇਨ੍ਹਾਂ ਦੀ ਸਿਆਸਤ ਵਿੱਚ ਕੋਈ ਰੁਚੀ ਨਹੀਂ ਸੀ; ਪਰ ਕਲਾਤਮਕ ਰੁਚੀਆਂ ਅਤੇ ਸਮਾਜੀ ਰਹੁ-ਰੀਤਾਂ ਨੂੰ ਨਿਭਾਉਣ ਵਾਲੀ ਇਹ ਬੇਗਮ ਆਪਣੇ ਸਮੇਂ ਦੀ ਬੇਹੱਦ ਖੂਬਸੂਰਤ ਔਰਤ ਸਨ। ਉਨ੍ਹਾਂ ਨੂੰ ਰਿਆਸਤ ਦੇ ਲੋਕ ਬਹੁਤ ਪਿਆਰ ਕਰਦੇ ਸਨ। ਆਪਣੀ ਆਖਰੀ ਉਮਰ ਵਿੱਚ ਸਹਾਰੇ ਲਈ ਉਹ ਆਪਣੇ ਸੇਵਾਦਾਰਾਂ 'ਤੇ ਹੀ ਮੁਨੱਸਰ ਕਰਦੇ ਸਨ। ਬੇਗਮ ਸਾਹਿਬਾ ਆਪਣੇ ਆਖਰੀ ਸਮੇਂ ਵਿੱਚ ਬਹੁਤਾ ਬੋਲਚਾਲ ਨਹੀਂ ਸਕਦੇ ਸਨ, ਪਰ ਉਨ੍ਹਾਂ ਦੀ ਮਿੱਠੜੀ ਜਿਹੀ ਮੁਸਕਾਨ ਕਈਆਂ ਦੇ ਦਿਲਾਂ ਨੂੰ ਮੋਹ ਮੁਹੱਬਤ ਦੀਆਂ ਰਮਜ਼ਾਂ ਸਮਝਾਉਂਦੀ ਨਜ਼ਰ ਆਉਂਦੀ ਸੀ। ਇਸ ਲੇਖਕ ਨੇ ਕੁਝ ਸਮਾਂ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕਰਕੇ ਕੁਝ ਜਾਨਣਾ ਚਾਹਿਆ ਸੀ, ਪਰ ਉਨ੍ਹਾਂ ਦਾ ਬੋਲਿਆ ਕੁਝ ਸਮਝ ਨਾ ਆਉਣ ਕਰਕੇ ਇਹ ਗੱਲਬਾਤ ਦਸਤਾਵੇਜ਼ੀ ਇਤਿਹਾਸ ਦਾ ਹਿੱਸਾ ਨਾ ਬਣ ਸਕੀ,

ਏਕ ਲਮਹੇ ਮੇ ਸਿਮਟ ਆਇਆ ਹੈ ਸਦੀਓਂ ਕਾ ਸਫਰ
ਜ਼ਿੰਦਗੀ ਬਹੁਤ ਤੇਜ਼ ਬਹੁਤ ਤੇਜ਼ ਚਲੀ ਹੈ ਜੈਸੇ।

ਪਟਿਆਲਾ ਰਿਆਸਤ ਨਾਲ ਮਲੇਰਕੋਟਲਾ ਰਿਆਸਤ ਦੇ ਸਬੰਧ ਸਕੇ ਸਬੰਧੀਆਂ ਵਾਲੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਮਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਸਮੇਂ ਮਲੇਰਕੋਟਲਾ ਨਾਲ ਆਪਣੇ ਨਜ਼ਦੀਕੀ ਸਬੰਧਾਂ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਮੈਂ ਛੋਟਾ ਹੁੰਦਾ ਮੁਬਾਰਕ ਮੰਜ਼ਿਲ ਵਿੱਚ ਖੇਡਦਾ ਰਿਹਾ ਹਾਂ। ਜੂਨ 2021 ਵਿੱਚ ਜਦੋਂ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜ਼ਿਲ੍ਹਾ ਐਲਾਨਿਆ ਗਿਆ ਤਾਂ ਮੁੱਖ ਮੰਤਰੀ ਵੱਲੋਂ ਇਸ ਸ਼ਾਹੀ ਪਰਿਵਾਰ ਦਾ ਜ਼ਿਕਰ ਖਾਸ ਤੌਰ 'ਤੇ ਕੀਤਾ ਗਿਆ ਸੀ। ਬੇਗਮ ਸਾਹਿਬਾਂ ਨੂੰ ਉਹ ਹਮੇਸ਼ਾ 'ਚਾਚੀ ਬੇਗਮ' ਨਾਲ ਯਾਦ ਕਰਦੇ ਸਨ।

ਰਿਆਸਤ ਮਲੇਰਕੋਟਲਾ ਦੀ ਆਖਰੀ ਬੇਗਮ ਹੋਣ ਦੇ ਨਾਤੇ ਬੇਗਮ ਮੁਨੱਵਰ ਉਲ ਨਿਸਾ ਨੂੰ ਜੇ 'ਮਾਦਰੇ ਮਲੇਰਕੋਟਲਾ' ਕਿਹਾ ਜਾਵੇ ਤਾਂ ਇਹ ਕੋਈ ਅਤਿ ਕਥਨੀ ਨਹੀਂ ਹੋਏਗੀ। ਜਾਣੇ-ਅਣਜਾਣੇ ਵਿੱਚ ਸ਼ਹਿਰ ਦੇ ਲੋਕਾਂ ਦਾ ਜੋ ਰੁਝਾਨ ਮੁਬਾਰਕ ਮੰਜ਼ਿਲ ਵੱਲ ਜਾਂਦਾ ਸੀ, ਹੁਣ ਉਹ ਵੀ ਕਿਸੇ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਜਾਵੇਗਾ। ਇਸ ਇਤਿਹਾਸ ਨੂੰ ਜੀਵਤ ਰੱਖਣ ਲਈ ਜ਼ਰੂਰਤ ਹੈ ਕਿ ਇਨ੍ਹਾਂ ਇਤਿਹਾਸਕ ਥਾਂਵਾਂ ਨੂੰ ਯਾਦਗਾਰੀ ਸਮਾਰਕਾਂ ਵਜੋਂ ਸਾਂਭਿਆ ਜਾਵੇ। ਇਸ ਕਿਸਮ ਦੇ ਕਾਰਜ ਤਾਂ ਸਮੇਂ ਦੀਆਂ ਸਰਕਾਰਾਂ ਹੀ ਕਰ ਸਕਦੀਆਂ ਹਨ। ਬੇਗਮ ਸਾਹਿਬਾ ਧੁਰ ਜਹਾਨਾਂ ਵੱਲ ਤੁਰ ਗਈ ਹੈ। ਕੋਈ ਵਾਰਸ ਨਹੀਂ ਬਚਿਆ, ਹੁਣ ਕੀ ਹੋਵੇਗਾ? ਵਿਰਾਸਤ ਦਾ ਕੀ ਬਣੇਗਾ? ਰਿਆਸਤ ਦਾ ਨਵਾਂ ਇਤਿਹਾਸ ਕੀ ਹੋਵੇਗਾ? ਇਹੋ ਜਿਹੇ ਕਈ ਸਵਾਲ ਜ਼ਰੂਰ ਲੋਕਾਂ ਦੇ ਜ਼ਿਹਨਾਂ ਵਿੱਚ ਉਪਜਦੇ ਰਹਿਣਗੇ। ਲੋਕੀ ਆਏ, ਜਨਾਜ਼ਾ ਪੜ੍ਹਿਆ, ਸਲਾਮੀ ਹੋਈ ਅਤੇ ਸ਼ਾਹੀ ਮਕਬਰਿਆਂ ਵਿੱਚ ਆਖਰੀ ਨਵਾਬ ਦੀ ਕਬਰ ਦੇ ਦੂਜੇ ਪਾਸੇ ਉਨ੍ਹਾਂ ਨੂੰ ਦਫਨਾ ਦਿੱਤਾ ਗਿਆ। ਇਹੋ ਹੀ ਇੱਕ ਸੱਚਾਈ ਹੈ,

ਲੋਹ ਜੋਕ, ਦਰ ਜੋਕ ਚਲੇ ਜਾਤੇ ਹੈਂ
ਨਹੀਂ ਮਾਲੂਮ ਤਹਿ ਖਾਕ ਤਮਾਸ਼ਾ ਕਿਆ ਹੈ।



ਬੇਗਮ ਮੁਨੱਵਰ ਉਲ ਨਿਸਾ

## ਹਾਅ ਦਾ ਨਾਅਰਾ ਮਾਰਨ ਵਾਲਾ ਨਵਾਬ ਸ਼ੇਰ ਮੁਹੰਮਦ ਖਾਨ

ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ 1704 ਈਸਵੀ ਵਿੱਚ ਜਦੋਂ ਆਪਣੀ ਕਚਹਿਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਦਿਆਂ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਹਿ ਸਿੰਘ (7 ਸਾਲ) ਨੂੰ ਕੰਧਾਂ ਵਿੱਚ ਚਿਣਾਉਣ ਦਾ ਤਾਨਾਸ਼ਾਹੀ ਹੁਕਮ ਸੁਣਾ ਰਿਹਾ ਸੀ ਤਾਂ ਉਥੇ ਮਲੇਰਕੋਟਲਾ ਦੇ ਉਦੋਂ ਦੇ ਨਵਾਬ ਸ਼ੇਰ ਮੁਹੰਮਦ ਖਾਨ ਵੀ ਮੌਜੂਦ ਸਨ। ਉਨ੍ਹਾਂ ਗੁਰੂ ਸਾਹਿਬ ਦੇ ਬੱਚਿਆਂ ਨੂੰ ਸੁਣਾਈ ਗਈ ਇਸ ਸਜ਼ਾ ਦਾ ਜ਼ੋਰਦਾਰ ਵਿਰੋਧ ਕੀਤਾ। ਦਰਅਸਲ ਸੂਬੇਦਾਰ ਦੋਵਾਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਗ੍ਰਹਿਣ ਕਰਨ ਲਈ ਆਖ ਰਿਹਾ ਸੀ। ਉਸ ਨੇ ਕਿਹਾ ਕਿ ਜੇ ਦੋਨੋਂ ਬਾਲ ਹੁਕਮ ਮੰਨ ਲੈਣਗੇ ਤਾਂ ਉਨ੍ਹਾਂ ਨੂੰ ਬਖਸ਼ ਦਿੱਤਾ ਜਾਵੇਗਾ, ਨਹੀਂ ਤਾਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਹੀਂ ਸਨ ਹੋ ਰਹੇ। ਤਦ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਸੂਬੇਦਾਰ ਨੂੰ ਆਖਿਆ ਸੀ ਕਿ ਸਾਹਿਬਜ਼ਾਦਿਆਂ ਨਾਲ ਅਜਿਹਾ ਵਿਹਾਰ ਕਤੱਈ ਨਹੀਂ ਕੀਤਾ ਜਾਣਾ ਚਾਹੀਦਾ। ਇਹ ਇਨਸਾਨੀਅਤ ਨਹੀਂ ਹੋਵੇਗੀ ਅਤੇ ਇਸਲਾਮ ਵਿਰੋਧੀ ਕਾਰਵਾਈ ਹੋਵੇਗੀ। ਨਵਾਬ ਸ਼ੇਰ ਮੁਹੰਮਦ ਖਾਨ ਦੀ ਇਹ ਦਲੀਲ ਸੁਣ ਕੇ ਕਚਹਿਰੀ ਵਿੱਚ ਸੱਨਾਟਾ ਛਾ ਗਿਆ, ਕਿਉਂਕੇ ਇਸ ਤੋਂ ਪਹਿਲਾਂ ਸੂਬੇਦਾਰ ਦੇ ਖਿਲਾਫ ਕਿਸੇ ਨੇ ਵੀ ਇਸ ਕਿਸਮ ਦੀ ਆਵਾਜ਼ ਚੁੱਕਣ ਦੀ ਜੁਰਅਤ ਨਹੀਂ ਸੀ ਕੀਤੀ। ਗੁੱਸੇ ਨਾਲ ਲਾਲ ਸੁਰਖ ਹੋਏ ਵਜ਼ੀਰ ਖਾਨ ਨੇ ਕਿਹਾ ਕਿ ਉਹ ਇਹ ਨਾ ਭੁੱਲਣ ਕਿ ਸਿੱਖ ਫੌਜ ਨਾਲ ਹੋਈ ਲੜਾਈ ਵਿੱਚ ਉਨ੍ਹਾਂ (ਨਵਾਬ ਸ਼ੇਰ ਮੁਹੰਮਦ ਖਾਨ) ਦਾ ਸਕਾ ਭਰਾ ਵੀ ਮਾਰਿਆ ਗਿਆ ਹੈ। ਤਦ ਨਵਾਬ ਨੇ ਤੁਰੰਤ ਜਵਾਬ ਦਿੱਤਾ ਕਿ ਉਹ ਦੋ ਫੌਜਾਂ ਵਿਚਕਾਰ ਜੰਗ ਸੀ ਤੇ ਦੋਨਾਂ ਧਿਰਾਂ ਦਾ ਨੁਕਸਾਨ ਹੋਇਆ, ਪਰ ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ? ਉਨ੍ਹਾਂ ਕਿਹਾ ਸੀ ਕਿ ਜੰਗ ਦਾ ਬਦਲਾ ਜੰਗ ਵਿੱਚ ਹੀ ਲਿਆ ਜਾਣਾ ਚਾਹੀਦਾ ਹੈ, ਨਾ ਕਿ ਮਾਸੂਮ ਬੱਚਿਆਂ ਦੀ ਜਾਨ ਲੈ ਕੇ।

ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਅਤੇ ਸੂਬੇਦਾਰ ਵਜ਼ੀਰ ਖਾਨ ਵਿਚਕਾਰ ਏਸੇ ਬਹਿਸ ਨੂੰ ਸਾਹਿਬਜ਼ਾਦਿਆਂ ਦੇ ਹੱਕ ਵਿੱਚ ਮਾਰਿਆ ਗਿਆ 'ਹਾਅ ਦਾ ਨਾਅਰਾ' ਸਮਝਿਆ ਜਾਂਦਾ ਹੈ। ਰੋਹ ਵਿੱਚ ਆਏ ਸੂਬੇਦਾਰ ਨੇ ਤਦ ਨਵਾਬ ਦੀ ਇੱਕ ਨਾ ਸੁਣੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਵਾ ਦਿੱਤੇ ਜਾਣ ਦਾ ਨਾਦਰਸ਼ਾਹੀ ਫਰਮਾਨ ਸੁਣਾ ਦਿੱਤਾ। ਮਲੇਰਕੋਟਲੇ ਦੇ ਨਵਾਬ ਦੇ ਇਸ 'ਹਾਅ ਦੇ ਨਾਅਰੇ' ਦਾ ਸਤਿਕਾਰ ਸਮੁੱਚੀ ਸਿੱਖ ਕੌਮ ਦਿਲੋਂ ਕਰਦੀ ਹੈ। ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਮੌਕੇ ਚਿੱਠੀ ਲਿਖ ਕੇ ਨਵਾਬ ਸ਼ੇਰ ਮੁਹੰਮਦ ਖਾਨ ਦਾ ਸ਼ੁਕਰੀਆ ਅਦਾ ਕੀਤਾ ਸੀ ਅਤੇ ਇਹ ਵੀ ਆਖਿਆ ਸੀ ਕਿ ਹੁਣ ਕਦੇ ਵੀ ਕੋਈ ਸਿੱਖ ਫੌਜ ਮਲੇਰਕੋਟਲਾ 'ਤੇ ਹਮਲਾ ਨਹੀਂ ਕਰੇਗੀ, ਸਗੋਂ ਲੋੜ ਪੈਣ 'ਤੇ ਉਸ ਦੀ ਰਾਖੀ ਲਈ ਡਟੇਗੀ। ਭਾਰਤ-ਪਾਕਿ ਵੰਡ ਸਮੇਂ ਪੰਜਾਬ ਵਿੱਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਕਤਲੇਆਮ ਹੋ ਰਿਹਾ ਸੀ, ਪਰ ਮਲੇਰਕੋਟਲਾ ਬਿਲਕੁਲ ਸ਼ਾਂਤ ਰਿਹਾ। ਇਸ ਨੂੰ ਦਸਮ ਪਿਤਾ ਦਾ ਅਸ਼ੀਰਵਾਦ ਹੀ ਮੰਨਿਆ ਜਾਂਦਾ ਹੈ। ਇਸ ਕਤਲੇਆਮ ਮੌਕੇ ਬਹੁਤ ਸਾਰੇ ਮੁਸਲਮਾਨਾਂ ਨੇ ਮਲੇਰਕੋਟਲਾ ਵਿੱਚ ਜਾ ਕੇ ਪਨਾਹ ਲਈ ਸੀ।

*-ਮਹਿਤਾਬ-ਉਦ-ਦੀਨ*




DYNASTY HOME CARE

**ਮੁਫ਼ਤ ਦੇਖਭਾਲ ਸੇਵਾਵਾਂ**

-ਪ੍ਰੋਗਰਾਮ IDoA (ਇਲੀਨਾਏ ਡਿਪਾਰਟਮੈਂਟ ਆਨ ਏਜਿੰਗ) ਦੁਆਰਾ ਫੰਡ ਕੀਤਾ ਗਿਆ, ਤੁਹਾਡੇ ਲਈ ਕੋਈ ਵੀ ਕੀਮਤ ਨਹੀਂ!
-ਸਾਡੇ ਪਰਿਵਾਰ ਤੋਂ ਤੁਹਾਡੇ ਲਈ ਵਧੀਆ ਨਿੱਜੀ ਦੇਖਭਾਲ

ਕਮਿਊਨਿਟੀ ਕੇਅਰ ਪ੍ਰੋਗਰਾਮ (ਸੀ.ਸੀ.ਪੀ.) ਬਜ਼ੁਰਗ ਬਾਲਗਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਕੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਨੂੰ ਨਰਸਿੰਗ ਹੋਮ ਵਿੱਚ ਜਾਣ ਤੋਂ ਰੋਕਦੀਆਂ ਹਨ।

**ਕੌਣ ਯੋਗ ਹੋ ਸਕਦਾ ਹੈ:**

*60 ਸਾਲ ਜਾਂ ਇਸ ਤੋਂ ਵੱਧ ਉਮਰ ਦੇ
*ਇੱਕ ਕਾਨੂੰਨੀ ਸਥਾਈ ਨਿਵਾਸੀ ਜਾਂ ਯੂ.ਐਸ. ਨਾਗਰਿਕ
*ਇੱਕ ਨਿਰਧਾਰਤ ਰਕਮ ਤੋਂ ਘੱਟ ਮਹੀਨਾਵਾਰ ਆਮਦਨ ਅਤੇ ਸੰਪਤੀਆਂ
*ਸੀਮਤ ਸਰੀਰਕ ਗਤੀਵਿਧੀਆਂ

**ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ**

ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਹੋਮਮੇਕਰ ਤੁਹਾਡੇ ਘਰ ਆਵੇਗਾ, ਜਿਸ ਵਿੱਚ ਨਿੱਜੀ ਦੇਖਭਾਲ ਜਿਵੇਂ ਕਿ ਇਨ੍ਹਾਂ ਨਾਲ ਸਹਾਇਤਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ:
-ਭੋਜਨ ਤਿਆਰ ਕਰਨਾ
-ਇਸ਼ਨਾਨ
-ਘਰ ਦੇ ਛੋਟੇ-ਮੋਟੇ ਕੰਮ
-ਖਰੀਦਦਾਰੀ (ਚੱਲਦੇ ਕੰਮ)

ਦੇਖਭਾਲ ਕਰਨ ਵਾਲਿਆਂ ਨੂੰ ਕਿਵੇਂ ਭਰਤੀ ਕਰਨਾ
ਪ੍ਰਤੀਯੋਗੀ ਤਨਖਾਹ ਅਤੇ ਲਚਕਦਾਰ ਸਮਾਂ-ਸੂਚੀ

**ਅਰਜ਼ੀ ਕਿਵੇਂ ਦੇਣੀ ਹੈ?**
ਸਾਨੂੰ ਹੁਣੇ ਕਾਲ ਕਰੋ 847-534-7500

Email: info@dynastyhomecareinc.com
www.dynastyhomecareinc.com

1401 E. Oakton St, Suite# 14
Des Plaines, IL 60018

**ਪੇਸ਼ ਸੇਵਾਵਾਂ**

-ਮੈਡੀਕੇਡ ਤੇ ਮੈਡੀਕੇਅਰ / QMB ਬੀਮਾ
-ਲਿੰਕ ਕਾਰਡ ਅਤੇ ਸਨੈਪ
-ਬਜ਼ੁਰਗਾਂ ਲਈ ਮੁਫ਼ਤ ਫ਼ੋਨ

*CEDA/LIHEAP/ਊਰਜਾ ਸਹਾਇਤਾ ਪ੍ਰੋਗਰਾਮ
*SSA ਅਤੇ SSI
*ਹੈਲਥ ਕੇਅਰ ਮਾਰਕੀਟ ਪਲੇਸ/ਏਸੀਏ ਓਬਾਮਾ ਕੇਅਰ ਵਜੋਂ ਜਾਣਿਆ ਜਾਂਦਾ ਹੈ
*ਦੰਦ ਅਤੇ ਨਜ਼ਰ
*OCI ਕਾਰਡ
*ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਹਾਇਤਾ
*ਹੋਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸਮਾਜਿਕ ਸੇਵਾਵਾਂ ਦੇ ਲਾਭਾਂ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲ ਕਰੋ,
ਚਿਰਾਗ ਸ਼ਾਹ
ਫੋਨ: 847-372-5423

*ਸਾਡੇ ਕੋਆਰਡੀਨੇਟਰ ਬਹੁਤ ਸਾਰੀਆਂ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਸਹਾਇਤਾ ਏਜੰਸੀਆਂ ਅਤੇ ਲਾਭਾਂ ਲਈ ਕਮਿਊਨਿਟੀ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨਗੇ, ਜੋ ਤੁਹਾਡੇ ਬੀਮੇ ਅਤੇ ਲਾਭ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

# ਅਨਿਆਂ ਦੇ 39 ਵਰ੍ਹੇ: ਸਿੱਖ ਕਿਵੇਂ ਭੁੱਲਣ 84 ਦੇ ਕਹਿਰ ਨੂੰ!

**ਕਮਲਜੀਤ ਸਿੰਘ ਬਨਵੈਤ**
ਫੋਨ: +91-9814734035

ਪੰਜਾਬ ਦੇ ਪਿੰਡੇ 'ਤੇ ਪਏ 1984 ਦੇ ਡੂੰਘੇ ਜ਼ਖ਼ਮ ਹਾਲੇ ਵੀ ਅੱਲੇ ਹਨ। ਜੂਨ 84 ਦੇ ਦਰਬਾਰ ਸਾਹਿਬ ਉੱਤੇ ਹਮਲੇ ਦੀ ਚੀਸ ਹਾਲੇ ਮੱਠੀ ਨਹੀਂ ਪਈ ਹੈ। ਨਵੰਬਰ 1984 ਦੇ ਸਿੱਖ ਕਤਲੇਆਮ ਦੇ ਜ਼ਖਮ ਵਾਰ ਵਾਰ ਰਸ ਰਹੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੱਸਣ ਵਾਲੇ ਦੇਸ਼ ਭਾਰਤ ਵਿੱਚ ਉਸ ਕੌਮ ਨੂੰ ਲਹੂ ਲੁਹਾਨ ਕੀਤਾ ਗਿਆ, ਜਿਸ ਨੇ ਮੁਲਕ ਨੂੰ ਆਜ਼ਾਦ ਕਰਾਉਣ ਲਈ 80 ਫੀਸਦੀ ਕੁਰਬਾਨੀਆਂ ਦਿੱਤੀਆਂ ਸਨ। ਇਸ ਨੂੰ ਭਾਰਤ ਵਿੱਚ ਰਾਜਸੀ ਸਰਪ੍ਰਸਤੀ ਹੇਠ ਸਿੱਖਾਂ ਉੱਤੇ ਢਾਹੇ ਅਣਮਨੁੱਖੀ ਅਤੇ ਜਬਰ ਜੁਲਮ ਦੀ ਇੰਤਹਾ ਕਿਹਾ ਜਾਣਾ ਬਣਦਾ ਹੈ।

ਨਵੰਬਰ ਦੇ ਪਹਿਲੇ ਹਫਤੇ ਮੁਲਕ ਭਰ ਵਿੱਚ ਵਸਦੇ ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ। ਗੈਰ-ਮਨੁੱਖੀ ਢੰਗ ਨਾਲ ਕਤਲ ਕੀਤਾ ਗਿਆ। ਜਾਬਰਾਂ ਨੇ ਸਿੱਖ ਬੀਬੀਆਂ ਅਤੇ ਬੱਚਿਆਂ ਉੱਤੇ ਅਣਮਨੁੱਖੀ ਕਹਿਰ ਢਾਇਆ। ਉਸ ਤੋਂ ਵੀ ਵੱਡਾ ਦੁਖਾਂਤ ਇਹ ਕਿ 39 ਸਾਲਾਂ ਬਾਅਦ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। ਸਿੱਖ ਕੌਮ ਦੇ ਦਿਲ ਦਿਮਾਗ ਉੱਤੇ ਉਤਰਿਆ ਇਹ ਖ਼ੂਨੀ ਸਫਾ ਕਦੇ ਮਿਟਾਇਆ ਨਹੀਂ ਜਾ ਸਕਦਾ ਹੈ। ਹਰ ਸਾਲ ਨਵੰਬਰ ਦੇ ਪਹਿਲੇ ਹਫਤੇ ਅਖਬਾਰਾਂ ਅਤੇ ਟੀ.ਵੀ. ਉੱਤੇ ਦਿਖਾਈਆਂ ਜਾਂਦੀਆਂ ਕਹਿਰ ਭਰੀਆਂ ਤਸਵੀਰਾਂ ਹਰ ਇੱਕ ਦੇ ਦਿਲ ਨੂੰ ਧੂਹ ਪਾਉਂਦੀਆਂ ਹਨ। ਕਲੇਜਾ ਰੁੱਗ ਭਰ ਕੇ ਬਾਹਰ ਨੂੰ ਆਉਣ ਲੱਗਦਾ ਹੈ।

ਸਿਤਮ ਇਹ ਕਿ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਵੀ ਇਨਸਾਫ ਦੇਣ ਵਿੱਚ ਨਿਆਂ ਨਹੀਂ ਕੀਤਾ। ਸਿੱਖ ਕੌਮ ਦਾ ਦੇਸ਼ ਦੀ ਇਸ ਸਰਬ ਉੱਚ ਅਦਾਲਤ ਉੱਤੇ ਉਲਾਂਭਾ ਦੇਣ ਦਾ ਪੂਰਾ ਪੂਰਾ ਹੱਕ ਹੈ। ਇਨਸਾਫ ਨੂੰ ਹੋ ਰਹੀ ਦੇਰੀ ਅਤੇ ਫਿੱਕੀ ਪੈਂਦੀ ਜਾ ਰਹੀ ਉਮੀਦ ਨੇ ਸਿੱਖਾਂ ਦੇ ਹਿਰਦਿਆਂ ਨੂੰ ਹੋਰ ਵੀ ਵਲੂੰਧਰ ਕੇ ਰੱਖ ਦਿੱਤਾ ਹੈ।




ਨਵੰਬਰ 84 ਦੇ ਖ਼ੂਨੀ ਕਹਿਰ ਤੋਂ ਪੰਜ ਮਹੀਨੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਨੂੰ ਉਦੋਂ ਦੀ ਕੇਂਦਰ ਦੀ ਕਾਂਗਰਸ ਸਰਕਾਰ ਨੇ ਛਲਣੀ ਕਰਕੇ ਰੱਖ ਦਿੱਤਾ ਸੀ। ਦਰਬਾਰ ਸਾਹਿਬ ਵਿੱਚ ਨਤਮਸਤਕ ਹੋਣ ਗਈਆਂ ਹਜ਼ਾਰਾਂ ਸੰਗਤਾਂ ਨੂੰ ਆਪਣੇ ਹੀ ਮੁਲਕ ਦੀ ਫੌਜ ਨੇ ਗੋਲੀਆਂ ਨਾਲ ਭੁੰਨ ਦਿੱਤਾ। ਨਾ ਉਦੋਂ ਦੇ ਹਾਕਮਾਂ ਦਾ ਦਿਲ ਪਸੀਜਿਆ ਅਤੇ ਨਾ ਹੀ ਅੱਜ ਦੇ ਹੁਕਮਰਾਨ ਨੂੰ ਪਛਤਾਵਾ ਹੈ। ਸਰਕਾਰਾਂ ਦੇ ਮੱਥੇ ਉੱਤੇ ਇਹ ਵੱਡਾ ਕਲੰਕ ਹੈ, ਜਿਸ ਨੂੰ ਧੋਣ ਲਈ ਹਾਲੇ ਤੱਕ ਕੁਝ ਨਹੀਂ ਕੀਤਾ ਗਿਆ। ਨਵੰਬਰ 1984 ਤੋਂ ਬਾਅਦ 39 ਸਾਲਾਂ ਦੀ ਦੁੱਖਾਂ ਭਰੀ ਦਾਸਤਾਨ ਬਿਆਨਦਿਆਂ ਬਹੁਤ ਵਾਰ ਕਲਮ ਲਿਖਣ ਤੋਂ ਜਵਾਬ ਦੇਣ ਲੱਗ ਜਾਂਦੀ ਹੈ। ਜ਼ੁਬਾਨ ਥਿੜਕਣ ਲੱਗਦੀ ਹੈ। ਦਿਮਾਗ ਸੁੰਨ ਹੋ ਜਾਂਦਾ ਹੈ। ਸੋਚਦਾ ਹਾਂ ਹਾਕਮ ਸ਼ਾਇਦ ਇਨਸਾਫ ਦੇਣ ਵੱਲ ਤੁਰ ਪਵੇ- ਇਸ ਕਰਕੇ ਨਹੀਂ ਕਿ ਉਹਨੂੰ ਸਿੱਖਾਂ ਨਾਲ ਤੇਹ ਹੈ, ਸ਼ਾਇਦ ਇਸ ਕਰਕੇ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ। ਕਈ ਮੁਲਕਾਂ ਦੀਆਂ ਸਰਕਾਰਾਂ ਨੇ ਕਾਂਗਰਸ ਦੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਲੋਂ ਢਾਹੇ ਇਸ ਜ਼ੁਲਮ ਦੀ ਰੱਜ ਕੇ ਨਿਖੇਧੀ ਹੀ ਨਹੀਂ ਕੀਤੀ, ਸਗੋਂ ਸਿੱਖਾਂ ਨਾਲ ਹਮਦਰਦੀ ਵੀ ਜਤਾਈ ਹੈ।

ਆਪਣੇ ਹੀ ਮੁਲਕ ਵਿੱਚ ਸਿੱਖਾਂ ਨੂੰ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਇੱਕ ਵਾਰ ਖਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਨਵੰਬਰ 1984 ਤੋਂ ਬਾਅਦ ਸਿੱਖਾਂ ਦੇ ਜ਼ਖ਼ਮ ਉਦੋਂ ਹੋਰ ਡੂੰਘੇ ਹੋ ਗਏ, ਜਦੋਂ ਹੋਰ 36 ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ। ਰਾਤ ਦੇ ਹਨੇਰੇ ਨੂੰ ਫੌਜੀਆਂ ਦੀਆਂ ਵਰਦੀਆਂ ਪਾ ਕੇ ਜ਼ਾਲਮਾਂ ਨੇ ਪਿੰਡ ਚਿੱਠੀ ਸਿੰਘਪੁਰਾ ਵਿੱਚ ਵਸਦੇ ਸਿੱਖਾਂ ਨੂੰ ਰਾਤ ਵੇਲੇ ਘਰਾਂ ਵਿੱਚੋਂ ਕੱਢ ਕੇ ਗੁਰਦੁਆਰੇ ਦੀ ਕੰਧ ਨਾਲ ਬਾਹਾਂ ਲਗਾ ਕੇ ਪਿੱਛੋਂ ਗੋਲੀਆਂ ਲੰਘਾ ਦਿੱਤੀਆਂ ਗਈਆਂ ਸਨ। ਸਿੱਖਾਂ ਦੇ ਜ਼ਖਮ ਰਿਸਦੇ ਵੀ ਕਿਉਂ ਨਾ ਰਹਿਣ? ਜਦੋਂ ਸਰਕਾਰੀ ਪੱਖਪਾਤ ਦੀਆਂ ਇਹ ਕਨਸੋਆਂ ਕੰਨੀਂ ਪੈਂਦੀਆਂ ਹਨ ਕਿ ਘਟਨਾ ਵਾਪਰਨ ਦੇ 14 ਸਾਲ ਬਾਅਦ ਤੱਕ ਵੀ ਕੋਈ ਜਾਂਚ ਏਜੰਸੀ ਨਹੀਂ ਬਣਾਈ ਗਈ ਅਤੇ ਤਿੰਨ ਦਰਜਨ ਸਿੱਖਾਂ ਦਾ ਕਤਲ ਹਾਲੇ ਤੱਕ ਬੁਝਾਰਤ ਬਣਿਆ ਪਿਆ ਹੈ। ਸਰਕਾਰਾਂ ਕੋਲ ਇਲਜ਼ਾਮ ਪਾਕਿਸਤਾਨ ਸਿਰ ਮੜਨ ਦਾ ਬਹਾਨਾ ਘੜਿਆ ਘੜਾਇਆ ਪਿਆ ਹੈ।


ਹੋਰ ਵੀ ਦੁੱਖ ਦੀ ਗੱਲ ਇਹ ਕਿ ਭਾਰਤ ਦੀ ਸੰਸਦ ਦੇ ਇਤਿਹਾਸ ਵਿੱਚ ਇੱਕ ਕਾਲਾ ਪੰਨਾ ਹੋਰ ਜੁੜ ਗਿਆ ਹੈ, ਕਿਉਂਕਿ 1984 ਦੀ ਸਿੱਖ ਨਸਲਕੁਸ਼ੀ ਦੇ ਰੋਸ ਵਜੋਂ ਸੰਸਦ ਵਿੱਚ ਨਿੰਦਾ ਦਾ ਮਤਾ ਪਾਸ ਤੱਕ ਨਹੀਂ ਕੀਤਾ ਗਿਆ। ਕਤਲਾਂ ਉਤੇ ਦੁੱਖ ਪ੍ਰਗਟ ਕਰਨ ਦੀ ਗੱਲ ਤਾਂ ਦੂਰ ਦੀ ਰਹੀ। ਸਿਤਮ ਇਹ ਕਿ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰੰਗਾਨਾਥਨ ਮਿਸ਼ਰਾ ਦੀ ਰਿਪੋਰਟ ਉੱਤੇ ਬਹਿਸ ਕਰਾਉਣ ਉੱਤੇ ਵੀ ਪਾਬੰਦੀ ਲਾ ਦਿੱਤੀ ਸੀ ਅਤੇ ਕਾਂਗਰਸ ਦੀ ਬਹੁਮਤ ਵਾਲੀ ਸਰਕਾਰ ਨੇ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਸੀ।

ਨਵੰਬਰ 84 ਦੇ ਸਿੱਖ ਕਤਲੇਆਮ ਵਿੱਚ ਕਾਂਗਰਸ ਦੇ ਆਗੂਆਂ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ ਵੱਲੋਂ ਕਾਤਲਾਂ ਦੀ ਅਗਵਾਈ ਕਰਨ ਦੀਆਂ ਤਸਵੀਰਾਂ ਸਾਹਮਣੇ ਆ ਚੁੱਕੀਆਂ ਹਨ ਪਰ ਕਾਂਗਰਸ ਪਾਰਟੀ ਵੱਲੋਂ ਇਨ੍ਹਾਂ ਵਿੱਚੋਂ ਕਈਆਂ ਨੂੰ ਮੰਤਰੀਆਂ ਦੀਆਂ ਕੁਰਸੀਆਂ ਤੇ ਬਿਠਾਇਆ ਗਿਆ ਹੈ ਅਤੇ ਕਈ ਹੋਰ ਮੈਂਬਰ ਪਾਰਲੀਮੈਂਟ ਦੀ ਝੰਡੀ ਵਾਲੀ ਕਾਰ ਲਈ ਫਿਰਦੇ ਹਨ। ਸੰਗ ਸ਼ਰਮ ਵਾਲੀ ਲੋਈ ਲਾਹੁਣ ਵਾਲੀਆਂ ਗੱਲਾਂ ਉਦੋਂ ਸਾਹਮਣੇ ਆਈਆਂ ਜਦੋਂ ਸਿੱਖਾਂ ਦੇ ਕਾਤਲਾਂ ਨੂੰ ਮਾਨ ਸਨਮਾਨ ਅਤੇ ਅਵਾਰਡ ਦੇ ਕੇ ਸਨਮਾਨਿਆ ਗਿਆ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦਾ ਨਾਂ ਵੀ ਉਨ੍ਹਾਂ ਦੋਸ਼ੀਆਂ ਵਿੱਚ ਸ਼ਾਮਿਲ ਹੋ ਗਿਆ, ਜਦੋਂ ਉਸ ਨੇ ਇਹ ਕਹਿ ਦਿੱਤਾ ਕਿ 1984 ਦੇ ਸਿੱਖ ਕਤਲੇਆਮ ਵਿੱਚ ਕਮਲ ਨਾਥ ਦਾ ਹੱਥ ਨਹੀਂ ਸੀ। ਰਾਜਾ ਵੜਿੰਗ ਪਹਿਲਾ ਅਜਿਹਾ ਕਾਂਗਰਸੀ ਲੀਡਰ ਨਹੀਂ ਹੈ, ਜਿਸ ਨੇ ਆਪਣੀ ਕੌਮ ਨਾਲ ਗੱਦਾਰੀ ਕੀਤੀ ਹੋਵੇ। ਅਜਿਹੇ ਲੀਡਰਾਂ ਦੀ ਲਾਈਨ ਲੰਮੀ ਹੈ। ਹਾਂ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਦੋਂ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਬਾਅਦ ਵਿੱਚ ਉਹ ਮੁੜ ਉਸੇ ਪਾਰਟੀ ਦੀ ਝੋਲੀ ਵਿੱਚ ਜਾ ਪਏ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਦੀ ਗੱਲ ਕਰੀਏ ਤਾਂ ਗੱਦਾਰਾਂ ਵਿੱਚ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦਾ ਨਾਂ ਵੀ ਉਗਲਾਂ 'ਤੇ ਗਿਣਿਆ ਜਾਂਦਾ ਹੈ।

ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਨਾਲ ਵਿਸ਼ੇਸ਼ ਅਪਣੱਤ ਜਤਾਅ ਰਹੇ ਹਨ, ਪਰ ਅਸਲ ਵਿੱਚ ਬਾਂਹ ਉਨ੍ਹਾਂ ਨੇ ਵੀ ਨਹੀਂ ਫੜੀ ਹੈ। ਸਿੱਖ ਬੁੱਧੀਜੀਵੀਆਂ ਨਾਲ ਵਾਰ ਵਾਰ ਕੀਤੀਆਂ ਮੀਟਿੰਗਾਂ ਤੋਂ ਵਾਰ ਇੱਕ ਨਵੀਂ ਆਸ ਬੱਝਦੀ ਰਹੀ ਹੈ, ਪਰ ਅੰਤ ਪੱਲੇ ਪੈਂਦੀ ਰਹੀ ਨਿਰਾਸ਼ਾ, ਸਿਰਫ ਨਿਰਾਸ਼ਾ।

ਮੁਲਕ ਦੀ ਬਦਕਿਸਮਤੀ ਹੀ ਕਹੀਏ ਕਿ ਸਭ ਤੋਂ ਵਫਾਦਾਰ ਸਿੱਖ ਕੌਮ ਨੂੰ ਆਪਣੇ ਦੇਸ਼ ਭਾਰਤ ਵਿੱਚ ਹੀ ਬੇਗਾਨਾ ਕਰ ਦਿੱਤਾ ਗਿਆ ਹੈ। ਆਪਣੇ ਹੀ ਮੁਲਕ ਦੀਆਂ ਲੱਖਾਂ-ਕਰੋੜਾਂ ਅੱਖਾਂ ਸਿੱਖਾਂ ਨੂੰ ਚੁੱਭਵੀਂ ਨਜ਼ਰ ਨਾਲ ਦੇਖਦੀਆਂ ਹਨ। ਸਦਕੇ ਜਾਈਏ ਬਾਬੇ ਨਾਨਕ ਅਤੇ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ 'ਤੇ ਜਿਨ੍ਹਾਂ ਨੇ ਆਪਣਾ ਆਪ ਵਾਰ ਕੇ 'ਨਾ ਕੋਈ ਵੈਰੀ ਨਾ ਹੀ ਬੇਗਾਨਾ' ਦੀ ਸੋਚ 'ਤੇ ਚਲਦਿਆਂ ਬਿਨਾ ਕਿਸੇ ਭੇਦ ਭਾਵ ਤੋਂ ਹਰ ਇੱਕ ਦੀ ਔਖੇ ਵੇਲੇ ਬਾਂਹ ਫੜੀ ਹੈ। ਭਾਈ ਘਨੱਈਆ ਦੇ ਵਾਰਸਾਂ ਨੂੰ ਪੱਖਪਾਤ ਕਰਨਾ ਨਹੀਂ ਆਇਆ। ਇਹ ਤਾਂ ਆਪਣਾ ਆਪ ਵਾਰ ਕੇ ਦੂਜੇ ਦੀ ਜਾਨ ਬਚਾਉਣ ਅਤੇ ਪੱਤ ਰੱਖਣ ਦੀ ਗੁੜਤੀ ਲੈ ਕੇ ਪੈਦਾ ਹੋਏ ਹਨ।



# ਲਹਿੰਦੇ ਪੰਜਾਬ ਦਾ ਉੱਡਣਾ ਬਾਜ਼ ਗੁਲਾਮ ਰਾਜ਼ਿਕ

**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾਵੇਗੀ। ਇਸ ਕਾਲਮ ਵਿੱਚ 110 ਮੀਟਰ ਹਰਡਲਜ਼ ਦੌੜ ਵਿੱਚ ਏਸ਼ੀਆ ਤੇ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਅਤੇ ਤਿੰਨ ਵਾਰ ਦੇ ਓਲੰਪੀਅਨ ਪਾਕਿਸਤਾਨ ਦੇ ਗੁਲਾਮ ਰਾਜ਼ਿਕ ਦਾ ਜ਼ਿਕਰ ਹੈ।**

## ਖਿਡਾਰੀ ਪੰਜ-ਆਬ ਦੇ (4)

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



ਖੇਡਾਂ ਦੇ ਖੇਤਰ ਵਿੱਚ ਭਾਰਤ ਤੇ ਪਾਕਿਸਤਾਨ ਵਿੱਚ ਜਿੱਥੇ ਦੋਵੇਂ ਦੇਸ਼ਾਂ ਦੇ ਪੰਜਾਬਾਂ ਦਾ ਅਹਿਮ ਯੋਗਦਾਨ ਹੈ, ਉਥੇ ਹਾਕੀ ਤੇ ਅਥਲੈਟਿਕਸ ਵਿੱਚ ਤਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦਾ ਕੋਈ ਸਾਨੀ ਨਹੀਂ। ਅਥਲੈਟਿਕਸ ਖੇਡ ਵਿੱਚ ਤਾਂ ਦੋਵਾਂ ਪੰਜਾਬਾਂ ਦੇ ਕਈ ਸਮਕਾਲੀ ਖਿਡਾਰੀ ਹੋਏ ਹਨ ਅਤੇ ਖੇਡਾਂ ਦੇ ਵੱਡੇ ਕੌਮਾਂਤਰੀ ਮੰਚ ਉਤੇ ਸਿਖਰਲੀਆਂ ਪੁਜੀਸ਼ਨਾਂ ਲਈ ਮੁਕਾਬਲਾ ਦੋਵੇਂ ਪੰਜਾਬਾਂ ਦੇ ਖਿਡਾਰੀਆਂ ਵਿਚਕਾਰ ਦੇਖਣ ਨੂੰ ਮਿਲਿਆ। ਜਿਵੇਂ ਕਿ 200 ਮੀਟਰ ਦੌੜ ਵਿੱਚ ਮਿਲਖਾ ਸਿੰਘ ਤੇ ਅਬਦੁਲ ਖਾਲਿਕ, 110 ਮੀਟਰ ਹਰਡਲਜ਼ ਦੌੜ ਵਿੱਚ ਗੁਰਬਚਨ ਸਿੰਘ ਰੰਧਾਵਾ ਤੇ ਗੁਲਾਮ ਰਾਜ਼ਿਕ ਅਤੇ ਜੈਵਲਿਨ ਥਰੋਅ ਵਿੱਚ ਨੀਰਜ ਚੋਪੜਾ ਤੇ ਅਰਸ਼ਦ ਨਦੀਮ।



ਗੁਲਾਮ ਰਾਜ਼ਿਕ ਭਾਰਤ ਦੇ ਗੁਰਬਚਨ ਸਿੰਘ ਰੰਧਾਵਾ ਦਾ ਸਮਕਾਲੀ ਰਿਹਾ। ਦੋਹਾਂ ਵਿਚਾਲੇ ਦੌੜ ਵਿੱਚ ਮੁਕਾਬਲੇਬਾਜ਼ੀ ਦੇਖਣ ਤੋਂ ਇਲਾਵਾ ਸਾਂਝ ਵੀ ਬਹੁਤ ਰਹੀ ਹੈ, ਜਿਸ ਬਾਰੇ ਰੰਧਾਵਾ ਸਾਹਿਬ ਨੇ ਬਹੁਤ ਹੀ ਭਾਵੁਕ ਤਰੀਕੇ ਨਾਲ ਜ਼ਿਕਰ ਕੀਤਾ, ਜੋ ਉਨ੍ਹਾਂ ਦੀ ਜੀਵਨੀ ਦਾ ਹਿੱਸਾ ਹੈ। ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ ਲਿਖਦਿਆਂ ਮੈਂ ਉਸ ਦਾ ਟਾਈਟਲ 'ਉੱਡਣਾ ਬਾਜ਼' ਰੱਖਿਆ ਸੀ। ਇਸੇ ਲਈ ਗੁਲਾਮ ਰਾਜ਼ਿਕ ਨੂੰ ਅਸੀਂ ਲਹਿੰਦੇ ਪੰਜਾਬ ਦਾ 'ਉੱਡਣਾ ਬਾਜ਼' ਕਹਾਂਗੇ।

ਗੁਲਾਮ ਰਾਜ਼ਿਕ ਦਾ ਜਨਮ 11 ਨਵੰਬਰ 1932 ਨੂੰ ਪਾਕਿਸਤਾਨ ਵਿਚਲੇ ਪੰਜਾਬ ਦੇ ਜੇਹਲਮ ਜ਼ਿਲ੍ਹੇ ਦੇ ਪਿੰਡ ਨਥੋਟ ਵਿਖੇ ਹੋਇਆ। ਰਾਜ਼ਿਕ ਨੇ ਵੀਹ ਵਰ੍ਹਿਆਂ ਦੀ ਉਮਰੇ ਖੇਡਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰਦਿਆਂ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। ਪਾਕਿਸਤਾਨ ਆਰਮੀ ਦੇ ਜਵਾਨ ਰਾਜ਼ਿਕ ਦਾ ਮੁੱਖ ਈਵੈਂਟ 110 ਮੀਟਰ ਹਰਡਲਜ਼ ਸੀ, ਜਦੋਂ ਕਿ 100 ਮੀਟਰ ਫਰਾਟਾ ਦੌੜ ਅਤੇ 4 ਗੁਣਾਂ 100 ਮੀਟਰ ਰਿਲੇਅ ਦੌੜ ਵਿੱਚ ਵੀ ਹਿੱਸਾ ਲਿਆ। ਛੇ ਫੁੱਟ ਲੰਬੇ ਰਾਜ਼ਿਕ ਨੇ ਤਿੰਨ ਓਲੰਪਿਕ ਖੇਡਾਂ (ਮੈਲਬਰਨ 1956, ਰੋਮ 1960 ਤੇ ਟੋਕੀਓ) ਵਿੱਚ ਹਿੱਸਾ ਲਿਆ। ਇਨ੍ਹਾਂ ਤਿੰਨਾਂ ਓਲੰਪਿਕ ਖੇਡਾਂ ਵਿੱਚ ਹੀ ਮਿਲਖਾ ਸਿੰਘ ਨੇ ਵੀ ਹਿੱਸਾ ਲਿਆ ਸੀ, ਜਦੋਂ ਕਿ ਗੁਰਬਚਨ ਸਿੰਘ ਰੰਧਾਵਾ ਨੇ 1960 ਵਿੱਚ ਰੋਮ ਤੇ 1964 ਵਿੱਚ ਟੋਕੀਓ ਓਲੰਪਿਕਸ ਵਿੱਚ ਹਿੱਸਾ ਲਿਆ ਸੀ। 1956 ਦੀਆਂ ਮੈਲਬਰਨ ਓਲੰਪਿਕਸ ਵਿੱਚ ਰਾਜ਼ਿਕ ਨੇ 100 ਮੀਟਰ, 110 ਮੀਟਰ ਹਰਡਲਜ਼ ਦੌੜ ਤੇ 4 ਗੁਣਾਂ 100 ਮੀਟਰ ਰਿਲੇਅ ਦੌੜ, 1960 ਵਿੱਚ ਰੋਮ ਵਿਖੇ 110 ਮੀਟਰ ਹਰਡਲਜ਼ ਦੌੜ ਤੇ 4 ਗੁਣਾਂ 100 ਮੀਟਰ ਰਿਲੇਅ ਦੌੜ ਅਤੇ 1964 ਵਿੱਚ ਟੋਕੀਓ ਵਿਖੇ 110 ਮੀਟਰ ਹਰਡਲਜ਼ ਦੌੜ ਵਿੱਚ ਹਿੱਸਾ ਲਿਆ।

ਰਾਜ਼ਿਕ ਨੇ ਆਪਣੀ ਪਹਿਲੀ ਕੌਮਾਂਤਰੀ ਪ੍ਰਾਪਤੀ 1957 ਵਿੱਚ ਏਥਨਜ਼ ਵਿਖੇ ਵਿਸ਼ਵ ਮਿਲਟਰੀ ਮੀਟ ਵਿੱਚ ਸੋਨੇ ਦਾ ਤਮਗ਼ਾ ਜਿੱਤ ਕੇ ਪ੍ਰਾਪਤ ਕੀਤੀ। ਏਸ਼ੀਅਨ ਤੇ ਕਾਮਨਵੈਲਥ ਗੇਮਜ਼ ਵਿੱਚ ਕੁੱਲ ਮਿਲਾ ਕੇ ਗੁਲਾਮ ਰਾਜ਼ਿਕ ਨੇ ਛੇ ਤਮਗ਼ੇ ਜਿੱਤੇ ਹਨ, ਜਿਨ੍ਹਾਂ ਵਿੱਚ ਤਿੰਨ ਸੋਨੇ, ਇੱਕ ਚਾਂਦੀ ਤੇ ਦੋ ਕਾਂਸੀ ਦੇ ਤਮਗ਼ੇ ਸ਼ਾਮਲ ਹਨ। ਏਸ਼ੀਅਨ ਗੇਮਜ਼ ਵਿੱਚ ਰਾਜ਼ਿਕ ਨੇ 1958 ਵਿੱਚ ਟੋਕੀਓ ਤੇ 1966 ਬੈਂਕਾਕ ਵਿੱਚ ਸੋਨੇ ਅਤੇ 1962 ਵਿੱਚ ਜਕਾਰਤਾ ਵਿਖੇ ਚਾਂਦੀ ਦਾ ਤਮਗ਼ਾ ਜਿੱਤਿਆ। ਕਾਮਨਵੈਲਥ ਗੇਮਜ਼ ਵਿੱਚ ਰਾਜ਼ਿਕ ਨੇ 1962 ਵਿੱਚ ਪਰਥ ਵਿਖੇ ਚਾਂਦੀ ਅਤੇ 1958 ਵਿੱਚ ਕਾਰਡਿਫ ਅਤੇ 1966 ਵਿੱਚ ਕਿੰਗਸਟਨ ਵਿੱਚ ਕਾਂਸੀ ਦੇ ਤਮਗ਼ੇ ਜਿੱਤੇ।

ਇਸ ਤੋਂ ਇਲਾਵਾ ਹੋਰਨਾਂ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਰਾਜ਼ਿਕ ਨੇ ਅਨੇਕਾਂ ਤਮਗ਼ੇ ਜਿੱਤੇ ਹਨ, ਜਿਨ੍ਹਾਂ ਵਿੱਚ 1959 ਵਿੱਚ ਡਬਲਿਨ ਵਿਖੇ ਕੌਮਾਂਤਰੀ ਮੀਟ ਵਿੱਚ ਸੋਨੇ ਦਾ ਤਮਗ਼ਾ, ਐਮੇਚਿਓਰ ਅਥਲੈਟਿਕਸ ਮੀਟ ਵਿੱਚ ਸੋਨੇ ਦਾ ਤਮਗ਼ਾ, ਕਾਰਡਿਫ ਵਿਖੇ ਇੰਟਰਨੈਸ਼ਨਲ ਮੀਟ ਵਿੱਚ ਸੋਨੇ ਦਾ ਤਮਗ਼ਾ, 1959 ਵਿੱਚ ਇੰਟਰਨੈਸ਼ਨਲ ਟਰੈਕ ਮੀਟ ਵਿੱਚ ਸੋਨੇ ਦਾ ਤਮਗ਼ਾ, ਸਵੀਡਨ, ਸਟਾਕਹੋਮ ਤੇ ਬੋਰਾਸ ਦੀਆਂ ਤਿੰਨੇ ਮੀਟਾਂ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਮਿਲਟਰੀ ਦੀਆਂ ਵਿਸ਼ਵ ਖੇਡਾਂ ਵਿੱਚ 1961 ਤੇ 1963 ਵਿੱਚ ਬਰੱਸਲਜ਼ ਵਿਖੇ ਸੋਨੇ ਅਤੇ 1963 ਵਿੱਚ ਬੈਲਜੀਅਮ ਵਿਖੇ ਕਾਂਸੀ ਦਾ ਤਮਗ਼ਾ ਜਿੱਤਿਆ।

ਗੁਲਾਮ ਰਾਜ਼ਿਕ ਨੇ 100 ਮੀਟਰ ਦੌੜ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ 1958 ਵਿੱਚ 10.5 ਸਕਿੰਟ ਅਤੇ 110 ਮੀਟਰ ਹਰਡਲਜ਼ ਦੌੜ ਵਿੱਚ 1963 ਵਿੱਚ 13.9 ਸਕਿੰਟ ਦਾ ਸਮਾਂ ਕੱਢ ਕੇ ਕੀਤਾ। ਪਾਕਿਸਤਾਨ ਸਰਕਾਰ ਨੇ 1964 ਵਿੱਚ ਗੁਲਾਮ ਰਾਜ਼ਿਕ ਨੂੰ ਦੇਸ਼ ਦਾ ਸਰਵਉੱਚ ਲਿਟਰੇਰੀ ਪੁਰਸਕਾਰ 'ਪਰਾਈਡ ਆਫ਼ ਪ੍ਰਫਾਰਮੈਂਸ' ਦੇ ਸਨਮਾਨ ਨਾਲ ਨਿਵਾਜ਼ਿਆ। ਗੁਲਾਮ ਰਾਜ਼ਿਕ ਦਾ ਇੰਤਕਾਲ 24 ਜੂਨ 1989 ਵਿੱਚ ਰਾਵਲਪਿੰਡੀ ਵਿਖੇ ਹੋਇਆ।

ਭਾਰਤ ਤੇ ਪਾਕਿਸਤਾਨ ਦੀਆਂ ਸਾਂਝਾ ਅਤੇ ਗੁਲਾਮ ਰਾਜ਼ਿਕ ਤੇ ਗੁਰਬਚਨ ਸਿੰਘ ਰੰਧਾਵਾ ਵਿਚਾਲੇ ਇੱਕ ਭਾਵੁਕ ਸਾਂਝ ਦਾ ਜ਼ਿਕਰ ਜ਼ਰੂਰ ਕਰਾਂਗੇ। ਖੇਡ ਦੇ ਮੈਦਾਨ ਵਿੱਚ ਭਾਰਤ ਤੇ ਪਾਕਿਸਤਾਨੀ ਖਿਡਾਰੀ ਭਾਵੇਂ ਕਿੰਨੇ ਵੀ ਰਵਾਇਤੀ ਵਿਰੋਧੀ ਰਹੇ, ਪਰ ਕਈ ਖਿਡਾਰੀਆਂ ਦੇ ਮੈਦਾਨ ਤੋਂ ਬਾਹਰ ਆਪਸ ਵਿੱਚ ਬਹੁਤ ਗੂੜ੍ਹੇ ਰਿਸ਼ਤੇ ਰਹੇ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਦੀ ਤਾਂ ਇੱਕੋ ਬੋਲੀ, ਸੱਭਿਆਚਾਰ ਹੋਣ ਕਰਕੇ ਖੇਡ ਮੈਦਾਨ ਵਿੱਚ ਦੇਸੀ ਭਾਸ਼ਾ ਵਿੱਚ ਵੀ ਇੱਕ-ਦੂਜੇ ਨੂੰ ਵੰਗਾਰਦੇ ਦੇਖੇ ਜਾ ਸਕਦੇ ਹਨ। 1964 ਦੀਆਂ ਟੋਕੀਓ ਓਲੰਪਿਕਸ ਵਿਚ ਰੰਧਾਵਾ ਤੇ ਰਾਜ਼ਿਕ 110 ਮੀਟਰ ਹਰਡਲਜ਼ ਵਿੱਚ ਹਿੱਸਾ ਲੈ ਰਹੇ ਸਨ। ਰਾਜ਼ਿਕ ਦੀ ਇਹ ਤੀਜੀ ਓਲੰਪਿਕਸ ਸੀ, ਜਦੋਂ ਕਿ ਰੰਧਾਵਾ ਦੀ ਦੂਜੀ। ਰਾਜ਼ਿਕ ਨੇ 1956 ਵਿੱਚ ਮੈਲਬਰਨ ਅਤੇ 1960 ਵਿੱਚ ਰੋਮ ਵਿਖੇ ਵੀ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਸੀ। 110 ਮੀਟਰ ਹਰਡਲਜ਼ ਰਾਜ਼ਿਕ ਦਾ ਮੁੱਖ ਈਵੈਂਟ ਸੀ, ਜਿਸ ਵਿੱਚ ਉਹ 1958 ਦੀਆਂ ਟੋਕੀਓ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਾ ਜਿੱਤ ਚੁੱਕਾ ਸੀ। 1962 ਦੀਆਂ ਪਰਥ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਉਸ ਨੇ ਸੋਨ ਤਮਗਾ ਜਿੱਤਿਆ ਸੀ। ਦੂਜੇ ਪਾਸੇ ਰੰਧਾਵਾ 1962 ਦੀਆਂ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਵਿੱਚ ਬੈਸਟ ਅਥਲੀਟ ਬਣਨ ਤੋਂ ਬਾਅਦ ਦੂਜੀ ਵਾਰ ਓਲੰਪਿਕ ਅਖਾੜੇ ਵਿੱਚ ਉੱਤਰਿਆ ਸੀ। ਉਹ ਪਹਿਲੀ ਵਾਰ ਵੱਡੇ ਮੁਕਾਬਲੇ ਵਿੱਚ 110 ਮੀਟਰ ਹਰਡਲਜ਼ ਦੌੜ ਵਿੱਚ ਹਿੱਸਾ ਲੈ ਰਿਹਾ ਸੀ। ਏਸ਼ੀਆਡ ਵਿੱਚ ਉਸ ਨੇ ਡਿਕੈਥਲਨ ਵਿੱਚ ਸੋਨ ਤਮਗਾ ਜਿੱਤਿਆ ਸੀ।




**ਰਾਜ਼ਿਕ ਨੇ ਰੰਧਾਵਾ ਕੋਲ ਆ ਕੇ ਨਾ ਸਿਰਫ਼ ਸਾਬਾਸ਼ ਦਿੱਤੀ, ਸਗੋਂ ਫਾਈਨਲ ਲਈ ਉਸ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਉਹ ਜ਼ਰੂਰ ਮੈਡਲ ਜਿੱਤੇਗਾ। ਰਾਜ਼ਿਕ ਦਾ ਬਦਲਿਆ ਨਜ਼ਰੀਆ ਇਕੱਲਾ ਗੱਲੀਬਾਤੀ ਨਹੀਂ ਸੀ, ਸਗੋਂ ਉਸ ਨੇ ਬੁਰੀ ਤਰ੍ਹਾਂ ਥੱਕ-ਟੁੱਟ ਚੁੱਕੇ ਰੰਧਾਵਾ ਦੀ ਮਾਲਸ਼ ਵੀ ਕੀਤੀ। ਵਰ੍ਹਦੇ ਮੀਂਹ ਤੇ 14 ਡਿਗਰੀ ਸੈਂਟੀਗ੍ਰੇਟ ਵਿੱਚ ਹੋਈ ਦੌੜ ਵਿੱਚ ਬੁਰੀ ਤਰ੍ਹਾਂ ਭਿੱਜ ਚੁੱਕੇ ਰੰਧਾਵਾ ਦੀਆਂ ਲੱਤਾਂ ਦੀ ਮਾਲਸ਼ ਕਰਦਾ ਹੋਇਆ ਰਜ਼ੀਕ ਆਪਣੇ ਮਿੱਤਰ ਨੂੰ ਫਾਈਨਲ ਲਈ ਤਿਆਰ ਕਰ ਰਿਹਾ ਸੀ। ਫਾਈਨਲ ਵੀ ਤਿੰਨ ਘੰਟੇ ਦੇ ਅੰਦਰ ਹੋਣ ਵਾਲਾ ਹੋਣ ਕਰਕੇ ਰੰਧਾਵਾ ਨੇ ਉਸੇ ਭਿੱਜੀ ਨਿੱਕਰ-ਬੁਣੈਨ, ਬੂਟ-ਜ਼ੁਰਾਬਾਂ ਵਿੱਚ ਦੌੜਨਾ ਸੀ। ਆਖਰ ਰਾਜ਼ਿਕ ਦੀ ਮੱਦਦ ਨਾਲ ਰੰਧਾਵਾ ਇਤਿਹਾਸਕ ਫਾਈਨਲ ਰੇਸ ਦੌੜ ਸਕਿਆ, ਜਿਸ ਵਿੱਚ ਉਸ ਨੇ ਫੇਰ 14 ਸਕਿੰਟ ਦਾ ਸਮਾਂ ਕੱਢ ਕੇ ਪੰਜਵਾਂ ਸਥਾਨ ਹਾਸਲ ਕੀਤਾ।**

ਟੋਕੀਓ ਵਿਖੇ ਰਾਜ਼ਿਕ ਦੂਜੀ ਹੀਟ ਵਿੱਚ ਦੌੜਿਆ, ਜਦੋਂ ਕਿ ਰੰਧਾਵਾ ਪੰਜਵੀਂ ਹੀਟ ਵਿੱਚ। ਰਾਜ਼ਿਕ 14.7 ਸਕਿੰਟ ਦੇ ਸਮੇਂ ਨਾਲ ਪੰਜਵੇਂ ਨੰਬਰ ਉਤੇ ਰਹਿਣ ਕਰਕੇ ਪਹਿਲੇ ਹੀ ਰਾਊਂਡ ਵਿੱਚੋਂ ਬਾਹਰ ਹੋ ਗਿਆ। ਰੰਧਾਵਾ ਨੇ 14.3 ਸਕਿੰਟ ਦਾ ਸਮਾਂ ਕੱਢ ਕੇ ਭਾਵੇਂ ਚੌਥਾ ਸਥਾਨ ਹਾਸਲ ਕੀਤਾ, ਪਰ ਉਹ ਬੈਸਟ ਲੂਜ਼ਰ ਹੋਣ ਕਰਕੇ ਸੈਮੀ ਫਾਈਨਲ ਲਈ ਕੁਆਲੀਫਾਈ ਹੋਣ ਵਾਲਾ ਆਖਰੀ 16ਵਾਂ ਅਥਲੀਟ ਸੀ। ਰਾਜ਼ਿਕ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਰੰਧਾਵਾ ਕੋਲ ਆ ਕੇ ਵਿਅੰਗ ਕਰਦਿਆਂ ਆਖਿਆ, "ਅੱਜ ਤਾਂ ਤੂੰ ਕਿਸਮਤ ਵਾਲਾ ਰਿਹਾ, ਪਰ ਭਲਕੇ ਦੀ ਸੈਮੀ ਫਾਈਨਲ ਹੀਟ ਵਿੱਚ ਤੂੰ ਆਖ਼ਰੀ ਸਥਾਨ ਉਤੇ ਆਵੇਗਾ।" ਸੈਮੀ ਫਾਈਨਲ ਵਿੱਚ ਰੰਧਾਵੇ ਨੂੰ ਸ਼ਾਇਦ ਇਹੋ ਬੋਲ ਕੰਨਾਂ ਵਿੱਚ ਗੂੰਜ ਰਹੇ ਸਨ, ਜਿਹੜਾ ਉਹ ਅਜਿਹਾ ਵਾ-ਵਰੋਲਾ ਬਣ ਕੇ ਦੌੜਿਆ ਕਿ 14 ਸਕਿੰਟ ਨਾਲ ਨਵਾਂ ਕੌਮੀ ਰਿਕਾਰਡ ਰੱਖਦਾ ਹੋਇਆ ਸੈਮੀ ਫਾਈਨਲ ਵਿੱਚ ਦੂਜੇ ਸਥਾਨ ਉਤੇ ਆਇਆ ਅਤੇ ਫ਼ਾਈਨਲ ਲਈ ਕੁਆਲੀਫਾਈ ਹੋ ਗਿਆ।

ਰੰਧਾਵਾ ਓਲੰਪਿਕ ਖੇਡਾਂ ਵਿੱਚ 110 ਮੀਟਰ ਹਰਡਲਜ਼ ਦੇ ਫਾਈਨਲ ਵਿੱਚ ਪਹੁੰਚਣ ਵਾਲਾ ਪਹਿਲਾ ਏਸ਼ਿਆਈ ਅਥਲੀਟ ਵੀ ਬਣ ਗਿਆ ਸੀ, ਜਿਸ ਦੀ ਇਸ ਇਤਿਹਾਸਕ ਪ੍ਰਾਪਤੀ ਉਤੇ ਉਸ ਨੂੰ ਸਭ ਤੋਂ ਪਹਿਲੀ ਵਧਾਈ ਵੀ ਗੁਆਂਢੀ ਮੁਲਕ ਪਾਕਿਸਤਾਨ ਦੇ ਗੁਲਾਮ ਰਾਜ਼ਿਕ ਨੇ ਹੀ ਦਿੱਤੀ, ਜਿਸ ਨੇ ਉਸ ਨੂੰ ਆਖਰੀ ਨੰਬਰ ਉਤੇ ਆਉਣ ਦਾ ਤਾਅਨਾ ਮਾਰਿਆ ਸੀ। ਰਾਜ਼ਿਕ ਨੇ ਰੰਧਾਵਾ ਕੋਲ ਆ ਕੇ ਨਾ ਸਿਰਫ਼ ਸਾਬਾਸ਼ ਦਿੱਤੀ, ਸਗੋਂ ਫਾਈਨਲ ਲਈ ਉਸ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਉਹ ਜ਼ਰੂਰ ਮੈਡਲ ਜਿੱਤੇਗਾ। ਰਾਜ਼ਿਕ ਦਾ ਬਦਲਿਆ ਨਜ਼ਰੀਆ ਇੱਕੱਲਾ ਗੱਲੀਬਾਤੀ ਨਹੀਂ ਸੀ, ਸਗੋਂ ਉਸ ਨੇ ਬੁਰੀ ਤਰ੍ਹਾਂ ਥੱਕ-ਟੁੱਟ ਚੁੱਕੇ ਰੰਧਾਵਾ ਦੀ ਮਾਲਸ਼ ਵੀ ਕੀਤੀ। ਵਰ੍ਹਦੇ ਮੀਂਹ ਤੇ 14 ਡਿਗਰੀ ਸੈਂਟੀਗ੍ਰੇਟ ਵਿੱਚ ਹੋਈ ਦੌੜ ਵਿੱਚ ਬੁਰੀ ਤਰ੍ਹਾਂ ਭਿੱਜ ਚੁੱਕੇ ਰੰਧਾਵਾ ਦੀਆਂ ਲੱਤਾਂ ਦੀ ਮਾਲਸ਼ ਕਰਦਾ ਹੋਇਆ ਰਜ਼ੀਕ ਆਪਣੇ ਮਿੱਤਰ ਨੂੰ ਫਾਈਨਲ ਲਈ ਤਿਆਰ ਕਰ ਰਿਹਾ ਸੀ। ਫਾਈਨਲ ਵੀ ਤਿੰਨ ਘੰਟੇ ਦੇ ਅੰਦਰ ਹੋਣ ਵਾਲਾ ਹੋਣ ਕਰਕੇ ਰੰਧਾਵਾ ਨੇ ਉਸੇ ਭਿੱਜੀ ਨਿੱਕਰ-ਬੁਣੈਨ, ਬੂਟ-ਜ਼ੁਰਾਬਾਂ ਵਿੱਚ ਦੌੜਨਾ ਸੀ। ਆਖਰ ਰਾਜ਼ਿਕ ਦੀ ਮੱਦਦ ਨਾਲ ਰੰਧਾਵਾ ਇਤਿਹਾਸਕ ਫਾਈਨਲ ਰੇਸ ਦੌੜ ਸਕਿਆ, ਜਿਸ ਵਿੱਚ ਉਸ ਨੇ ਫੇਰ 14 ਸਕਿੰਟ ਦਾ ਸਮਾਂ ਕੱਢ ਕੇ ਪੰਜਵਾਂ ਸਥਾਨ ਹਾਸਲ ਕੀਤਾ।

2021 ਵਿੱਚ ਟੋਕੀਓ ਓਲੰਪਿਕ ਖੇਡਾਂ ਦੌਰਾਨ ਵੀ ਰੰਧਾਵਾ ਤੇ ਰਾਜ਼ਿਕ ਦਾ ਕਿੱਸਾ ਯਾਦ ਆਇਆ, ਜਦੋਂ ਜੈਵਲਿਨ ਥਰੋਅ ਮੁਕਾਬਲੇ ਵਿੱਚ ਭਾਰਤ ਦਾ ਨੀਰਜ ਚੋਪੜਾ ਤੇ ਪਾਕਿਸਤਾਨ ਦਾ ਅਰਸ਼ਦ ਨਦੀਮ ਹਿੱਸਾ ਲੈ ਰਹੇ ਸਨ। ਨੀਰਜ ਨੇ ਪਹਿਲਾ ਸਥਾਨ ਹਾਸਲ ਕਰਦਿਆਂ ਸੋਨੇ ਦਾ ਤਮਗਾ ਜਿੱਤਿਆ, ਜਦੋਂ ਕਿ ਨਦੀਮ ਪੰਜਵੇਂ ਸਥਾਨ ਉਤੇ ਆਇਆ। ਨੀਰਜ ਨੇ ਜਿੱਤਣ ਤੋਂ ਬਾਅਦ ਇਹੋ ਗੱਲ ਕਹੀ ਕਿ ਬਹੁਤ ਚੰਗਾ ਹੁੰਦਾ ਜੇ ਨਦੀਮ ਵੀ ਪੋਡੀਅਮ (ਵਿਕਟਰੀ ਸਟੈਂਡ) ਉਤੇ ਹੁੰਦਾ। ਉਧਰੋਂ ਨਦੀਮ ਨੇ ਨੀਰਜ ਨੂੰ ਸੋਨ ਤਮਗਾ ਜਿੱਤਣ 'ਤੇ ਵਧਾਈ ਦਿੱਤੀ। ਭਾਰਤ-ਪਾਕਿਸਤਾਨ ਦੇ ਅਥਲੀਟਾਂ ਵੱਲੋਂ ਇੱਕ-ਦੂਜੇ ਪ੍ਰਤੀ ਦਿਖਾਏ ਸਤਿਕਾਰ ਨੇ ਰੰਧਾਵਾ ਤੇ ਰਾਜ਼ਿਕ ਦੀ ਯਾਦ ਦਿਵਾ ਦਿੱਤੀ, ਜਿਨ੍ਹਾਂ ਸਤਵੰਜਾ ਸਾਲ ਪਹਿਲਾਂ ਟੋਕੀਓ ਵਿਖੇ ਹੀ ਓਲੰਪਿਕਸ ਦੌਰਾਨ ਇੱਕ-ਦੂਜੇ ਪ੍ਰਤੀ ਅਪਣੱਤ ਦਿਖਾਉਂਦਿਆਂ ਖੇਡ ਭਾਵਨਾ ਦਾ ਮੁਜ਼ਾਹਰਾ ਕੀਤਾ ਸੀ।



# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ, ਸਹਿਯੋਗੀਆਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ

# ਬਹੁਤ ਬਹੁਤ ਵਧਾਈ



ਅਮਰਜੀਤ ਢੀਂਡਸਾ (ਮੁੱਖ ਸਲਾਹਕਾਰ) | ਲਖਬੀਰ ਢੀਂਡਸਾ | ਹਰਦੀਪ ਭੱਟੀ (ਸਾਬਕਾ ਚੇਅਰਮੈਨ) | ਗੁਰਵਿੰਦਰ ਬੱਬੂ (ਚੇਅਰਮੈਨ) | ਜਿੰਦਰ ਬੈਨੀਪਾਲ (ਸਾਬਕਾ ਪ੍ਰਧਾਨ) | ਕਾਬਲ ਭੁੱਲਰ (ਸਾਬਕਾ ਪ੍ਰਧਾਨ) | ਬਲਜੀਤ ਟਿਵਾਣਾ (ਸਾਬਕਾ ਪ੍ਰਧਾਨ) | ਦੀਪਇੰਦਰ ਵਿਰਕ (ਪ੍ਰਧਾਨ) | ਹਨੀ ਖੰਗੂੜਾ (ਮੀਤ ਪ੍ਰਧਾਨ)

## ਕਲੱਬ ਮੈਂਬਰ



ਜਿੰਦੀ ਖੰਗੂੜਾ | ਜਸਵਿੰਦਰ ਗਿੱਲ | ਵਿੱਕੀ ਸ਼ੰਮੀਪੁਰੀਆ | ਗਗਨ ਬਾਜਵਾ | ਪਿੰਦੀ ਛੀਨਾ | ਕਮਲਜੀਤ ਘੁਮਾਣ | ਹਰਪ੍ਰੀਤ ਗਿੱਲ | ਹਰਜਿੰਦਰ ਸਮਰਾ | ਮਨਮੋਹਨ ਭੱਠਲ | ਸੁਖਰਾਜ ਤੱਖਰ | ਸਵ. ਲਖਵਿੰਦਰ ਬਿਹਾਰੀਪੁਰੀਆ



ਜਗਜੀਤ ਨਾਹਲ | ਸੁਖਵੀਰ ਉੱਪਲ | ਜਸਪ੍ਰੀਤ ਮਠਾੜ | ਸੋਨੂੰ ਸਹੋਤਾ | ਨੰਨਾ ਸਹੋਤਾ | ਓਂਕਾਰ ਸਹੋਤਾ | ਜਗਦੀਸ਼ ਸੰਧੂ | ਅੰਮ੍ਰਿਤਪਾਲ ਬੱਟੂ | ਜੱਸੀ ਸਹੋਤਾ | ਗੋਲਡੀ ਲਾਲੀ | ਹਰਬੰਤ ਗਰੇਵਾਲ



ਮਨਜੀਤ ਸਿੰਘ | ਸੁਖਦੀਪ ਸਿੰਘ | ਹਰਕਮਲਦੀਪ ਸਿੰਘ | ਗੁਰਜੀਤ ਸੰਧੂ | ਸ਼ੇਰਾ ਖਾਂਬੜਾ | ਗੁਰਪਾਲ ਸੰਧੂ | ਜੋਤੀ ਸਹੋਤਾ | ਬੰਟੀ ਕਨੋਸ਼ਾ | ਯਾਦਵਿੰਦਰ ਗਿੱਲ | ਧਰਮਿੰਦਰ ਜਸਵਾਲ | ਸੁਰਿੰਦਰ ਭੱਟੀ



ਨਵਜੋਤ ਸਿੰਘ | ਜਗਦੀਪ ਬਰਿਆਣਾ | ਮਨਦੀਪ ਨਿੱਝਰ | ਪਾਲੀ ਧਾਲੀਵਾਲ | ਗੋਖੀ ਸੇਖੋਂ | ਗੋਗਾ ਘੁਮਾਣ | ਸੁਰਜੀਤ ਸਿੰਘ ਡੀ ਸੀ | ਪਰਮਿੰਦਰ ਸਿੰਘ | ਇੰਦਰਜੀਤ ਸਿੰਘ | ਮਿੰਦਰ ਭੱਠਲ

**Shere Punjab Sports & Cultural Club Chicago**

# ਪੰਜਾਬੀਆਂ ਦੀ ਅਮਰੀਕਾ ਨਾਲ ਹੈ ਗੂੜ੍ਹੀ ਸਾਂਝ

**ਅਮਰੀਕਾ ਵਿੱਚ ਵੱਡਾ ਨਾਮ ਤੇ ਨਾਮਾ ਕਮਾਉਣ ਵਾਲੇ ਪੰਜਾਬੀਆਂ ਦੀ ਸੂਚੀ ਅੱਜ ਦੇ ਦੌਰ ਵਿੱਚ ਕਾਫੀ ਲੰਮੀ ਹੈ, ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿੱਚ ਆਪਣੀ ਥਾਂ ਹੀ ਨਹੀਂ ਬਣਾਈ, ਸਗੋਂ ਸਥਾਨਕ ਪ੍ਰਸ਼ਾਸਨਿਕ ਪ੍ਰਣਾਲੀ ਵਿੱਚ ਆਪਣੇ ਭਾਈਚਾਰੇ ਦਾ ਜ਼ਿਕਰ ਵੀ ਬੁਲੰਦ ਕੀਤਾ ਹੈ। ਸ਼ਾਇਦ ਹੀ ਅਮਰੀਕਾ ਦਾ ਕੋਈ ਸੂਬਾ ਬਚਿਆ ਹੋਵੇ, ਜਿੱਥੇ ਕਿਸੇ ਪੰਜਾਬੀ (ਸਿੱਖ, ਹਿੰਦੂ ਜਾਂ ਮੁਸਲਿਮ) ਨੇ ਝੰਡਾ ਨਾ ਗੱਡਿਆ ਹੋਵੇ। ਇਸ ਲੇਖ ਵਿੱਚ ਲੇਖਕ ਨੇ ਕੁਝ ਕੁ ਪੰਜਾਬੀਆਂ ਦੇ ਸੰਖੇਪ ਹਵਾਲੇ ਨਾਲ ਪੰਜਾਬੀਆਂ ਦੀ ਅਮਰੀਕਾ ਨਾਲ ਸਾਂਝ ਦੀ ਗੱਲ ਕੀਤੀ ਹੈ। ਉਂਜ ਪੰਜਾਬੀ ਹੁਣ ਨਿੱਜੀ ਤੌਰ 'ਤੇ ਅਤੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਜਾਂ ਕਾਰੋਬਾਰੀਆਂ ਵਜੋਂ ਅਮਰੀਕੀ ਸਮਾਜ ਵਿੱਚ ਸਫਲਤਾ ਨਾਲ ਸ਼ੁਮਾਰ ਹਨ। ਪੇਸ਼ ਹੈ, ਅਮਰੀਕਾ ਵਿੱਚ ਆ ਵੱਸਣ ਅਤੇ ਇੱਥੇ ਸਖਤ ਘਾਲਣਾ ਘਾਲ ਕੇ ਆਪਣਾ ਮੁਕਾਮ ਪਾਉਣ ਵਾਲੇ ਪੰਜਾਬੀਆਂ ਬਾਰੇ ਇਹ ਲੇਖ...**

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008




ਪੰਜਾਬੀਆਂ ਦੀ ਤਾਂ ਬਾਤ ਹੀ ਨਿਰਾਲੀ ਹੈ। ਇਨ੍ਹਾਂ ਦੇ ਹੱਥਾਂ 'ਚ ਬੰਜਰ ਜ਼ਮੀਨਾਂ ਨੂੰ ਆਬਾਦ ਕਰਨ ਦੀ ਤਾਕਤ, ਦਿਮਾਗ ਵਿੱਚ ਉਚੇਰੀਆਂ ਬੁਲੰਦੀਆਂ ਛੂਹਣ ਦੀ ਯੋਜਨਾਬੰਦੀ ਅਤੇ ਮਨ ਵਿੱਚ ਸਰਬੱਤ ਦਾ ਭਲਾ ਮੰਗਣ ਤੇ ਕਰਨ ਦਾ ਜਜ਼ਬਾ ਵੱਸਿਆ ਹੋਇਆ ਹੈ। ਇਹ ਕਿਸੇ ਤੋਂ ਵੀ ਨਾ ਡਰਨ ਵਾਲੀ ਅਤੇ ਆਪਣੇ ਹੱਕਾਂ ਲਈ ਹੱਸਦਿਆਂ-ਹੱਸਦਿਆਂ ਜਾਨਾਂ ਵਾਰ ਦੇਣ ਵਾਲੀ ਨਿਰਾਲੀ ਕੌਮ ਹੈ। ਪੰਜਾਬੀਆਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਆਪਣੀ ਮਿਹਨਤ, ਦਿਆਨਤਦਾਰੀ ਅਤੇ ਸਮਰਪਣ ਸਦਕਾ ਵੱਡੇ ਮੁਕਾਮ ਹਾਸਿਲ ਕੀਤੇ ਹਨ ਤੇ ਕੁੱਲ ਦੁਨੀਆਂ ਨੂੰ ਦਰਸਾ ਦਿੱਤਾ ਹੈ ਕਿ ਪੰਜਾਬੀ ਆਪਣੀ ਫ਼ਸਲ, ਨਸਲ, ਵਸਲ ਅਤੇ ਅਸਲ ਦੀ ਰਾਖੀ ਲਈ ਸਭ ਕੁਝ ਦਾਅ 'ਤੇ ਲਾ ਦੇਣ ਦਾ ਮਾਦਾ ਰੱਖਦੇ ਹਨ। ਆਓ, ਅੱਜ ਇਹ ਜਾਣਨ ਦਾ ਯਤਨ ਕਰੀਏ ਕਿ ਪੰਜਾਬੀਆਂ ਨੇ ਦੁਨੀਆਂ ਦੀ 'ਮਹਾਂਸ਼ਕਤੀ' ਆਖੇ ਜਾਂਦੇ ਅਮਰੀਕਾ ਵਿੱਚ ਕਿਸ ਕਦਰ ਆਪਣੀ ਧਾਕ ਜਮਾਈ ਹੈ ਤੇ ਵੱਡੇ ਅਹੁਦੇ ਪ੍ਰਾਪਤ ਕਰਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ।

ਅਮਰੀਕਾ ਦਾ ਇਤਿਹਾਸ ਦੱਸਦਾ ਹੈ ਕਿ ਇੱਥੇ ਸਭ ਤੋਂ ਪਹਿਲਾ ਭਾਰਤੀ ਵਿਅਕਤੀ ਸੰਨ 1670 ਵਿੱਚ ਮਦਰਾਸ ਤੋਂ ਆਇਆ ਸੀ ਤੇ ਉਸ ਨੂੰ ਇੱਕ ਸਮੁੰਦਰੀ ਜਹਾਜ਼ ਦਾ ਕਪਤਾਨ ਆਪਣੇ ਨਾਲ ਮੈਸਾਚੂਸੈਟਸ ਇਲਾਕੇ ਵਿੱਚ ਲੈ ਕੇ ਆਇਆ ਸੀ। ਸੰਨ 1670 ਤੋਂ ਲੈ ਕੇ ਸੰਨ 1900 ਤੱਕ ਕੋਈ ਵਿਰਲਾ ਵਿਰਲਾ ਭਾਰਤੀ ਹੀ ਅਮਰੀਕਾ ਪੁੱਜਿਆ ਸੀ। ਸੰਨ 1903 ਤੋਂ ਬਾਅਦ ਅਮਰੀਕਾ ਵਿੱਚ ਦੱਖਣ ਏਸ਼ੀਆਈ ਲੋਕਾਂ ਤੇ ਖ਼ਾਸ ਕਰਕੇ ਭਾਰਤੀਆਂ ਦੀ ਆਮਦ ਨੇ ਥੋੜ੍ਹੀ ਰਫ਼ਤਾਰ ਫੜ੍ਹੀ ਸੀ। ਜੇ ਅਮਰੀਕਾ ਵਿੱਚ ਪੰਜਾਬੀਆਂ ਦੀ ਆਮਦ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੰਨ 1903 ਤੋਂ ਸੰਨ 1908 ਤੱਕ ਲਗਪਗ 6 ਹਜ਼ਾਰ ਪੰਜਾਬੀ ਉੱਤਰੀ ਅਮਰੀਕਾ ਭਾਵ ਕੈਨੇਡਾ ਵਿੱਚ ਦਾਖ਼ਲ ਹੋਏ ਸਨ ਤੇ ਉਨ੍ਹਾਂ ਵਿੱਚੋਂ 3 ਹਜ਼ਾਰ ਪੰਜਾਬੀ ਕੈਨੇਡਾ ਲੰਘ ਕੇ ਅਮਰੀਕਾ ਜਾ ਪੁੱਜੇ ਸਨ। ਇੱਥੇ ਆ ਕੇ ਪੰਜਾਬੀਆਂ ਨੇ ਉੱਤਰੀ ਕੈਲੀਫ਼ੋਰਨੀਆ ਵਿੱਚ ਖੇਤੀਬਾੜੀ ਦੇ ਨਾਲ-ਨਾਲ ਨਿਰਮਾਣ ਅਧੀਨ ਰੇਲਵੇ ਲਾਈਨ ਵਿਛਾਉਣ ਦਾ ਕੰਮ ਕੀਤਾ ਸੀ। ਸੰਨ 1903 ਤੋਂ ਸੰਨ 1908 ਤੱਕ ਦੇ ਇਨ੍ਹਾਂ ਛੇ ਸਾਲਾਂ ਵਿੱਚ ਦੋ ਹਜ਼ਾਰ ਦੇ ਕਰੀਬ ਪੰਜਾਬੀਆਂ ਨੇ ਓਕਲੈਂਡ ਤੇ ਸਾਲਟ ਲੇਕ ਸਿਟੀ ਦੇ ਦਰਮਿਆਨ ਸੱਤ ਸੌ ਮੀਲ ਲੰਮੀ ਸੜਕ ਦੇ ਨਿਰਮਾਣ ਵਿੱਚ ਵੀ ਹਿੱਸਾ ਪਾਇਆ ਸੀ। ਅਗਲੇ ਦੋ ਸਾਲ ਇਨ੍ਹਾਂ ਪੰਜਾਬੀਆਂ ਨੇ ਵੱਖ-ਵੱਖ ਪੁਲਾਂ ਅਤੇ ਸੁਰੰਗਾਂ ਦੇ ਨਿਰਮਾਣ ਵਿੱਚ ਲਗਾ ਦਿੱਤੇ ਸਨ ਤੇ ਉਪਰੰਤ ਇਹ ਪੰਜਾਬੀ ਲੋਕ ਔਰੇਗਨ, ਵਾਸ਼ਿੰਗਟਨ ਅਤੇ ਕੈਲੀਫ਼ੋਰਨੀਆ ਵਿਖੇ ਸਥਿਤ ਵੱਖ-ਵੱਖ ਮਿੱਲਾਂ ਵਿੱਚ ਕੰਮ 'ਤੇ ਲੱਗ ਗਏ ਸਨ। ਚੇਤੇ ਰਹੇ, ਅਮਰੀਕਾ ਪੁੱਜੇ ਇਨ੍ਹਾਂ ਲੋਕਾਂ ਵਿੱਚ ਬਹੁਤੇ ਅਨਪੜ੍ਹ ਜਾਂ ਘੱਟ ਪੜ੍ਹੇ ਪੰਜਾਬੀ ਸਨ, ਜਿਨ੍ਹਾਂ ਦਾ ਪਿਛੋਕੜ ਖੇਤੀਬਾੜੀ ਜਾਂ ਜੰਗਾਂ ਵਿੱਚ ਬਤੌਰ ਸੈਨਿਕ ਭਾਗ ਲੈਣ ਵਾਲਾ ਸੀ ਤੇ ਇਹ ਮਜ਼ਦੂਰੀ ਕਰਨ ਵਾਲੇ ਬਹੁਤੇ ਪੰਜਾਬੀ, ਪੰਜਾਬ ਦੇ ਦੁਆਬਾ ਤੇ ਮਾਲਵਾ ਖਿੱਤਿਆਂ 'ਚੋਂ ਆਏ ਸਨ।

ਅਮਰੀਕਾ ਵਿੱਚ ਖ਼ੂਨ-ਪਸੀਨਾ ਇੱਕ ਕਰਕੇ ਰੋਜ਼ੀ-ਰੋਟੀ ਕਮਾਉਣ ਵਾਲੇ ਇਨ੍ਹਾਂ ਮਿਹਨਤਕਸ਼ ਪੰਜਾਬੀਆਂ ਨੂੰ ਕਈ ਦੁਖਦਾਇਕ ਦੁਸ਼ਵਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ ਸੀ। 5 ਸਤੰਬਰ 1907 ਨੂੰ ਛੇ ਸੌ ਦੇ ਕਰੀਬ ਯੂਰਪੀ ਮਜ਼ਦੂਰਾਂ ਦੀ ਭੀੜ ਨੇ ਪੰਜਾਬੀਆਂ ਦੇ ਘਰਾਂ 'ਤੇ ਹੱਲਾ ਬੋਲ ਦਿੱਤਾ ਸੀ ਤੇ ਉਨ੍ਹਾਂ ਦੀ ਮਾਰਕੁੱਟ ਕਰਕੇ ਉਨ੍ਹਾਂ ਦਾ ਕੀਮਤੀ ਸਮਾਨ ਲੁੱਟ ਲਿਆ ਸੀ। ਇਸ ਹਮਲੇ ਕਰਕੇ ਕੁਝ ਪੰਜਾਬੀ ਕੈਨੇਡਾ ਵੱਲ ਭੱਜ ਗਏ ਸਨ ਤੇ ਕੁਝ ਇੱਕ ਨੂੰ ਅਮਰੀਕਾ ਵਿੱਚ ਹੀ ਜੇਲ੍ਹ ਅੰਦਰ ਡੱਕ ਦਿੱਤਾ ਗਿਆ ਸੀ। ਇੱਥੇ ਇਹ ਦੱਸਣਯੋਗ ਹੈ ਕਿ ਉੱਥੋਂ ਪੰਜਾਬੀਆਂ ਨੂੰ ਜ਼ਬਰਦਸਤੀ ਕੱਢਣ ਵਾਲੇ ਦੰਗਾਈਆਂ ਨੂੰ ਸਥਾਨਕ ਪੁਲਿਸ ਦਾ ਲੁਕਵਾਂ ਸਮਰਥਨ ਹਾਸਿਲ ਸੀ ਅਤੇ ਸਥਾਨਕ ਪੱਤਰਕਾਰ ਤੇ ਅਮਰੀਕੀ ਲੋਕ ਪੰਜਾਬੀਆਂ ਦੇ ਇਸ ਦੁਖ਼ਾਂਤ ਪ੍ਰਤੀ ਪੂਰੀ ਤਰ੍ਹਾਂ ਸੰਵੇਦਨਹੀਣ ਰਹੇ ਸਨ।

ਸਥਾਨਕ ਮਜ਼ਦੂਰਾਂ ਤੋਂ ਘੱਟ ਮਜ਼ਦੂਰੀ 'ਤੇ ਕੰਮ ਕਰਨ ਨੂੰ ਤਿਆਰ ਪੰਜਾਬੀ ਮਜ਼ਦੂਰਾਂ ਨੂੰ ਕਈ ਅਮਰੀਕੀ ਮਜ਼ਦੂਰ ਸੰਗਠਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਤੇ ਉਨ੍ਹਾਂ ਨੂੰ ਔਰੇਗਨ, ਵਾਸ਼ਿੰਗਟਨ ਅਤੇ ਉੱਤਰੀ ਕੈਲੀਫ਼ੋਰਨੀਆ ਵਿੱਚੋਂ ਖਦੇੜ ਦਿੱਤਾ ਗਿਆ ਸੀ। ਇਸੇ ਸੰਘਰਸ਼ ਨੇ ਸੰਨ 1908 ਵਿੱਚ 'ਏਸ਼ੀਆਟਿਕ ਐਕਸਕਲੂਜ਼ਨ ਲੀਗ' ਨਾਮਕ ਅਮਰੀਕੀ ਲੋਕਾਂ ਦੇ ਸੰਗਠਨ ਦੀ ਨੀਂਹ ਰੱਖ ਦਿੱਤੀ ਸੀ, ਜੋ ਭਾਰਤੀਆਂ ਦੇ ਅਮਰੀਕਾ ਵਿੱਚ ਦਾਖ਼ਲੇ ਦਾ ਵਿਰੋਧ ਕਰਦਾ ਸੀ ਤੇ ਸੰਨ 1910 ਵਿੱਚ ਇਹ ਸੰਗਠਨ ਭਾਰਤੀਆਂ ਦੇ ਅਮਰੀਕਾ ਵਿੱਚ ਦਾਖ਼ਲੇ 'ਤੇ ਪਾਬੰਦੀ ਲਗਵਾਉਣ ਵਿੱਚ ਸਫ਼ਲ ਰਿਹਾ ਸੀ।



ਖ਼ਾਲਸਾ ਦੀਵਾਨ ਸੁਸਾਇਟੀ, ਸਟਾਕਟਨ ਦੀ ਇੱਕ ਪੁਰਾਣੀ ਤਸਵੀਰ

ਉਧਰ ਪੰਜਾਬੀਆਂ ਨੇ ਵੀ ਸੰਨ 1909 ਵਿੱਚ ਅਮਰੀਕਾ ਵਿਖੇ 'ਖ਼ਾਲਸਾ ਦੀਵਾਨ ਸੁਸਾਇਟੀ' ਦਾ ਗਠਨ ਕਰ ਲਿਆ ਸੀ ਤੇ ਆਪਣੀਆਂ ਧਾਰਮਿਕ ਲੋੜਾਂ ਦੀ ਪੂਰਤੀ ਲਈ ਸੰਨ 1912 ਵਿੱਚ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਦੇ ਉੱਦਮ ਸਦਕਾ ਪਹਿਲਾ ਗੁਰਦੁਆਰਾ ਵੀ ਸਥਾਪਿਤ ਕਰ ਦਿੱਤਾ ਸੀ। ਪ੍ਰਸਿੱਧ ਲੇਖਕ ਪ੍ਰੋ. ਬਰੂਸ ਲਾ ਬਰੈਕ ਲਿਖ਼ਦਾ ਹੈ, "ਸਟਾਕਟਨ ਵਿਖੇ ਸਥਾਪਿਤ ਕੀਤਾ ਗਿਆ ਗੁਰਦੁਆਰਾ ਭਾਰਤੀਆਂ ਲਈ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਸੀ। ਇੱਥੇ ਸਿੱਖ, ਹਿੰਦੂ, ਮੁਸਲਿਮ, ਕੈਥੋਲਿਕ, ਮੈਕਸੀਕਨ ਲੋਕ ਅਕਸਰ ਇਕੱਠੇ ਹੁੰਦੇ ਸਨ।"

ਸਰਕਾਰੀ ਰਿਕਾਰਡ ਦੱਸਦਾ ਹੈ ਕਿ ਅਮਰੀਕਾ ਦੇ ਔਰੇਗਨ ਖੇਤਰ ਦੇ ਅਸਟੋਰੀਆ ਵਿਖੇ 15 ਜੁਲਾਈ 1913 ਨੂੰ ਭਾਰਤੀਆਂ ਨੇ 'ਗ਼ਦਰ ਪਾਰਟੀ' ਦਾ ਗਠਨ ਕੀਤਾ ਸੀ ਤੇ ਇਹ ਪਾਰਟੀ ਭਾਰਤ ਵਿੱਚ ਬਰਤਾਨਵੀ ਹਕੂਮਤ ਦਾ ਤਖ਼ਤਾ ਪਲਟਣ ਲਈ ਬਣਾਈ ਗਈ ਸੀ। ਨਵੰਬਰ 1913 ਵਿੱਚ ਇੱਥੇ 'ਗ਼ਦਰ ਅਖ਼ਬਾਰ' ਪ੍ਰਕਾਸ਼ਿਤ ਕਰਕੇ ਉੱਤਰੀ ਅਮਰੀਕਾ ਵਿੱਚ ਵੱਸਦੇ ਸਮੂਹ ਭਾਰਤੀਆਂ ਤੱਕ ਪਹੁੰਚਾਇਆ ਗਿਆ ਸੀ ਤੇ ਫਿਰ ਭਾਰਤ ਅਤੇ ਯੂਰਪ ਵਿੱਚ ਵੀ ਇਹ ਅਖ਼ਬਾਰ ਪੁੱਜਦਾ ਕੀਤਾ ਗਿਆ ਸੀ।

ਪੰਜਾਬੀਆਂ ਨਾਲ ਅਮਰੀਕਾ ਵਿੱਚ ਵਾਪਰੇ ਵੱਡੇ ਦੁਖਾਂਤਾਂ ਵਿੱਚ ਇੱਕ ਦੁਖਾਂਤ ਇਹ ਸੀ ਕਿ ਸੰਨ 1923 ਵਿੱਚ ਸਾਹਮਣੇ ਆਏ 'ਥਿੰਦ ਕੇਸ' ਵਿਚ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਲਈ ਇਸ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ ਸੀ, ਕਿਉਂਕਿ 'ਉਹ ਗੋਰੇ ਨਹੀਂ ਸਨ।' ਸੰਨ 1946 ਤੱਕ ਆਉਂਦਿਆਂ-ਆਉਂਦਿਆਂ ਇਹ ਪਾਇਆ ਗਿਆ ਕਿ ਕੈਲੀਫ਼ੋਰਨੀਆ ਵਿੱਚ 400 ਪੰਜਾਬੀ ਪਰਿਵਾਰ ਵੱਸਦੇ ਸਨ ਤੇ ਇੱਥੇ ਰਹਿੰਦੇ ਕੁਝ ਪੰਜਾਬੀ ਮਰਦਾਂ ਨੇ ਮੈਕਸੀਕਨ ਔਰਤਾਂ ਨਾਲ ਵਿਆਹ ਕਰਵਾਏ ਸਨ ਤੇ ਇਨ੍ਹਾਂ ਔਰਤਾਂ ਨੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਅਮਰੀਕੀ ਸੱਭਿਆਚਾਰ ਅਨੁਸਾਰ ਹੀ ਕੀਤਾ ਸੀ ਤੇ ਉਨ੍ਹਾਂ ਨੂੰ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ ਸਿਖਾਈਆਂ ਸਨ। ਵਿਦੇਸ਼ ਵਿੱਚ ਰਹਿੰਦੇ ਇਨ੍ਹਾਂ ਪੰਜਾਬੀਆਂ ਨੇ ਇਸ ਸੱਭਿਆਚਾਰਕ ਅਤੇ ਭਾਸ਼ਾਈ ਵਿਤਕਰੇ ਨੂੰ ਬੇਹੱਦ ਸਹਿਣਸ਼ੀਲ ਹੋ ਕੇ ਸਹਿਆ ਸੀ।

ਅਮਰੀਕਾ ਵਿੱਚ ਵੱਸਦੇ ਪੰਜਾਬੀਆਂ ਬਾਬਤ ਅੰਕੜੇ ਦੱਸਦੇ ਹਨ ਕਿ ਸੰਨ 2021 ਵਿੱਚ ਇਥੇ ਪੰਜਾਬੀਆਂ ਦੀ ਆਬਾਦੀ 3,18,588 ਸੀ, ਜਦੋਂ ਕਿ ਸੰਨ 2010 ਵਿੱਚ ਇਹ ਸੰਖਿਆ ਸਿਰਫ 2,43,773 ਸੀ। ਸਿੱਖ ਪੰਜਾਬੀਆਂ ਦੀ ਸਭ ਤੋਂ ਵੱਧ ਜਨਸੰਖਿਆ ਕੈਲੀਫ਼ੋਰਨੀਆ ਵਿੱਚ ਪਾਈ ਗਈ ਸੀ, ਜੋ ਕਿ 1,56,763 ਦੇ ਕਰੀਬ ਬਣਦੀ ਸੀ। ਇੱਥੇ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ ਤੋਂ ਬਾਅਦ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਪੰਜਾਬੀ ਹੈ। ਨਿਊ ਯਾਰਕ ਅਤੇ ਵਾਸ਼ਿੰਗਟਨ ਵਿੱਚ ਵੱਸਦੇ ਪੰਜਾਬੀ ਸਿੱਖਾਂ ਦੀ ਸੰਖਿਆ ਕ੍ਰਮਵਾਰ 30,341 ਅਤੇ 19,292 ਸੀ। ਯੂਬਾ ਸਿਟੀ ਵਿਖੇ ਪਹਿਲਾ ਪੰਜਾਬੀ ਵਿਅਕਤੀ ਸੰਨ 1906 ਵਿੱਚ ਪੁੱਜਾ ਸੀ ਤੇ ਸੰਨ 2021 ਵਿੱਚ ਇਥੇ ਪੰਜਾਬੀਆਂ ਦੀ ਸੰਖਿਆ 10,638 ਸੀ। ਅਮਰੀਕਾ ਦਾ 'ਰਿਚਮੰਡ ਹਿਲ' ਇਲਾਕਾ ਤਾਂ 'ਲਿਟਲ ਪੰਜਾਬ' ਵਜੋਂ ਜਾਣਿਆ ਜਾਣ ਲੱਗ ਪਿਆ ਸੀ। ਸੰਨ 2020 ਵਿੱਚ ਇਥੇ 101 ਤੋਂ 111 ਸਟਰੀਟ ਅਤੇ 123 ਸਟਰੀਟ ਵਿਚਲੇ ਇਲਾਕੇ ਨੂੰ 'ਪੰਜਾਬ ਐਵਨਿਊ' ਆਖਿਆ ਜਾਣ ਲੱਗ ਪਿਆ ਸੀ ਤੇ 97 ਤੋਂ 117 ਸਟਰੀਟ ਦੇ ਇਲਾਕੇ ਨੂੰ ਵੀ ਸਥਾਨਕ ਨਿਵਾਸੀ 'ਗੁਰਦੁਆਰਾ ਸਟਰੀਟ' ਦੇ ਨਾਂ ਨਾਲ ਜਾਣਨ ਲੱਗ ਪਏ ਸਨ।



**ਸਿਆਸਤ ਵਿੱਚ ਕਦਮ ਰੱਖਦਿਆਂ ਪੰਜਾਬੀ ਸ਼ਖ਼ਸ ਸ. ਦਲੀਪ ਸਿੰਘ ਸੌਂਦ ਨੇ ਸੰਨ 1956 ਵਿੱਚ ਅਮਰੀਕੀ ਸੰਸਦ ਦੇ ਪਹਿਲੇ ਏਸ਼ੀਆਈ-ਅਮਰੀਕੀ ਸੰਸਦ ਮੈਂਬਰ ਹੋਣ ਦਾ ਸ਼ਰਫ਼ ਹਾਸਿਲ ਕੀਤਾ ਸੀ**

ਜਿਵੇਂ ਕਿ ਅਸੀਂ ਪਹਿਲਾਂ ਜਾਣ ਚੁੱਕੇ ਹਾਂ ਕਿ ਸ਼ੁਰੂਆਤ ਵਿੱਚ ਅਮਰੀਕਾ ਆਏ ਪੰਜਾਬੀਆਂ ਨੇ ਕਿਸਾਨਾਂ ਅਤੇ ਨਿਰਮਾਣ ਮਜ਼ਦੂਰਾਂ ਵਜੋਂ ਹੱਡ-ਭੰਨਵੀਂ ਮਿਹਨਤ ਕੀਤੀ ਸੀ ਤੇ ਫਿਰ ਸਮਾਂ ਬੀਤਣ ਨਾਲ ਉਹ ਜ਼ਮੀਨਾਂ ਅਤੇ ਵਪਾਰਕ ਅਦਾਰਿਆਂ ਦੇ ਸਫ਼ਲ ਮਾਲਕ ਬਣਦੇ ਗਏ ਸਨ। ਇੱਥੇ ਹੀ ਬਸ ਨਹੀਂ, ਸਿਆਸਤ ਵਿੱਚ ਕਦਮ ਰੱਖਦਿਆਂ ਪੰਜਾਬੀ ਸ਼ਖ਼ਸ ਸ. ਦਲੀਪ ਸਿੰਘ ਸੌਂਦ ਨੇ ਸੰਨ 1956 ਵਿੱਚ ਅਮਰੀਕੀ ਸੰਸਦ ਦੇ ਪਹਿਲੇ ਏਸ਼ੀਆਈ-ਅਮਰੀਕੀ ਸੰਸਦ ਮੈਂਬਰ ਹੋਣ ਦਾ ਸ਼ਰਫ਼ ਹਾਸਿਲ ਕੀਤਾ ਸੀ। ਇਸੇ ਤਰ੍ਹਾਂ ਅਗਲੇਰੇ ਸਮੇਂ ਵਿੱਚ ਸ. ਅਮਰਜੀਤ ਸਿੰਘ ਬੁੱਟਰ ਨੂੰ ਵੀ ਦਸੰਬਰ 2001 ਵਿੱਚ ਸਿੱਖਿਆ ਬੋਰਡ ਦਾ ਉੱਚ ਅਹੁਦੇਦਾਰ ਚੁਣ ਲਿਆ ਗਿਆ ਸੀ ਤੇ ਫਿਰ ਉਹ ਇਸ ਬੋਰਡ ਦਾ ਪ੍ਰਧਾਨ ਬਣਨ ਵਿੱਚ ਕਾਮਯਾਬ ਰਹੇ ਸਨ। ਪੰਜਾਬੀ ਪਿਛੋਕੜ ਦੇ ਸ੍ਰੀ ਬੌਬੀ ਜਿੰਦਲ ਜਿੱਥੇ ਲੁਇਸੀਆਨਾ ਸਟੇਟ ਦੇ ਗਵਰਨਰ ਬਣੇ ਸਨ, ਉੱਥੇ ਹੀ ਨਿੱਕੀ ਹੇਲੀ ਨੂੰ ਵੀ ਦੱਖਣੀ ਕੈਰੋਲਾਈਨਾ ਦੀ ਗਵਰਨਰ ਅਤੇ ਸੰਯੁਕਤ ਰਾਸ਼ਟਰ ਸੰਘ ਵਿੱਚ ਅਮਰੀਕੀ ਰਾਜਦੂਤ ਹੋਣ ਦਾ ਮਾਣ ਹਾਸਿਲ ਹੋ ਚੁੱਕਾ ਹੈ। ਸ੍ਰੀ ਕਸ਼ਮੀਰ 'ਕਾਸ਼' ਗਿੱਲ ਨੇ ਵੀ ਯੂਬਾ ਸਿਟੀ ਦੇ ਮੇਅਰ ਬਣ ਕੇ ਪੰਜਾਬੀਆਂ ਦੀ ਸ਼ਾਨ ਵਧਾਈ ਹੈ। ਇਸੇ ਤਰ੍ਹਾਂ ਸ੍ਰੀ ਰਵਿੰਦਰ ਰਵੀ ਭੱਲਾ ਨੇ ਵੀ ਨਿਊ ਜਰਸੀ ਇਲਾਕੇ ਦੇ 'ਹੌਬਕਨ' ਖਿੱਤੇ ਦੇ ਮੇਅਰ ਬਣ ਕੇ ਪਹਿਲੇ ਦਸਤਾਰਧਾਰੀ ਸਿੱਖ ਮੇਅਰ ਹੋਣ ਦਾ ਮਾਣ ਹਾਸਿਲ ਕੀਤਾ ਹੈ।

ਅਮਰੀਕਾ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਦੀ ਜੇ ਗੱਲ ਕੀਤੀ ਜਾਵੇ ਤਾਂ ਇਸ ਵਕਤ 'ਵਰਲਡ ਬੈਂਕ' ਦੇ ਮੁਖੀ ਸ. ਅਜੇ ਬੰਗਾ, 'ਪੈਂਟੀਅਮ ਪ੍ਰੋਸੈਸਰ' ਦੇ ਨਿਰਮਾਣ ਵਿੱਚ ਵੱਡੀ ਭੂਮਿਕਾ ਅਦਾ ਕਰਨ ਵਾਲੇ ਵਿਨੋਦ ਧੰਮ, 'ਹੌਟਮੇਲ' ਦੇ ਸਹਿ-ਸੰਸਥਾਪਕ ਵਿਨੋਦ ਖੋਸਲਾ ਅਤੇ ਸਬੀਰ ਭਾਟੀਆ, ਅਮਰੀਕੀ ਰਾਸ਼ਟਰਪਤੀ ਰਹੇ ਸ੍ਰੀ ਬਰਾਕ ਓਬਾਮਾ ਵੱਲੋਂ ਨਿਯੁਕਤ ਕੀਤੇ ਪਹਿਲੇ 'ਚੀਫ਼ ਟੈਕਨਾਲੋਜੀ ਅਫ਼ਸਰ' ਸ੍ਰੀ ਅਨੀਸ਼ ਚੋਪੜਾ, ਇਮੀਗ੍ਰੇਸ਼ਨ ਐਕਟੀਵਿਸਟ ਸ੍ਰੀ ਕਾਲਾ ਬਾਗ਼ੀ, ਨਾਗਰਿਕਤਾ ਅਧਿਕਾਰਾਂ ਲਈ ਲੜਨ ਵਾਲੇ ਸ. ਭਗਤ ਸਿੰਘ ਥਿੰਦ, ਸੰਗੀਤਕਾਰ ਤੇ ਗੀਤਕਾਰ ਰਵੀਨਾ ਅਰੋੜਾ, ਸਿਆਸੀ ਐਕਟੀਵਿਸਟ ਸ੍ਰੀ ਜੇ.ਜੇ. ਸਿੰਘ ਤੇ ਉਨ੍ਹਾਂ ਦੀ ਪੋਤਰੀ ਸਬਰੀਨਾ ਸਿੰਘ ਜੋ 'ਪੈਂਟਾਗਨ ਪ੍ਰੈੱਸ ਸਕੱਤਰ' ਬਣਨ 'ਚ ਸਫ਼ਲ ਹੋਈ, 'ਹਾਲੀਵੁੱਡ ਵੈਕਸ ਮਿਊਜ਼ੀਅਮ' ਦੇ ਸੰਸਥਾਪਕ ਸ੍ਰੀ ਸਪੂਨੀ ਸਿੰਘ, ਮੈਡੀਕਲ ਖੋਜੀ ਸ੍ਰੀ ਤੇਗ ਸੋਖੀ, ਅਟਾਰਨੀ ਸ੍ਰੀ ਪ੍ਰੀਤ ਭਰਾਣਾ, ਕਾਰੋਬਾਰੀ ਸ੍ਰੀ ਸੰਤ ਸਿੰਘ ਛਤਵਾਲ, ਵਿਕਰਮ ਛਤਵਾਲ, ਨਿਊ ਜਰਸੀ ਦੇ ਅਟਾਰਨੀ ਜਨਰਲ ਸ੍ਰੀ ਗੁਰਬੀਰ ਗਰੇਵਾਲ, ਫ਼ਾਈਬਰ ਆੱਪਟਿਕਸ ਦੀ ਕਾਢ ਕੱਢਣ ਵਾਲੇ ਮਹਾਨ ਭੌਤਿਕ ਵਿਗਿਆਨੀ ਸ. ਨਰਿੰਦਰ ਸਿੰਘ ਕਪਾਨੀ, ਮਨੁੱਖੀ ਅਧਿਕਾਰ ਵਕੀਲ ਅਤੇ ਕਾਨੂੰਨ ਦੇ ਪ੍ਰੋਫ਼ੈਸਰ ਸ. ਅਰਜਨ ਸਿੰਘ ਸੇਠੀ, ਅਮਰੀਕੀ ਫ਼ੌਜ ਦੇ ਪਹਿਲੇ ਦਸਤਾਰਧਾਰੀ ਸੈਨਿਕ ਸ. ਜੀ.ਬੀ. ਸਿੰਘ, ਉੱਘੇ ਅਧਿਆਤਮਵਾਦੀ ਸ. ਹਰਭਜਨ ਸਿੰਘ ਯੋਗੀ, ਯੂਬਾ ਸਿਟੀ ਦੀ ਪਹਿਲੀ ਸਿੱਖ ਮੇਅਰ ਹੋਣ ਦਾ ਸ਼ਰਫ਼ ਮਾਣਨ ਵਾਲੀ ਪ੍ਰੀਤ ਡਿਡਬਲ ਦੇ ਨਾਲ-ਨਾਲ ਸ੍ਰੀ ਮੋਨਿਕਾ ਢੀਂਗਰਾ, ਸੰਦੀਪ ਧਾਲੀਵਾਲ, ਟੀ.ਐਸ. ਅਨੰਦ ਅਤੇ ਕਰਨ ਬਰਾੜ ਆਦਿ ਸਣੇ ਕਈ ਹੋਰ ਮਾਣਮੱਤੇ ਪੰਜਾਬੀ ਸ਼ਾਮਿਲ ਹਨ। ਚਲਦੇ-ਚਲਦੇ ਇਹ ਵੀ ਜਾਣ ਲਈਏ ਕਿ ਹਾਲੀਵੁੱਡ ਦੀਆਂ ਸੁਪਰਹਿਟ ਫ਼ਿਲਮਾਂ 'ਸੰਨਜ਼ ਆਫ਼ ਅਨਾਰਕੀ', 'ਵ੍ਹਈ ਵਰ ਸੋਲਜਰਜ਼' ਅਤੇ 'ਦਿ ਵਾਕਿੰਗ ਡੈੱਡ' ਦੇ ਮੁੱਖ ਅਦਾਕਾਰ ਸ੍ਰੀ ਰੇਆਨ ਹਰਸਟ, ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਸਿੰਘ ਸੱਜ ਗਏ ਸਨ ਤੇ ਉਨ੍ਹਾਂ ਨੂੰ 'ਗੋਬਿੰਦ ਸੇਵਾ ਸਿੰਘ' ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ ਸੀ।

# ਬੁਰਜ




## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



ਫ਼ਾਰਸੀ ਕੋਸ਼ਾਂ ਅਨੁਸਾਰ ਬੁਰਜ ਦਾ ਅਰਥ ਹੈ- ਗੁੰਬਦ, ਗੁਮਟੀ, ਕਿਲ੍ਹਾ, ਅਸਮਾਨ ਦਾ ਬਾਰਵਾਂ ਹਿੱਸਾ, ਬਾਰਾਂ ਬੁਰਜਾਂ ਵਿੱਚੋਂ ਕੋਈ ਇੱਕ ਬੁਰਜ, ਘੜੀ; ਬੁਰਜ-ਏ-ਔਲੀਆ=ਬਗਦਾਦ, ਜਿੱਥੇ ਕਈ ਮਹਾਨ ਪੁਰਸ਼ਾਂ ਦੇ ਮਕਬਰੇ ਹਨ; ਬੁਰਜ-ਏ-ਸੁਰੱਈਯਾ=ਇੱਕ ਬੁਰਜ ਦਾ ਨਾਂ, ਮਾਸ਼ੂਕ ਦਾ ਮੂੰਹ; ਬੁਰਜ-ਏ-ਜ਼ਹਰਮਾਰ=ਫਨੀਅਰ ਸੱਪ ਦਾ ਫਣ; ਬੁਰਜ-ਏ-ਤਰਬ=ਸੁਰਾਹੀ, ਪਿਆਲਾ; ਬੁਰਜ-ਏ-ਕਬੂਤਰ=ਕਬੂਤਰਾਂ ਲਈ ਬਣਾਏ ਡੱਬੇ ਅਥਵਾ ਖਾਨੇ; ਸ਼ਰਾਬ ਦਾ ਮਟਕਾ, ਕਬੂਤਰਖਾਨਾ; ਬੁਰਜ-ਏ-ਮਸੀਹ=ਚੌਥਾ ਅਸਮਾਨ; ਬੁਰਜ-ਖਲੀਫਾ= ਡੁਬਈ ਦੀ ਇੱਕ ਪ੍ਰਸਿੱਧ ਬਹੁਮੰਜ਼ਿਲਾ ਇਮਾਰਤ। ਇੱਕ ਲੋਕ ਗੀਤ ਵੀ ਪ੍ਰਸਿੱਧ ਹੈ- ਉੱਚਾ ਬੁਰਜ ਲਾਹੌਰ ਦਾ, ਵਿੱਚ ਦੀਵਾ ਬਲੇ। ਮਹਾਨ ਕੋਸ਼ ਅਨੁਸਾਰ- ਸੰਗਿ. ਰਾਸ਼ੀ ਚੱਕਰ, ਗੋਲ ਅਕਾਰ ਦਾ ਮੰਡਪ, ਚੁਕੋਣੀ, ਅੱਠ ਪਹਿਲੂ ਜਾਂ ਗੋਲ ਇਮਾਰਤ, ਜੋ ਉੱਚੇ ਤੇ ਕਿਲ੍ਹੇ ਦੀਆਂ ਕੂਣਾਂ 'ਤੇ ਹੋਵੇ। ਬੁਰਜ ਸਾਹਿਬ- ਫੱਤੇਨੰਗਲ (ਗੁਰਦਾਸਪੁਰ) ਦੇ ਕੋਲ ਗੁਰੂ ਅਰਜਨ ਦੇਵ ਜੀ ਦਾ ਪ੍ਰਸਿੱਧ ਗੁਰਦੁਆਰਾ; ਬੁਰਜ ਸੰਗੂ ਸਿੰਘ ਵਾਲਾ; ਬੁਰਜ ਬਾਬਾ ਆਲਾ ਸਿੰਘ, ਬੁਰਜ ਮਾਤਾ ਗੁਜਰੀ ਜੀ ਅਥਵਾ ਠੰਡਾ ਬੁਰਜ, ਬੁਰਜ ਮਾਨਾਵਾਲਾ, ਬੁਰਜ ਅਕਾਲੀ ਫੂਲਾ ਸਿੰਘ (ਅੰਮ੍ਰਿਤਸਰ) ਆਦਿ ਪ੍ਰਸਿੱਧ ਇਤਿਹਾਸਕ ਇਮਾਰਤਾਂ ਹਨ।

ਪੰਜਾਬੀ ਕੋਸ਼ਾਂ ਅਨੁਸਾਰ- ਬੁਰਜ (ਅਰਬੀ ਬੁਰਜ) ਮੁਨਾਰਾ, ਮੀਨਾਰ, ਗੁੰਬਦ, ਗੁੰਮਟੀ, ਗੁੰਬਦ ਦੀ ਸ਼ਕਲ ਦਾ ਮਕਾਨ, ਰਾਸ, ਰਾਸ਼ੀ, ਗ੍ਰਹਿ, ਨਛੱਤਰ, ਕਾਗਜ਼ ਦਾ ਫਲੂਸ ਜਿਸ ਵਿੱਚ ਅੱਗ ਦੀ ਲਾਟ ਬਾਲ ਕੇ ਹਵਾ ਵਿੱਚ ਉਡਾ ਦਿੱਤਾ ਜਾਂਦਾ ਹੈ। ਖੂਹ ਦੀ ਵੇਲਣ ਜਾਂ ਤੁਰ; ਇਸ ਨਾਲ ਕਈ ਮੁਹਾਵਰੇ ਵੀ ਜੁੜੇ ਹੋਏ ਹਨ; ਬੁਰਜ ਵਾਂਗ ਢਹਿਣਾ=ਧੜੰਮ ਕਰਕੇ ਡਿੱਗਣਾ, ਬੁਰਜੀ- ਛੋਟਾ ਬੁਰਜ, ਹੱਦਬੰਦੀ ਲਈ ਗੱਡਿਆ ਨਿਸ਼ਾਨ, ਪਾਣੀ ਦੇ ਵਹਿਣ ਨੂੰ ਨਾਪਣ ਲਈ ਪੁੱਲ ਤੋਂ ਹੇਠਾਂ ਸੁੱਟੀ ਜਾਂਦੀ ਨੋਕ; ਕੋਈ ਉੱਚੀ ਥਾਂ; ਬੁਰਜੀ-ਨੁਮਾ=ਬੁਰਜੀ ਦੀ ਸ਼ਕਲ ਵਾਲਾ; ਸੰਮਨ ਬੁਰਜ=ਲਾਹੌਰ ਦੇ ਕਿਲ੍ਹੇ ਦਾ ਪ੍ਰਸਿੱਧ ਬੁਰਜ ਆਦਿ। ਪਹਾੜ ਹਮੇਸ਼ਾ ਹੀ ਮਨੁੱਖ ਦੇ ਓਟ ਆਸਰੇ ਰਹੇ ਹਨ, ਸੰਸਕ੍ਰਿਤ ਦੀ /ਕੁਟ੍/ ਧਾਤੂ ਦਾ ਇੱਕ ਅਰਥ ਪਹਾੜ ਹੈ, ਇਸ ਤੋਂ ਹੀ ਕੋਟ ਅਥਵਾ ਕਿਲ੍ਹਾ ਸ਼ਬਦ ਬਣਿਆ ਹੈ। ਪਹਾੜਾਂ ਦੀ ਉਚਾਈ 'ਤੇ ਬਸੇਰਾ ਮਨੁੱਖਾਂ ਨੂੰ ਦੁਸ਼ਮਣਾਂ ਤੋਂ ਬਚਾਉਂਦਾ ਸੀ, ਕਿਉਂਕਿ ਪਹਾੜੀ ਰਸਤੇ ਬੜੇ ਦੁਰਗਮ ਹੁੰਦੇ ਹਨ। ਦੁਰਗਮ ਅਥਵਾ ਜਿੱਥੇ ਜਾਣਾ ਮੁਸ਼ਕਿਲ ਜਾਂ ਬਿਖੜਾ ਹੋਵੇ। ਇਸੇ ਲਈ ਪਹਾੜ ਦਾ ਇੱਕ ਨਾਂ ਦੁਰਗ ਵੀ ਹੈ, ਜੋ ਬਾਅਦ ਵਿੱਚ ਪਹਾੜੀ ਕਿਲ੍ਹੇ ਲਈ ਵਰਤਿਆ ਗਿਆ। ਪਹਾੜ 'ਤੇ ਵਸਣ ਕਰਕੇ ਹੀ ਇੱਕ ਦੇਵੀ ਦਾ ਨਾਂ ਦੁਰਗਾ ਹੈ, ਜਿਸਨੂੰ ਕਈ ਪਹਾੜਾਂਵਾਲੀ ਮਾਤਾ ਵੀ ਕਹਿੰਦੇ ਹਨ। ਭਾਵ ਇਹੀ ਹੈ ਕਿ ਸੁਰੱਖਿਅਤ ਤੇ ਉਚਾਈ ਉਤੇ ਆਸਰਾ ਮਨੁੱਖ ਲਈ ਹਮੇਸ਼ਾ ਮਹੱਤਵਪੂਰਨ ਰਿਹਾ ਹੈ। ਇਸੇ ਲਈ ਮੁਢਲਾ ਮਨੁੱਖ ਉਚਾਈਆਂ 'ਤੇ ਰਹਿ ਕੇ ਖ਼ੁਸ਼ ਸੀ। ਬਾਅਦ ਵਿੱਚ ਉਹਨੇ ਪਹਾੜੀ ਕਿਲ੍ਹੇ ਬਣਾਏ।

ਇਸੇ ਕੜੀ ਵਿੱਚ ਅਰਬੀ-ਫ਼ਾਰਸੀ ਦਾ ਬੁਰਜ ਸ਼ਬਦ ਆਉਂਦਾ ਹੈ, ਜੋ ਮੂਲ ਰੂਪ ਵਿੱਚ ਇੰਡੋ-ਇਰਾਨੀ ਦਾ ਹੈ। ਕਈ ਭਰੋਪੀ ਪਰਿਵਾਰ ਦੀਆਂ ਭਾਸ਼ਾਵਾਂ ਵਿੱਚ ਇਸ ਸ਼ਬਦ ਦਾ ਵਿਸਥਾਰ ਮਿਲਦਾ ਹੈ। ਪ੍ਰਚਲਤ ਅਰਥਾਂ ਵਿੱਚ ਇਹ ਮੀਨਾਰ, ਟਾਵਰ ਜਾਂ ਗੁੰਬਦ ਲਈ ਵਰਤਿਆ ਜਾਂਦਾ ਹੈ। ਬੁਰਜ ਦੀ ਸਕੀਰੀ ਸੰਸਕ੍ਰਿਤ ਧਾਤੂ /ਬਰਿਹ/ ਜਾਂ /ਬਾਰਹ/= /ਬਰਿਹ, ਬਅਰਹ/ ਨਾਲ ਹੈ, ਜਿਸ ਵਿੱਚ ਉਚਾਈ, ਵਿਸਥਾਰ, ਖੁਰਚਨਾ, ਵੱਡਾ ਕਰਨ ਦੇ ਅਰਥ ਹਨ। ਵੇਦਿਕ ਵਿੱਚ ਇਹਦਾ ਇੱਕ ਰੂਪ 'Virh' ਵੀ ਹੈ। ਬ੍ਰਹਿਸਪਤੀ ਸ਼ਬਦ ਇਸੇ ਮੂਲ ਦਾ ਹੈ, ਜਿਸ ਵਿੱਚ ਗੁਰੂਤਾ ਅਤੇ ਵਿਸ਼ਾਲਤਾ- ਦੋਵੇਂ ਹਨ। ਇਸੇ ਕ੍ਰਮ ਵਿੱਚ ਆਉਂਦੀ ਹੈ ਪ੍ਰਾਚੀਨ ਭਰੋਪੀ ਧਾਤੂ 'bhergh' ਜਿਸਦਾ ਅਰਥ ਹੈ, ਕਿਲ੍ਹਾ ਜਾਂ ਉਚਾਈ 'ਤੇ ਬਣਿਆ ਆਸਰਾ। ਵੇਦਿਕ ਵਿੱਚ ਇਸੇ ਅਰਥਾਂ ਵਿੱਚ 'ਬਰਹਯਤਿ' ਸ਼ਬਦ ਮਿਲਦਾ ਹੈ, ਜਿਸ ਵਿੱਚ ਵਿਸਥਾਰ, ਵਿਸ਼ਾਲ, ਉਚਾਈ, ਬਾਰਿਸ਼ ਵਰਗੇ ਭਾਵ ਹਨ।

ਮੋਨੀਅਰ ਵਿਲੀਅਮ ਮੋਨੀਅਰ ਦੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਵਿੱਚ 'ਬਰਹਣ' ਅਤੇ 'ਬਰਹਿਸਥ' ਵਰਗੇ ਸ਼ਬਦ ਹਨ, ਜਿਨ੍ਹਾਂ ਵਿੱਚ ਉਚਾਈ, ਬੁਲੰਦੀ, ਪਹਾੜ ਵਰਗੇ ਭਾਵ ਹਨ। ਅਵੇਸਤਾ (ਪੁਰਾਤਨ ਫ਼ਾਰਸੀ) ਵਿੱਚ ਇਹਦਾ ਇੱਕ ਰੂਪ- 'ਬਰਜੰਤ' ਹੈ, ਜੋ ਫ਼ਾਰਸੀ ਵਿੱਚ ਬੁਰਜ ਹੋ ਗਿਆ। ਤੁਰਕੀ ਵਿੱਚ 'ਬਰਹ' (barh) ਦਾ ਰੂਪ ਬਦਲ ਕੇ ਬੋਰਾ (bora) ਹੋ ਗਿਆ। ਅਫਗਾਨਿਸਤਾਨ ਵਿੱਚ ਇੱਕ ਪ੍ਰਸਿੱਧ ਪਹਾੜੀ ਇਲਾਕਾ ਹੈ, ਜਿਸਦਾ ਨਾਂ ਤੋਰਾ ਬੋਰਾ ਹੈ। ਮੰਗੋਲੀ, ਕਜ਼ਾਖ ਤੇ ਤੁਰਕੀ ਭਾਸ਼ਾਵਾਂ ਵਿੱਚ ਬੋਰਾ ਦਾ ਅਰਥ ਹੈ- ਬਾਰਿਸ਼, ਭਾਰੀ ਮੀਂਹ, ਬਰਫਬਾਰੀ। ਮੂਲ ਰੂਪ ਵਿੱਚ ਭਾਵ ਉਚਾਈ ਦਾ ਹੈ। ਬਾਰਸ਼ ਵੀ ਧਰਤੀ 'ਤੇ ਬੁਰਜਨੁਮਾ ਰੂਪ ਵਿੱਚ ਡਿੱਗਦੀ ਹੈ। ਮੀਂਹ ਅਕਾਸ਼ ਤੋਂ ਵਰ੍ਹਦਾ ਹੈ, ਬਰਫ਼ ਪਹਾੜਾਂ 'ਤੇ ਡਿਗਦੀ ਹੈ, ਪਹਾੜ ਹਮੇਸ਼ਾ ਉਚੇ ਹੁੰਦੇ ਹਨ। ਭਾਵ ਬਰਹ ਵਿੱਚ ਉਚਾਈ ਦਾ ਭਾਵ ਬੁਰਜ ਜਾਂ ਮੀਨਾਰ ਲਈ ਸਥਿਰ ਹੋ ਗਿਆ। ਬਾਅਦ ਵਿੱਚ ਬੁਰਜ ਨਗਰ, ਕਿਲਿਆਂ, ਬਸਤੀਆਂ ਦੇ ਅਰਥਾਂ ਵਿੱਚ ਪ੍ਰਚਲਤ ਹੋ ਗਿਆ।

ਆਰਮੀਨੀਆਈ ਭਾਸ਼ਾ ਵਿੱਚ ਇਹ 'burgn' ਹੈ। ਇਹਦਾ ਇੱਕ ਰੂਪ ਬੁਰਗਾਨਾ ਵੀ ਮਿਲਦਾ ਹੈ, ਜਿਸਦਾ ਅਰਥ ਹੈ- ਪਹਾੜੀ ਕਿਲ੍ਹਾ। ਬਾਬਰ ਦੇ ਜਨਮ ਸਥਾਨ ਫਰਗਾਨਾ ਵਿੱਚ ਵੀ ਇਹੀ ਭਰਗ, ਬੁਰਜ ਜਾਂ ਬਰਗ ਦਾ ਭਾਵ ਹੈ। ਇਹ ਭਰੋਪੀ 'bhergh' ਤੋਂ ਹੀ ਉਤਪੰਨ ਹੋਇਆ ਹੈ। ਅੰਗਰੇਜ਼ੀ ਦੇ Fort ਸ਼ਬਦ ਜਿਸਦਾ ਅਰਥ ਕਿਲ੍ਹਾ, ਕੋਟ ਜਾਂ ਦੁਰਗ ਹੈ। ਫੋਰਟ ਦੀ ਵਿਓਤਪਤੀ ਲੈਟਿਨ ਦੇ ਫੋਰਟਿਸ ਤੋਂ ਹੋਈ ਹੈ। ਇਨ੍ਹਾਂ ਸਾਰੇ ਸ਼ਬਦਾਂ ਵਿੱਚ /ਪ/ ਵਰਗ ਦੀਆਂ ਧੁਨੀਆ ਦਾ ਵਟਾਂਦਰਾ ਹੋਇਆ ਹੈ। ਉੱਤਰੀ ਇਰਾਨ ਦੇ ਇੱਕ ਪਹਾੜ ਦਾ ਨਾਂ ਐਲਬੁਰਜ ਹੈ, ਜੋ ਸਾਢੇ ਪੰਜ ਹਜ਼ਾਰ ਮੀਟਰ ਉੱਚਾ ਹੈ। ਇਸ ਵਿੱਚ ਬੁਰਜ ਦੇ ਅਰਥ ਸਪਸ਼ਟ ਹਨ। ਨੱਕ ਲਈ ਵੀ ਏਸੇ ਮੂਲ ਤੋਂ ਉਪਜਿਆ ਸ਼ਬਦ ਹੈ। ਜਿਵੇਂ ਰੂਸੀ ਵਿੱਚ ਬੁਰੂਨ (burun) ਅਤੇ ਪਰਸ਼ੀਅਨ ਵਿੱਚ ਬੁਰਜ (burz) ਨੱਕ ਦੀ ਉਚਾਈ ਦਾ ਭਾਵ ਦਿੰਦਾ ਹੈ। ਇਸ ਲਈ ਮੁਹਾਵਰਾ ਕਿ ਉਹਦਾ ਨੱਕ ਬੜਾ ਉਚਾ ਹੈ, ਵਿੱਚ ਇਹ ਭਾਵ ਸਪਸ਼ਟ ਹੈ। ਯੂਰਪ ਵਿੱਚ ਬਰਗ ਉਪਨਾਮ ਵਜੋਂ ਵੀ ਮਿਲਦਾ ਹੈ। ਇਹ ਪਦਵੀ ਵਾਂਗ ਧਾਰਨ ਕੀਤਾ ਜਾਂਦਾ ਹੈ। ਜਰਮਨੀ ਵਿੱਚ ਇਹਦਾ ਉਚਾਰਨ 'ਬੋਰਗ' ਹੈ। ਯੂਰਪੀ ਭਾਸ਼ਾਵਾਂ ਵਿੱਚ ਬੁਰਜ ਦਾ ਕਾਫੀ ਵਿਸਥਾਰ ਮਿਲਦਾ ਹੈ।

ਜਰਮਨ ਵਿੱਚ ਇਹਦਾ ਇੱਕ ਰੂਪ ਬੁਰਗ (burg) ਤੇ ਅੰਗਰੇਜ਼ੀ ਵਿੱਚ ਬਰਗ (berg) ਦਾ ਅਰਥ ਜਾਂ ਭਾਵ ਉਹੀ ਹੈ- ਘਿਰਿਆ ਹੋਇਆ ਸਥਾਨ, ਮਹੱਲ ਜਾਂ ਕਿਲ੍ਹੇਨੁਮਾ ਬਿਲਡਿੰਗ। ਬਰਗ ਨਾਂ ਵਾਲੇ ਕਈ ਕਿਲ੍ਹੇ, ਕਸਬੇ ਤੇ ਸ਼ਹਿਰ ਮਿਲਦੇ ਹਨ, ਜਿਵੇਂ ਸਟ੍ਰਾਸਬਰਗ, ਪੀਟਰਸਬਰਗ, ਓਲਡੇਨਬਰਗ। ਅੰਗਰੇਜ਼ੀ ਵਿੱਚ ਇਹਦਾ ਇੱਕ ਰੂਪ 'borough' ਬਰੋ ਜਾਂ ਬਰਾ ਵੀ ਹੈ, ਜਿਵੇਂ ਐਡਿਨਬਰਾ। ਔਰਤਾਂ ਦੇ ਅੰਗ ਵਸਤਰ ਬਰਾ ਨੂੰ ਵੀ ਇਸ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ, ਜਿਸਦੀ ਬਣਤਰ ਬੁਰਜ ਵਰਗੀ ਹੁੰਦੀ ਹੈ। ਸਕਾਟਿਸ਼ ਵਿੱਚ ਇਹ ਬਰਘ ਹੈ। ਬਾਅਦ ਵਿੱਚ ਬਰਗ, ਬਰੋ ਤੇ ਬਰਘ ਮਨੁੱਖੀ ਵਸੇਬਿਆਂ ਦੇ ਰੂਪ ਵਿੱਚ ਪ੍ਰਚਲਤ ਹੋਏ। ਇਸੇ ਲੜੀ ਵਿੱਚ ਆਉਂਦਾ ਹੈ- ਪੁਰਗ ਜਾਂ ਪਰਗ (purg), ਜੋ ਜਰਮਨ ਅਤੇ ਗਰੀਕ ਵਿੱਚ ਘੱਟ ਪ੍ਰਚਲਤ ਸ਼ਬਦ ਹੈ, ਪਰ ਇਸਦਾ ਭਾਵ ਵੀ ਉਹੀ ਹੈ, ਤੁਰਕੀ ਵਿੱਚ ਅੰਨਾ-ਤੋਲਿਆ ਪ੍ਰਦੇਸ਼ ਦੀ ਭਾਸ਼ਾ ਹੈ- ਲੀਸੀਅਨ, ਜਿਸ ਵਿੱਚ ਇਹਦੇ pirje-ਪ੍ਰਿਜ ਜਾਂ ਪਰੂਵਾ (pruwa) ਵਰਗੇ ਰੂਪ ਮਿਲਦੇ ਹਨ। ਇਹ ਸੰਸਕ੍ਰਿਤ ਵਿੱਚ ਨਗਰ, ਬਸਤੀ ਦੇ ਅਰਥ ਦਿੰਦੇ ਹਨ।

ਵੇਦਾਂ ਵਿੱਚ ਇੰਦਰ ਨੂੰ ਪੁਰੰਦਰ ਕਿਹਾ ਗਿਆ ਹੈ, ਜਿਸਦਾ ਅਰਥ ਕਿਲ੍ਹਿਆਂ ਨੂੰ ਨਸ਼ਟ ਕਰਨ ਵਾਲਾ। ਵੇਦਿਕ ਸਾਹਿਤ ਵਿੱਚ ਇੰਦਰ ਦੁਆਰਾ ਅਸੁਰਾਂ ਦੇ ਸ਼ਾਨਦਾਰ ਦੁਰਗਾਂ ਨੂੰ ਨਸ਼ਟ ਕਰਨ ਦਾ ਜ਼ਿਕਰ ਮਿਲਦਾ ਹੈ। ਮੋਨੀਅਰ ਵਿਲੀਅਮ ਮੋਨੀਅਰ ਦੀ ਇੰਗਲਿਸ਼-ਸੰਸਕ੍ਰਿਤ ਡਿਕਸ਼ਨਰੀ ਵਿੱਚ /ਪੁਰੂ/ ਧਾਤੂ ਦਾ ਅਰਥ ਵਿਸ਼ਾਲ ਦੁਰਗ ਕੀਤਾ ਗਿਆ ਹੈ। ਇਸ ਵਿੱਚ ਪੁਰ ਜਾਂ ਪੁਰੀ ਦਾ ਨਗਰ, ਬਸਤੀ, ਦੁਰਗ, ਕਿਲ੍ਹਾ, ਚਾਰ-ਦੀਵਾਰੀ ਨਾਲ ਘਿਰੀ ਥਾਂ, ਵਸੇਬਾ, ਕੋਠੀ ਆਦਿ ਕੀਤਾ ਗਿਆ ਹੈ। ਪੁਰ ਤੋਂ ਕਈ ਸ਼ਬਦ ਬਣੇ- ਪੁਰਜਨ, ਪੁਰਵਾਸੀ। ਪ੍ਰਾਚੀਨ, ਕਲਿੰਗਾ ਰਾਜ ਦੀ ਰਾਜਧਾਨੀ ਦਾ ਨਾਂ ਹੀ ਪੁਰੀ ਸੀ, ਜੋ ਬਾਅਦ ਵਿੱਚ ਜਗਨਨਾਥ ਪੁਰੀ ਦੇ ਰੂਪ ਵਿੱਚ ਪ੍ਰਸਿੱਧ ਹੋਈ। ਸ਼ਹਿਰਾਂ ਵਿੱਚ ਅਨੰਦਪੁਰ, ਕਰਨਪੁਰ, ਰਸੂਲਪੁਰ, ਮੁਰਦਾਪੁਰਾ, ਈਸਾਪੁਰ, ਚੇਤਨਪੁਰਾ, ਧਿਆਨਪੁਰ, ਖਵਾਸਪੁਰ, ਤਾਲਬਪੁਰ, ਬਹਿਰਾਮਪੁਰ, ਮਾਧੋਪੁਰ, ਗੋਪਾਲਪੁਰ, ਮੂਸਾਪੁਰ, ਮਹਿਤਪੁਰ, ਹੁਸੈਨਪੁਰ, ਭੋਗਪੁਰ, ਭੋਡੀਪੁਰ, ਪਰਤਾਬਪੁਰਾ, ਦਿਆਲਪੁਰ, ਦੁਪਾਲਪੁਰ, ਰਾਏਪੁਰ ਛੱਬਾ, ਮੁਕੰਦਪੁਰ, ਜਗਤਪੁਰਾ, ਦੌਲਤਪੁਰ, ਕਿਸ਼ਨਪੁਰਾ, ਹਕੀਮਪੁਰ, ਮੀਰਪੁਰ ਲੱਖਾ, ਮਹਿੰਦੀਪੁਰ, ਸ਼ੇਖਪੁਰ, ਸ਼ੇਖੂਪੁਰਾ, ਪਰਾਗਪੁਰ, ਕਰੀਮਪੁਰ, ਗੁਲਪੁਰ, ਭਾਗਪੁਰ, ਖਾਨਪੁਰ, ਗੁਜਰਪੁਰ, ਬਹਿਬਲਪੁਰ, ਬੀਰਮਪੁਰ, ਬੇਗਮਪੁਰਾ, ਸਾਹ-ਦੂਲਾਪੁਰ, ਹਿੰਮਤਪੁਰਾ, ਕਿਲ੍ਹਾ ਰਾਏਪੁਰ, ਸ਼ਾਹਬਾਜ਼ਪੁਰਾ, ਰਾਮਪੁਰ, ਹੁਸ਼ਿਆਰਪੁਰ, ਫਿਰੋਜ਼ਪੁਰ, ਗੁਰਦਾਸਪੁਰ, ਕਰਤਾਰਪੁਰ, ਕਲਿਆਣਪੁਰ, ਗੱਜਪੁਰ, ਲੋਦੀਪੁਰ, ਅਗੰਮਪੁਰ, ਆਜ਼ਮਪੁਰ, ਆਸਪੁਰ, ਮੀਆਂਪੁਰ, ਸਿੰਘਪੁਰ, ਬ੍ਰਹਮਪੁਰਾ, ਲਾਲਪੁਰਾ, ਮਾਨਪੁਰ, ਸ਼ਮਸਪੁਰ, ਹਰਪਾਲਪੁਰ, ਰਜਿੰਦਰਾ ਪੁਰੀ, ਬਹਾਦਰਪੁਰ, ਗੋਬਿੰਦਪੁਰਾ, ਨਾਨਕਪੁਰਾ, ਭਗਵਾਨਪੁਰਾ ਆਦਿ ਵਿਚਲਾ ਪੁਰ, ਪੁਰਾ, ਪੁਰੀ ਨਾਲ ਜੁੜੇ ਪੰਜਾਬ ਦੇ ਏਨੇ ਸ਼ਹਿਰ ਪਿੰਡ ਦੇਖ ਕੇ ਲਗਦਾ ਹੈ ਕਿ ਇਨ੍ਹਾਂ ਦੇ ਨਾਮਕਰਨ ਪਿੱਛੇ ਵਸੇਬੇ ਦੀ ਸੋਚ ਪਈ ਹੋਈ ਹੈ।

ਲੀਸੀਅਨ ਭਾਸ਼ਾ ਦੇ ਸ਼ਬਦ ਪਰੂਵਾ (pruwa) ਦੀ ਤੁਲਨਾ ਪੁਰਵਾ ਨਾਲ ਕੀਤੀ ਜਾਂਦੀ ਹੈ। ਪੁਰਵਾ ਦਾ ਅਰਥ ਮੁਹੱਲਾ ਜਾਂ ਟੋਲਾ ਕੀਤਾ ਜਾਂਦਾ ਹੈ। ਪੁਰ ਦੀ ਸਕੀਰੀ ਕਿਸੇ ਨਾ ਕਿਸੇ ਰੂਪ ਵਿੱਚ ਭਰਗ, ਬਰਗ, ਬੁਰਜ ਜਾਂ ਪੁਰਗ ਨਾਲ ਜਾ ਜੁੜਦੀ ਹੈ, ਸੰਸਕ੍ਰਿਤ ਦੇ ਪ-ਵਰਗ ਵਿਚਲੀਆਂ ਸਾਰੀਆਂ ਧੁਨੀਆਂ ਸੁਰੱਖਿਆ, ਘੇਰੇ, ਚੌਕਸੀ ਦੇ ਭਾਵਾਂ ਨਾਲ ਜੁੜੀਆਂ ਹੋਈਆਂ ਹਨ। ਜੇ ਗਰੀਕ ਵਿੱਚ ਪਾਲਿਸ ਨੂੰ ਦੇਖੀਏ ਜਿਸ ਵਿੱਚ ਨਗਰ ਦੇ ਭਾਵ ਹਨ ਤੇ ਬਰਗ ਵਿੱਚ ਵੀ ਅਜਿਹੇ ਹੀ ਭਾਵ ਪਏ ਹਨ। ਇਸ ਤਰ੍ਹਾਂ ਬੁਰਜ ਸ਼ਬਦ ਸਿਰਫ਼ ਟਾਵਰ ਜਾਂ ਮੀਨਾਰ ਦੇ ਅਰਥਾਂ ਵਿੱਚ ਹੀ ਸਥਿਰ ਨਹੀਂ ਹੁੰਦਾ, ਸਗੋਂ ਇਹਦੀ ਲੰਮੀ-ਚੌੜੀ ਸਕੀਰੀ ਤੇ ਵੱਡਾ ਪਰਿਵਾਰ ਹੈ, ਜੋ ਵਸੇਬਿਆਂ ਦੀ ਵਿਭਿੰਨਤਾ ਨਾਲ ਜੁੜਿਆ ਹੋਇਆ ਹੈ।

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ | -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ | -Viewing Room Available
-ਵੱਡਾ ਤੇ ਸੁੰਦਰ ਚੈਪਲ | -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ | -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

**ਜੁਗ ਜੁਗ ਜੀਓ... (2)**

# ਗੱਲਾਂ ਗੱਲਾਂ ਵਿੱਚ ਸਿਹਤ ਨੁਸਖਿਆਂ ਦੀ ਇਬਾਰਤ

## ਸਿਹਤ ਲਈ ਜਾਣਕਾਰੀ

**ਡਾ. ਹਰਬੰਸ ਕੌਰ ਦਿਓਲ**



"ਪ੍ਰੀਤ, ਕਿਉਂ ਬਈ ਕੀ ਹਾਲ ਹੈ ਤੇਰਾ?" ਚੰਨੀ ਨੇ ਅੰਦਰ ਵੜਦਿਆਂ ਕਿਹਾ।

"ਦੀਦੀ, ਮੈਂ ਤਾਂ ਸਵੇਰ ਤੋਂ ਤੁਹਾਡੀ ਉਡੀਕ ਕਰਦੀ ਆਂ ਤੁਹਾਨੂੰ ਦੱਸਣ ਲਈ, ਮੈਂ ਤਾਂ ਅੱਠ ਪੌਂਡ ਵਜ਼ਨ ਘਟਾ ਲਿਆ ਆਪਣਾ ਪਿਛਲੇ ਦੋ ਹਫਤਿਆਂ ਦੇ ਵਿੱਚ। ਥਕਾਵਟ ਵੀ ਘੱਟ ਮਹਿਸੂਸ ਹੁੰਦੀ ਏ। ਮੈਂ ਤਾਂ ਬਹੁਤ ਖੁਸ਼ ਹਾਂ, ਤੁਹਾਡਾ ਨੁਸਖਾ ਕੰਮ ਕਰ ਰਿਹੈ। ਮੇਰੇ ਕਈ ਸਵਾਲ ਨੇ।"

"ਪ੍ਰੀਤ, ਪਹਿਲਾਂ ਇਹ ਦੱਸ ਤੈਨੂੰ ਕਿੰਨਾ ਕੁ ਯਾਦ ਹੈ ਆਪਣੀ ਪਿਛਲੀ ਡਿਸਕਸ਼ਨ ਤੋਂ?"

"ਅੱਛਾ ਜੀ, ਤਾਂ ਤੁਸੀਂ ਮੇਰਾ ਇਮਤਿਹਾਨ ਲੈਣ ਲੱਗੇ ਓਂ!"

"ਕਿਉਂ ਨਹੀਂ, ਤੇਰੀ ਗੱਡੀ ਨੂੰ ਪਟੜੀ ਉੱਤੇ ਲਿਆਉਣ ਦੀ ਜ਼ਿੰਮੇਵਾਰੀ ਜੋ ਹੈ। ਤੈਨੂੰ ਯਾਦ ਹੈ ਨਾ ਚਾਚੀ ਦਾ ਡੰਡਾ!"

"ਦੀਦੀ, ਮੈਨੂੰ ਸੱਚੀਂ ਚਾਚੀ ਤੋਂ ਬਹੁਤ ਡਰ ਲੱਗਦਾ। ਅਜੇ ਵੀ ਮੈਨੂੰ ਪ੍ਰੀਤ ਦੀ ਥਾਂ 'ਭੜੋਲੀ' ਕਹਿ ਕੇ ਬੁਲਾਉਂਦੇ ਨੇ।"

"ਪ੍ਰੀਤ, ਤੇਰਾ ਉਨ੍ਹਾਂ ਨੂੰ ਬਹੁਤ ਫਿਕਰ ਹੈ ਅਤੇ ਤੈਨੂੰ ਪਿਆਰ ਵੀ ਹੱਦ ਤੋਂ ਵੱਧ ਕਰਦੇ ਨੇ, ਉਹ ਤਾਂ ਤੇਰਾ ਭਲਾ ਹੀ ਚਾਹੁੰਦੇ ਨੇ। ਚੱਲ ਫਿਰ ਹੋ ਜਾ ਤਿਆਰ, ਇਮਤਿਹਾਨ ਮੈਂ ਦਿੰਨੀਂ ਆਂ, ਗਰੇਡਿੰਗ ਚਾਚੀ ਤੋਂ ਕਰਵਾਉਂਦੇ ਆਂ।"

"ਫਿਰ ਨਾ ਪਾਸ ਹੋਈ ਮੈਂ!"

"ਦੱਸ! ਚਾਚੀ ਹੋਰੀਂ ਨਜ਼ਰ ਨਹੀਂ ਆਉਂਦੇ, ਕਿੱਥੇ ਨੇ?"

"ਉਹ ਤਾਂ ਗੁਆਂਢੀਆਂ ਦੇ ਗਏ ਨੇ, ਘੰਟੇ ਕੁ ਲਈ।"

"ਚਲ ਦੱਸ, ਕੀ ਪੱਲੇ ਪਿਆ ਤੇਰੇ ਪਿਛਲੀ ਵਾਰੀ ਤੋਂ?" ਚੰਨੀ ਨੇ ਪੁੱਛਿਆ।

"ਲੈ ਸੁਣੋ ਫੇਰ।" ਪ੍ਰੀਤ ਨੇ ਚੈਲੰਜ ਅਸੈਪਟ ਕਰਦਿਆਂ ਕਿਹਾ,

1. ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ, ਆਪਣੀ ਅਤੇ ਆਪਣੇ ਕੀਟਾਣੂਆਂ ਦੀ ਸਿਹਤ ਲਈ!

2. ਦੂਸਰਾ, ਖਾਣਾ ਕਿਵੇਂ ਪਕਾਉਣਾ ਚਾਹੀਦੈ- ਪਕਾਓ ਘੱਟ ਵਕਤ ਲਈ ਅਤੇ ਘੱਟ ਤਾਪਮਾਨ 'ਤੇ; ਸਟੀਮ ਕਰਕੇ, ਉਬਾਲ ਕੇ, ਓਵਨ ਵਿੱਚ ਜਾਂ ਬਲੈਂਚ (blanch) ਕਰਕੇ ਬਣਾਉਣਾ ਸਿਹਤ ਲਈ ਫਾਇਦੇਮੰਦ ਹੈ। ਫਰਾਈ ਅਤੇ ਗਰਿੱਲ ਕਰਨ ਨਾਲ ਹਾਨੀਕਾਰਕ ਟੌਕਸਿਨਜ਼ (toxins) ਬਣਦੇ ਹਨ। ਜਿੰਨਾ ਹੋ ਸਕੇ, ਇਹ ਦੋ ਤਰੀਕੇ ਨਾ ਵਰਤੋ। ਮਾਈਕਰੋਵੇਵ ਦਾ ਇਸਤੇਮਾਲ ਵੀ ਘੱਟ ਹੀ ਕਰੋ।

ਵੈਜੀਟੇਬਲ ਤੇਲ, ਜਿਸ ਤਰ੍ਹਾਂ ਕਨੋਲਾ, ਪੀਨਟ, ਕੌਰਨ, ਸਨਫਲਾਵਰ ਅਤੇ ਕੌਰਨਸੀਡ ਤੇਲ ਦਾ ਇਸਤੇਮਾਲ ਬਿਲਕੁਲ ਨਾ ਕਰੋ।

3. ਤੀਜਾ, ਕਿਵੇਂ ਖਾਣਾ ਚਾਹੀਦਾ ਏ? ਖਾਣਾ ਘਰ ਬਣਾ ਕੇ, ਰੈਸਟੋਰੈਂਟ ਤੋਂ ਨਾ ਖਾਓ।

ਇੱਕ ਗਲਾਸ ਪਾਣੀ, ਖਾਣ ਤੋਂ 30 ਮਿੰਟ ਪਹਿਲਾਂ ਪੀ ਲਵੋ।

ਐਪਲ ਸਾਈਡਰ ਵਿਨੇਗਰ ਅਤੇ ਉਸ ਨਾਲ ਅੱਧੀ ਪਲੇਟ ਸੈਲਡ, ਚੌਥਾ ਹਿੱਸਾ ਪ੍ਰੋਟੀਨ ਅਤੇ ਫੈਟ ਵਾਲਾ ਤਕਰੀਬਨ 3 ਔਂਸ ਮੀਲ ਅਤੇ ਚੌਥਾ ਹਿੱਸਾ ਕੌਮਪਲੈਕਸ ਕਾਰਬਜ਼ ਖਾਓ।

ਦੀਦੀ, ਤੁਸੀਂ ਦੁਬਾਰਾ ਦੱਸ ਦਓ ਇਹ ਪ੍ਰੋਟੀਨ ਅਤੇ ਫੈਟੀ ਖੁਰਾਕ ਬਾਰੇ।"

"ਪ੍ਰੀਤ, ਪ੍ਰੋਟੀਨ ਵਾਲੀ ਖੁਰਾਕ 'ਚ ਆ ਜਾਂਦੈ: ਚਿਕਨ, ਫਿਸ਼, ਟਰਕੀ, ਚੀਜ਼ (cheese), ਕੌਟੇਜ ਚੀਜ਼, ਟੋਫੂ, ਹੰਮਸ ਅਤੇ ਅੰਡੇ। ਹੈਲਦੀ ਫੈਟਜ਼ ਹਨ: ਔਲਿਵ ਆਇਲ, ਫਿਸ਼, ਐਵਾਕਾਡੋ, ਨਟਸ, ਸੀਡਜ਼ ਅਤੇ ਨੱਟ ਬਟਰਜ਼।"

"ਕਿਹੜੇ ਕਾਰਬਜ਼ ਅੱਛੇ ਨੇ?"

"ਹੋਲ ਬੀਨਜ਼, ਵਾਇਲਡ ਜਾਂ ਬਰਾਊਨ ਰਾਈਸ, ਕੀਨਵਾ ਅਤੇ ਸ਼ਕਰਕੰਦੀ, ਖਾਸ ਕਰਕੇ ਪਰਪਲ, ਪਰ ਥੋੜ੍ਹੀ ਮਿਕਦਾਰ ਵਿੱਚ ਖਾਓ।"

"ਪ੍ਰੀਤ, ਤੈਨੂੰ ਕਈ ਗੱਲਾਂ ਭੁੱਲ ਗਈਆਂ, ਖਾਣ ਬਾਰੇ।"

"ਓਹ ਹਾਂ! ਖਾਣ ਤੋਂ ਬਾਅਦ 15-20 ਮਿੰਟ ਲਈ ਸੈਰ ਕਰਨੀ ਚਾਹੀਦੀ ਏ। ਖਾਣਾ ਸਿਰਫ 8-9 ਘੰਟੇ ਦੇ ਵਿੱਚ ਵਿੱਚ ਹੀ ਦੋ ਜਾਂ ਤਿੰਨ ਮੀਲ ਵਿੱਚ ਵੰਡ ਕੇ ਖਾਣਾ ਚਾਹੀਦੈ; ਕੋਈ ਸਨੈਕ ਨਹੀਂ ਖਾਣਾ ਵਿਚਾਲੇ ਵਾਲੇ ਸਮੇਂ ਵਿੱਚ। ਹਫਤੇ ਵਿੱਚ ਇੱਕ ਵਾਰੀ 24 ਘੰਟੇ ਦਾ ਵਰਤ ਰੱਖਣਾ ਚਾਹੀਦਾ ਏ। ਵਰਤ ਵੇਲੇ ਪਾਣੀ ਜਾਂ ਚਾਹ ਜਾਂ ਕੌਫੀ ਬਿਨਾ ਸ਼ੂਗਰ ਦੇ ਪੀ ਸਕਦੇ ਹੋ।"

"ਵਾਹ ਬਈ ਵਾਹ! ਤੈਨੂੰ ਤਾਂ ਤੋਤੇ ਵਾਂਗ ਰਟਿਆ ਪਿਆ ਸਭ ਕੁਝ। ਦੱਸ ਕੀ ਸਵਾਲ ਨੇ?"

"ਦੀਦੀ, ਪਹਿਲਾਂ ਇਹ ਦੱਸੋ ਜਦੋਂ ਮੀਲਸ ਦੇ ਵਿਚਾਲੇ ਭੁੱਖ ਲੱਗਦੀ ਏ, ਕੀ ਕਰੀਏ? ਸਨੈਕ ਤਾਂ ਲੈ ਨਹੀਂ ਸਕਦੇ!"

"ਭੁੱਖ ਤਾਂ ਤਕਰੀਬਨ 20 ਕੁ ਮਿੰਟ ਲਈ ਰਹਿੰਦੀ ਏ। ਗਰਮ ਪਾਣੀ ਹੌਲੀ ਹੌਲੀ ਘੁੱਟ-ਘੁੱਟ ਕਰਕੇ ਪੀਓ, ਜੇ ਚਾਹੋ ਤਾਂ ਠੰਡਾ ਪਾਣੀ ਪੀ ਸਕਦੇ ਹੋ। ਕਿਸੇ ਨਾਲ ਫੋਨ 'ਤੇ ਗੱਲ ਕਰੋ ਜਾਂ ਐਕਸਰਸਾਈਜ਼ ਜਾਂ ਕੰਮ ਵਿੱਚ ਬਿਜ਼ੀ ਕਰ ਲਓ ਆਪਣੇ ਆਪ ਨੂੰ, ਜਾਂ ਫਿਰ ਟੀ.ਵੀ. ਦੇਖਣ ਲੱਗ ਜਾਓ। ਕੁਝ ਦਿਨਾਂ ਬਾਅਦ ਇਹ ਭੁੱਖ ਲੱਗਣੀ ਬੰਦ ਹੋ ਜਾਂਦੀ ਹੈ।"

"ਦਿਨ ਵਿੱਚ ਕਿੰਨਾ ਪਾਣੀ ਪੀਣਾ ਚਾਹੀਦੈ?"

"ਹਰ ਇੱਕ ਦੀ ਜ਼ਰੂਰਤ ਵੱਖਰੀ ਵੱਖਰੀ ਹੁੰਦੀ ਹੈ, ਇਹ ਨਿਰਭਰ ਹੈ ਤੁਹਾਡੇ ਲਾਈਫ ਸਟਾਈਲ ਉੱਤੇ, ਖੁਰਾਕ ਉੱਤੇ, ਐਕਸਰਸਾਈਜ਼ ਅਤੇ ਬਾਹਰ ਦੇ ਮੌਸਮ ਉੱਤੇ; ਪਰ ਅੰਦਾਜ਼ਨ ਕਿਹਾ ਜਾਂਦਾ ਤੁਹਾਡੇ ਵਜ਼ਨ (ਪਾਊਂਡ ਵਿੱਚ) ਤੋਂ ਅੱਧਾ ਹੋਣਾ ਚਾਹੀਦਾ (ਔਂਸ ਵਿੱਚ)।"

"ਦੀਦੀ, ਤੁਹਾਡਾ ਕਹਿਣੈ, ਜੇ ਕੋਈ 200 ਪੌਂਡ ਦਾ ਹੋਵੇ ਤਾਂ ਉਸ ਨੂੰ ਸੌ ਔਂਸ ਪਾਣੀ ਪੀਣਾ ਚਾਹੀਦੈ?"

"ਹਾਂ, ਪਰ ਇਸ ਵਿੱਚ ਹਰ ਤਰ੍ਹਾਂ ਦਾ ਲਿਕੁਇਡ (liquid) ਸ਼ਾਮਿਲ ਹੈ, ਜਿਵੇਂ ਕੌਫੀ, ਟੀ ਅਤੇ ਇਹਦਾ 20% ਖਾਣੇ ਤੋਂ ਵੀ ਆਉਂਦਾ ਏ। ਤੁਸੀਂ ਆਪਣੀ ਪਿਆਸ ਅਤੇ ਯੂਰਿਨ (ਪਿਸ਼ਾਬ) ਦੇ ਕਲਰ (ਰੰਗ) ਦੇ ਹਿਸਾਬ ਨਾਲ ਵੀ ਚੱਲ ਸਕਦੇ ਹੋ। ਯੂਰਿਨ ਦਾ ਰੰਗ ਬਿਲਕੁਲ ਫਿੱਕਾ ਜਿਹਾ ਪੀਲਾ ਹੋਣਾ ਚਾਹੀਦਾ ਏ।"

"ਦੀਦੀ, ਮੈਂ ਤਾਂ ਤੁਹਾਨੂੰ ਦੱਸਣਾ ਹੀ ਭੁੱਲ ਗਈ ਮੇਰੇ ਨਾਲ ਕੀ ਬੀਤੀ! ਸਾਡੇ ਘਰ ਪਾਲੀ ਹੁਣਾਂ ਦੇ ਘਰੋਂ ਬੇਸਣ ਦੀ ਬਰਫੀ ਦਾ ਡੱਬਾ ਆਇਆ ਸੀ, ਪਰਸੋਂ। ਉਨ੍ਹਾਂ ਦੇ ਘਰ ਕਈ ਸਾਲਾਂ ਦੇ ਇਲਾਜ ਬਾਅਦ ਇੱਕ ਨੰਨੀ-ਮੁੰਨੀ ਆਈ ਏ। ਚਾਚੀ ਨੇ ਡੱਬਾ ਰੱਖ ਦਿੱਤਾ ਮੇਜ 'ਤੇ। ਮੈਂ ਜਦੋਂ ਲੰਘਦੀ ਨੇ ਦੇਖਿਆ ਤਾਂ ਮੈਂ ਉੱਥੇ ਹੀ ਖੜ੍ਹੀ ਦੀ ਖੜ੍ਹੀ ਰਹਿ ਗਈ। ਤੁਹਾਨੂੰ ਪਤਾ ਏ, ਬੇਸਣ ਦੀ ਬਰਫੀ ਤਾਂ ਮੇਰੀ ਜਾਨ ਹੈ। ਸੱਚ ਦੱਸਾਂ, ਮੇਰਾ ਬਹੁਤ ਜੀਅ ਕੀਤਾ ਬਰਫੀ ਖਾਣ ਨੂੰ, ਪਰ ਮੈਂ ਮਨ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ, ਉਨੇ ਵਿੱਚ ਚਾਚੀ ਆ ਗਈ ਅਤੇ ਡੱਬਾ ਚੁੱਕ ਕੇ ਲੈ ਗਈ। ਮੇਰੇ ਵੱਲ ਦੇਖਦੀ ਹੋਈ ਜਿਵੇਂ ਕਹਿ ਰਹੀ ਹੋਵੇ, ਤੂੰ ਇਹਨੂੰ ਖਾ ਕੇ ਦੇਖ ਕਿਵੇਂ ਖਾਂਦੀ ਏ? ਤੁਸੀਂ ਨਹੀਂ ਸਮਝ ਸਕੋਗੇ ਉਸ ਵਕਤ ਮੇਰੇ ਦਿਲ ਉੱਤੇ ਕੀ ਵਾਪਰ ਰਹੀ ਸੀ। ਸਾਰਾ ਦਿਨ ਉਹ ਡੱਬਾ ਮੇਰੀਆਂ ਅੱਖਾਂ ਦੇ ਅੱਗੇ ਆਉਂਦਾ ਰਿਹਾ।"

"ਫਿਰ ਅੱਜ ਕੀ ਹਾਲ ਹੈ?" ਚੰਨੀ ਨੇ ਹੱਸਦੀ ਨੇ ਕਿਹਾ।

"ਅੱਜ ਤਾਂ ਠੀਕ ਐ, ਮੈਂ ਤਾਂ ਤਕਰੀਬਨ ਭੁੱਲ ਗਈ ਸੀ ਉਸ ਡੱਬੇ ਬਾਰੇ।"

"ਪ੍ਰੀਤ, ਇਹ ਸ਼ੂਗਰ ਅਡਿਕਸ਼ਨ ਹੈ ਅਤੇ ਹੌਲੀ ਹੌਲੀ ਇਹ ਠੀਕ ਹੋ ਜਾਂਦੀ ਹੈ।"

"ਦੀਦੀ, ਇੱਕ ਹੋਰ ਗੱਲ ਮੈਨੂੰ ਸਮਝ ਨਹੀਂ ਆਉਂਦੀ, ਮੇਰਾ ਬਾਕੀ ਦਾ ਸਰੀਰ ਇੰਨਾ ਮੋਟਾ ਨਹੀਂ, ਜਿੰਨਾ ਮੇਰਾ ਪੇਟ। ਮੇਰਾ ਬਹੁਤਾ ਵਜ਼ਨ ਪੇਟ 'ਤੇ ਹੀ ਹੈ, ਇਹ ਹਲਵਾਈ ਦੇ ਗੋਗੜ ਵਾਂਗ ਵਧੀ ਜਾਂਦੈ।"

"ਇਨਸੁਲਿਨ ਰਜਿਸਟੈਂਸ (insulin resistance) ਕਰਕੇ ਲਿਵਰ ਤੇ ਪੈਨਕਰੀਆਜ਼ ਅਤੇ ਪੇਟ ਵਿੱਚ ਤੇ ਉੱਤੇ ਚਰਬੀ ਜਮ੍ਹਾਂ ਹੋ ਜਾਂਦੀ ਹੈ। ਲਿਵਰ ਅਤੇ ਪੈਨਕਰੀਆਜ ਦਾ ਸਾਈਜ਼ ਵਧ ਜਾਂਦਾ। ਇਸ ਕਰਕੇ ਅਤੇ ਪੇਟ ਦੀ ਚਰਬੀ ਕਰਕੇ ਪੇਟ ਵਧ ਜਾਂਦੈ, ਲਿਵਰ ਦਾ ਕੰਮ ਮੈਟਾਬੋਲਿਜ਼ਮ ਦਾ ਅਤੇ ਸਰੀਰ 'ਚੋਂ ਟੌਕਸਿਨਜ਼ ਕੱਢਣ ਦਾ ਕੰਮ ਵੀ ਠੱਪ ਹੋ ਜਾਂਦੈ। ਉਧਰ ਪੈਨਕਰੀਆਜ ਇਨਸੁਲਿਨ ਪੈਦਾ ਕਰਨੀ ਬੰਦ ਕਰ ਦਿੰਦੀ ਹੈ। ਇਸ ਤੋਂ ਬਾਅਦ ਸਾਰੀਆਂ ਕਰੋਨਿਕ ਬਿਮਾਰੀਆਂ ਸ਼ੁਰੂ ਹੁੰਦੀਆਂ ਨੇ।"

"ਦੀਦੀ, ਤੁਸੀਂ ਦੱਸਿਆ ਸੀ ਆਦਮੀਆਂ ਦੀ ਕਮਰ 40 ਇੰਚ ਅਤੇ ਇਸਤਰੀਆਂ ਦੀ 35 ਇੰਚ ਤੋਂ ਘੱਟ ਚਾਹੀਦੀ ਹੈ ਜਾਂ ਹਾਈਟ (ਲੰਬਾਈ) ਤੋਂ ਅੱਧੀ ਹੋਣੀ ਚਾਹੀਦੀ ਹੈ। ਮੇਰੀ ਤਾਂ 38 ਇੰਚ ਹੈ। ਭੁੱਲ ਨਾ ਜਾਵਾਂ, ਮੈਂ ਲਿਖ ਕੇ ਸਰਹਾਣੇ ਥੱਲੇ ਪਰਚੀ ਲੁਕਾ ਦਿੱਤੀ, ਘਰ ਵਿੱਚ ਕਿਸੇ ਨੂੰ ਨਹੀਂ ਪਤਾ। ਮਹੀਨੇ ਕੁ ਬਾਅਦ ਫਿਰ ਦੇਖਾਂਗੀ ਮਿਣ ਕੇ, ਕੀ ਫਰਕ ਪੈਂਦੈ। ਕੀ ਤੁਹਾਨੂੰ ਲੱਗਦਾ ਇਹ ਘੱਟ ਕੇ ਪਹਿਲਾਂ ਵਾਂਗ ਹੋ ਜਾਏਗੀ?"

"ਪ੍ਰੀਤ, ਮੈਨੂੰ ਪੂਰਾ ਯਕੀਨ ਹੈ! ਜੇ ਤੂੰ ਇਸੇ ਤਰ੍ਹਾਂ ਪ੍ਰੋਗਰੈਸ ਕਰਦੀ ਰਹੀ।"

"ਦੀਦੀ, ਇਹ ਸ਼ੂਗਰ ਦੀ ਇੰਨੀ ਜ਼ਿਆਦਾ ਕਰੇਵਿੰਗ ਕਿਉਂ ਹੁੰਦੀ ਏ?"

"ਜਦੋਂ ਤੁਸੀਂ ਸ਼ੂਗਰ ਜਾਂ ਹੋਰ ਅਲਟਰਾ ਰਿਫਾਇੰਡ (ultra refined) ਖੁਰਾਕ ਖਾਂਦੇ ਹੋ ਤਾਂ ਗੁਲੂਕੋਜ਼ ਇੱਕਦਮ ਕਾਫੀ ਮਿਕਦਾਰ ਵਿੱਚ ਖੂਨ ਵਿੱਚ ਚਲੀ ਜਾਂਦੀ ਹੈ, ਜਲਦੀ ਹਜ਼ਮ ਹੋ ਕੇ ਉਸ ਦੀ ਰਿਸਪਾਂਸ (response) ਵਿੱਚ ਢੇਰ ਸਾਰੀ ਇਨਸੁਲਿਨ ਖੂਨ ਵਿੱਚ ਆ ਜਾਂਦੀ ਹੈ। ਇਨਸੁਲਿਨ ਦਾ ਕੰਮ ਹੈ ਜ਼ਿਆਦਾ ਗੁਲੂਕੋਜ਼ ਨੂੰ ਖੂਨ ਵਿੱਚੋਂ ਕੱਢ ਕੇ ਸਰੀਰ ਦੇ ਹਿੱਸਿਆਂ ਤੱਕ ਪਹੁੰਚਾਉਣਾ; ਬਾਕੀ ਦੀ ਲਿਵਰ ਵਿੱਚ ਜਮ੍ਹਾਂ ਕਰ ਦੇਣਾ। ਫਾਲਤੂ ਸ਼ੂਗਰ ਯਾਨੀ ਕਿ ਗੁਲੂਕੋਜ਼ ਤਾਂ ਚਲੀ ਗਈ, ਪਰ ਐਕਸਟਰਾ ਇਨਸੁਲਿਨ ਅਜੇ ਵੀ ਬਾਕੀ ਹੈ, ਜੋ ਨਾਰਮਲ ਸ਼ੂਗਰ 'ਤੇ ਕੰਮ ਕਰਕੇ ਉਸ ਨੂੰ ਵੀ ਘਟਾ ਦਿੰਦੀ ਹੈ, ਖੂਨ ਵਿੱਚ। ਦਿਮਾਗ ਨੂੰ ਇਸ ਦਾ ਸਿਗਨਲ ਜਾਂਦਾ ਕਿ ਹੋਰ ਸ਼ੂਗਰ ਦੀ ਜ਼ਰੂਰਤ ਹੈ ਅਤੇ ਬਹੁਤ ਭੁੱਖ ਦਾ ਸਿਗਨਲ ਸਟਮਕ ਨੂੰ ਜਾਂਦਾ ਤੇ ਤੁਹਾਨੂੰ ਕੁਝ ਖਾਣ ਦੀ ਬਹੁਤ ਜ਼ਿਆਦਾ ਤਮੰਨਾ ਹੁੰਦੀ ਹੈ, ਜਿਸ ਨੂੰ ਆਪਾਂ ਕਰੇਵਿੰਗ ਕਹਿੰਦੇ ਆਂ। ਇਸ ਵੇਲੇ ਜਿਹੜੀ ਜਲਦੀ ਸੌਖੀ ਹੀ ਖੁਰਾਕ ਮਿਲ ਸਕਦੀ ਹੈ, ਉਹ ਆਪਾਂ ਖਾ ਲੈਂਦੇ ਆਂ। ਇਹ ਸੌਖੀ ਮਿਲ ਸਕਣ ਵਾਲੀ ਖੁਰਾਕ ਆਮ ਤੌਰ 'ਤੇ ਅਲਟਰਾ ਪ੍ਰੋਸੈਸ ਹੀ ਹੁੰਦੀ ਹੈ, ਜੋ ਬਹੁਤ ਜਲਦੀ ਹਜ਼ਮ ਹੋਣ ਵਾਲੀ ਖੁਰਾਕ ਹੁੰਦੀ ਹੈ। ਸਾਰਾ ਦਿਨ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ, ਮੁੜ ਮੁੜ ਸ਼ੂਗਰ ਅਤੇ ਇਨਸੁਲਿਨ ਸਪਾਈਕਜ਼ ਹੁੰਦੀਆਂ ਹਨ ਤੇ ਮੁੜ ਮੁੜ ਫੈਟ ਬਣ ਕੇ ਜਮ੍ਹਾਂ ਹੁੰਦੀ ਜਾਂਦੀ ਹੈ।"

"ਦੀਦੀ, ਤੁਸਾਂ ਅੰਡਿਆਂ ਦਾ ਹੈਲਦੀ ਫੈਟ ਵਿੱਚ ਜ਼ਿਕਰ ਕੀਤਾ ਏ, ਪਰ ਮੈਂ ਤਾਂ ਸੁਣਿਆ ਸੀ ਕਿਸੇ ਤੋਂ ਕਿ ਅੰਡੇ ਖਾਣ ਨਾਲ ਕੋਲੈਸਟਰੋਲ ਵਧ ਜਾਂਦੀ ਹੈ।"

"ਪ੍ਰੀਤ ਇਹ ਗਲਤ ਹੈ, ਜੇ ਤੁਸੀਂ ਅੰਡੇ ਠੀਕ ਤਰੀਕੇ ਨਾਲ ਖਾਓ।"

"ਉਹ ਕਿਵੇਂ?"

"ਅੰਡੇ ਵਿੱਚ ਸਿਹਤ ਦੇ ਲਈ ਬਹੁਤ ਸਾਰੀਆਂ ਫਾਇਦੇਮੰਦ ਚੀਜ਼ਾਂ ਹੁੰਦੀਆਂ ਨੇ, ਜਿਸ ਤਰ੍ਹਾਂ ਵਿਟਾਮਿਨ ਏ, ਈ, ਡੀ ਅਤੇ ਬੀ, ਈਸੈਨਸ਼ਲ ਅਮੀਨੋ ਐਸਿਡਜ਼ (essential amino acids) ਜਿਹੜੇ ਆਪਣਾ ਸਰੀਰ ਬਣਾਉਣ ਦੇ ਕਾਬਲ ਨਹੀਂ ਅਤੇ ਦਿਮਾਗ ਲਈ ਜ਼ਰੂਰੀ ਫੈਟ, ਕੋਲੀਨ ਅਤੇ ਲੈਸੀਥੀਨ (choline and lecithin); ਤੁਹਾਨੂੰ ਅੰਡੇ ਉਬਾਲ ਕੇ ਸਨੀ ਸਾਈਡ ਅਪ ਜਾਂ ਪੋਚ (poach) ਕਰਕੇ ਖਾਣੇ ਚਾਹੀਦੇ ਹਨ, ਮਤਲਬ ਜਿਹੜੇ ਤਰੀਕੇ ਨਾਲ ਤੁਸੀਂ ਐੱਗ ਯੋਕ ਨੂੰ ਤੋੜੇ ਬਿਨਾਂ ਅੰਡੇ ਨੂੰ ਪਕਾ ਕੇ ਖਾ ਸਕਦੇ ਹੋ। ਪਕਾਉਣ ਤੋਂ ਪਹਿਲਾਂ ਐੱਗ ਯੋਗ ਤੋੜਨ 'ਤੇ ਕੋਲੈਸਟਰੋਲ ਔਕਸੀਡਾਈਜ਼ ਹੋ ਜਾਂਦੀ ਹੈ ਅਤੇ ਉਹ ਕਾਫੀ ਹਾਨੀਕਾਰਕ ਹੈ। ਇਸ ਲਈ ਅੰਡਿਆਂ ਦਾ ਪੂਰਾ ਫਾਇਦਾ ਲੈਣ ਲਈ ਆਮਲੇਟ ਅਤੇ ਭੁਰਜੀ ਬਣਾਉਣ ਦੀ ਥਾਂ ਉੱਪਰ ਦੱਸੇ ਤਰੀਕਿਆਂ ਦਾ ਇਸਤੇਮਾਲ ਕਰੋ। ਇੱਕ ਜਾਂ ਦੋ ਅੰਡੇ ਰੋਜ਼ਾਨਾ ਖਾ ਸਕਦੇ ਹੋ। ਅੰਡੇ ਇਸਤੇਮਾਲ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਧੋ ਲੈਣਾ ਚਾਹੀਦਾ ਹੈ।"

"ਦੀਦੀ, ਹੈਲਦੀ ਲਾਈਫ ਸਟਾਈਲ ਲਈ ਹੋਰ ਨੁਸਖੇ ਦੱਸੋ। ਇਹ ਸਾਰੀ ਜਾਣਕਾਰੀ ਦਿਲਚਸਪ ਹੈ।"

"ਤੇਰੀ ਕਾਪੀ ਪੈਨਸਿਲ ਤਿਆਰ ਹੈ? ਤੈਨੂੰ ਲਿਖਣਾ ਪੈਣਾ, ਨਹੀਂ ਤਾਂ ਤੂੰ ਭੁੱਲ ਜਾਣੈ, ਲੰਮੀ ਲਿਸਟ ਹੈ।"

"ਮੈਂ ਤਾਂ ਪੂਰੀ ਤਿਆਰੀ ਕੀਤੀ ਹੋਈ ਹੈ। ਚਲੋ ਸ਼ੁਰੂ ਹੋ ਜਾਓ।"

"ਲੈ ਸੁਣ ਫਿਰ! ਲੋਅ ਫੈਟ ਫੂਡ ਬਣਾਉਣ ਲਈ ਖੁਰਾਕ ਵਾਲੀਆਂ ਕੰਪਨੀਆਂ ਖੁਰਾਕ ਵਿੱਚ ਐਕਸਟਰਾ ਸ਼ੂਗਰ ਪਾਉਂਦੀਆਂ ਨੇ। ਇਸ ਦਾ ਨਤੀਜਾ ਇਹ ਹੋਇਆ ਕਿ ਘੱਟ ਫੈਟ ਵਾਲੀ ਖੁਰਾਕ ਤਾਂ ਖਾ ਲਈ, ਪਰ ਜ਼ਿਆਦਾ ਸ਼ੂਗਰ ਖਾਣ ਨਾਲ ਸ਼ੂਗਰ ਵਧਾਉਣ ਦਾ ਵੀ ਹੀਲਾ ਕਰ ਲਿਆ, ਜੋ ਜ਼ਿਆਦਾ ਨੁਕਸਾਨਦਾਇਕ ਐ।

-ਹਰੇ ਰੰਗ ਦੇ ਆਲੂ ਨਹੀਂ ਖਾਣੇ ਚਾਹੀਦੇ, ਉਨ੍ਹਾਂ 'ਚ ਜ਼ਹਿਰੀਲੀ ਚੀਜ਼ ਸੋਲੇਨੀਨ (solanine) ਹੁੰਦੀ ਏ।

-ਬੀਨਜ਼ ਲੈਨਟਿਲਜ਼ ਵਗੈਰਾ ਨੂੰ ਫਾਇਦੇਮੰਦ ਬਣਾਉਣ ਲਈ ਇਨ੍ਹਾਂ ਨੂੰ ਚਾਰ ਘੰਟਿਆਂ ਤੋਂ ਜ਼ਿਆਦਾ ਲਈ ਪਾਣੀ ਵਿੱਚ ਭਿਉਂ ਕੇ ਰੱਖ ਦੇਵੋ, ਫਿਰ ਧੋ ਕੇ ਕੁੱਕ ਕਰ ਲਵੋ। ਜਦ ਠੰਡੇ ਹੋ ਜਾਣ ਤਾਂ ਫਰਿੱਜ ਵਿੱਚ ਰੱਖਣ ਨਾਲ ਕੁਝ ਘੰਟਿਆਂ ਲਈ ਇਨ੍ਹਾਂ ਦੀ ਸਟਾਰਚ, ਰਜਿਸਟੈਂਟ ਸਟਾਰਚ (resistant starch) ਵਿੱਚ ਬਦਲ ਜਾਂਦੀ ਹੈ, ਜੋ ਆਪਣੀ ਬਾਡੀ ਹਜ਼ਮ ਨਹੀਂ ਕਰ ਸਕਦੀ (ਇਸ ਕਰਕੇ ਖੂਨ ਵਿੱਚ ਸ਼ੂਗਰ ਅਤੇ ਇਨਸੁਲਿਨ ਜ਼ਿਆਦਾ ਨਹੀਂ ਵਧੇਗੀ), ਪਰ ਇਹ ਤੁਹਾਡੇ ਚੰਗੇ ਕੀਟਾਣੂਆਂ ਲਈ ਡਿਜ਼ਰਟ (dessert) ਦਾ ਕੰਮ ਕਰਦਾ ਹੈ ਅਤੇ ਉਹ 'ਸ਼ਾਰਟ ਚੇਨ ਫੈਟੀ ਐਸਿਡ' (SCFA) ਬਣਾ ਕੇ ਆਪਣੇ ਸਰੀਰ ਵਿੱਚ ਵਿਟਾਮਿਨ ਬੀ ਅਤੇ ਕੇ ਬਣਾਉਣ ਵਿੱਚ ਮਦਦ ਕਰਦੇ ਨੇ। ਇਸੇ ਲਈ ਤੁਸੀਂ ਵੀ ਆਲੂਆਂ ਅਤੇ ਹੋਰ ਸਟਾਰਚੀ ਚੀਜ਼ਾਂ ਦੀ ਸਟਾਰਚ ਵੀ ਬਦਲ ਸਕਦੇ ਹੋ।"

"ਆਹ ਤਰੀਕਾ ਵਧੀਆ ਦੀਦੀ! ਚਲੋ ਹੋਰ ਦੱਸੋ ਇਸ ਤਰ੍ਹਾਂ ਦੇ ਨੁਸਖੇ।"

"ਖੁਰਾਕ, ਜਿਸ ਵਿੱਚ ਫਰੁੱਕਟੋਜ਼ (fructose) ਹੋਵੇ, ਉਹ ਵੀ ਘੱਟ ਕਰ ਦੇਵੋ ਕਿਉਂਕਿ ਇਹ ਲਿਵਰ ਨੂੰ ਫੈਟੀ ਕਰਦੀ ਹੈ। ਫਰੱਕਟੋਜ਼ ਫਲਾਂ ਤੇ ਫਲਾਂ ਦੇ ਜੂਸ ਵਿੱਚ ਅਤੇ ਕੌਰਨ ਸਿਰਪ (syrup) ਵਿੱਚ ਪਾਈ ਜਾਂਦੀ ਹੈ। ਖੁਰਾਕ ਬਣਾਉਣ ਵਾਲੀਆਂ ਕੰਪਨੀਆਂ ਫਰੱਕਟੋਜ਼ ਕਾਰਨ ਸਿਰਪ ਨੂੰ ਪੈਕੇਜ ਕੀਤੀ ਖੁਰਾਕ ਵਿੱਚ ਕਾਫੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਮਿੱਲਟਸ ਦਾ ਅੰਤਰਰਾਸ਼ਟਰੀ ਸਾਲ 2023

## ਸਿਹਤਮੰਦ ਮਿੱਲਟਸ ਤੇ ਸਿਹਤਮੰਦ ਲੋਕ

## ਮੁੜ ਪੁਰਾਣੀਆਂ ਖੁਰਾਕਾਂ ਦਾ ਦੌਰ



**ਡਾ. ਪੀ. ਐੱਸ. ਤਿਆਗੀ**
ਫੋਨ: +91-9855446519

**ਡਾ. ਸ਼ਾਲੂ ਵਿਆਸ**
ਫੋਨ: +91-9996692444



ਇੱਕ ਪਾਸੇ ਦੁਨੀਆਂ ਸਿਹਤਮੰਦ ਖਾਣਿਆਂ ਦੀ ਭਾਲ਼ ਵਿੱਚ ਅੱਜ ਬੜੀ ਜੱਦੋਜਹਿਦ ਕਰ ਰਹੀ ਹੈ ਤੇ ਦੂਜੇ ਪਾਸੇ ਸਾਡੇ ਮਨਾਂ ਵਿੱਚੋਂ ਭੁੱਲੇ ਵਿਸਰੇ ਤੇ ਆਪਣੀ ਅਹਿਮੀਅਤ ਗੁਆ ਚੁੱਕੇ ਬੜੇ ਹੀ ਪੁਰਾਣੇ ਖਾਣੇ, ਮੁੜ ਸਾਡੀ ਰਸੋਈ ਵਿੱਚ ਦਾਖਲ ਹੋਣ ਲਈ, ਸਾਡੀ ਰਜ਼ਾਮੰਦੀ ਦੀ ਉਡੀਕ ਕਰ ਰਹੇ ਹਨ। ਅਜਿਹੇ ਖਾਣਿਆਂ ਨੂੰ ਅੰਗਰੇਜ਼ੀ ਵਿੱਚ ਬੇਸ਼ਕ ਸਾਂਝੇ ਤੌਰ 'ਤੇ ਮਿੱਲਟਸ ਕਿਹਾ ਜਾਂਦਾ ਹੈ, ਪਰ ਪੰਜਾਬੀ ਵਿੱਚ ਇਨ੍ਹਾਂ ਦੇ ਕਈ ਨਾਂ ਹਨ, ਜਿਨ੍ਹਾਂ ਵਿੱਚ ਬਾਜਰਾ ਬੜਾ ਹੀ ਪ੍ਰਸਿੱਧ ਹੈ, ਜਿਸ ਦੀ ਪ੍ਰਸਿੱਧੀ ਦਾ ਸਬੂਤ ਇਹ ਹੈ ਕਿ ਪੰਜਾਬੀ ਦੇ ਗੀਤਾਂ ਦਾ ਸਭ ਤੋਂ ਪੁਰਾਣਾ ਟੱਪਾ ਬਾਜਰੇ ਦੇ ਸਿੱਟੇ ਨਾਲ ਹੀ ਸਬੰਧਤ ਹੈ:

ਬਾਜਰੇ ਦਾ ਸਿੱਟਾ ਨੀ ਅਸਾਂ ਤਲੀ 'ਤੇ ਮਰੋੜਿਆ,
ਰੁੱਠੜਾ ਜਾਂਦਾ ਮਾਹੀ ਨੀਂ ਅਸੀਂ ਗਲੀ ਵਿੱਚੋਂ ਮੋੜਿਆ।

ਨਵਵਿਆਹੇ ਅਨਾੜੀ ਤੇ ਅਣੋਭੜ ਮੁੰਡਾ-ਕੁੜੀ ਨਿੱਕੀ ਨਿੱਕੀ ਗੱਲ 'ਤੇ ਰੁੱਠਦੇ ਹਨ ਤੇ ਉਸੇ ਤਰ੍ਹਾਂ ਦੀਆਂ ਗੱਲਾਂ ਨਾਲ ਮੰਨ ਵੀ ਜਾਂਦੇ ਹਨ। ਮੁੰਡਾ ਜਿਸ ਗੱਲ ਲਈ ਬੜਾ ਬੇਸਬਰ ਹੁੰਦਾ ਹੈ, ਕੁੜੀ ਉਸੇ ਗੱਲ ਲਈ ਉਸ ਨੂੰ ਸਬਰ ਦੇ ਸਬਕ ਸਿਖਾਉਂਦੀ ਰਹਿੰਦੀ ਹੈ। ਸਬਰ ਬੇਸਬਰੀ ਦੀ ਅਜਿਹੀ ਕਸ਼ਮਕਸ਼ ਵਿੱਚ ਕੋਈ ਮੁੰਡਾ ਆਪਣੀ ਨਖਰੇਲੋ ਦੇ ਕਿਸੇ ਸ਼ਰਾਰਤੀ ਪੱਜ ਬਹਾਨੇ ਤੋਂ ਰੁੱਸ ਗਿਆ ਹੋਵੇਗਾ, ਜਿਸ ਨੂੰ ਕੁੜੀ ਨੇ ਆਪਣੀ ਤਲੀ 'ਤੇ ਬਾਜਰੇ ਦਾ ਸਿੱਟਾ ਮਰੋੜ ਕੇ ਗਲੀ ਵਿੱਚੋਂ ਹੀ ਮੋੜ ਲਿਆ ਹੋਵੇਗਾ। ਜਿਨ੍ਹਾਂ ਨੇ ਬਾਜਰੇ ਦਾ ਸਿੱਟਾ ਕਦੇ ਆਪਣੇ ਹੱਥ ਵਿੱਚ ਫੜ ਕੇ ਦੇਖਿਆ ਹੋਵੇ, ਉਹੀ ਇਸ ਟੱਪੇ ਦੇ ਸਾਹਿਤਕ ਸੁਹਜ ਅਤੇ ਰੋਮਾਂਸ ਨੂੰ ਸਮਝ ਸਕਦੇ ਹਨ। ਪਰ ਸਾਡਾ ਮਨੋਰਥ ਸਿਰਫ ਇਹ ਦੱਸਣਾ ਹੈ ਕਿ ਜਿਸ ਫ਼ਸਲ ਦਾ ਸਿੱਟਾ ਸਾਡੇ ਮੁਢਲੇ ਲੋਕ ਗੀਤਾਂ ਦਾ ਸ਼ਿੰਗਾਰ ਬਣਿਆ, ਉਹ ਬਾਜਰੇ ਦਾ ਸਿੱਟਾ ਹੈ, ਕਣਕ ਦਾ ਨਹੀਂ।

ਕਣਕ ਸਾਡੀ ਰੂਹ ਵਿੱਚ ਖ਼ੁਦ-ਬਖ਼ੁਦ ਉਕਰੇ ਲੋਕ ਗੀਤਾਂ ਵਿੱਚ ਨਹੀਂ ਆਈ, ਬਲਕਿ ਰੂਹ 'ਤੇ ਜ਼ੋਰ ਪਾ ਕੇ ਲਿਖੇ ਗਏ ਗੀਤਾਂ ਵਿੱਚ ਲਿਆਂਦੀ ਗਈ। ਅਸੀਂ ਆਪਣੀ ਸਮਝ ਦੇ ਅਨਾੜੀ ਤੇ ਅਣੋਭੜਪੁਣੇ ਵਿੱਚ ਲੋਕ ਗੀਤਾਂ ਨੂੰ ਛੱਡ ਕੇ ਹਲਕੇ-ਫੁਲਕੇ ਗੀਤਾਂ ਮਗਰ ਲੱਗ ਗਏ ਤੇ ਬਾਜਰੇ ਨੂੰ ਬਾਹਰ ਕੱਢ ਕੇ ਕਣਕ ਨੂੰ ਆਪਣੀ ਰਸੋਈ ਦੀ ਮਹਾਰਾਣੀ ਬਣਾ ਲਿਆ। ਇਹ ਮਹਾਰਾਣੀ ਹੁਣ ਸਾਨੂੰ ਆਪਣੇ ਜਲਵੇ ਦਿਖਾ ਰਹੀ ਹੈ, ਜਿਸ ਦਾ ਉਦੋਂ ਪਤਾ ਲਗਦਾ ਹੈ, ਜਦ ਡਾਕਟਰ ਸਾਡੇ ਖਾਣਿਆਂ ਵਿਚੋਂ ਕਣਕ 'ਤੇ ਗਲੂਟਨ ਕਹਿ ਕੇ ਕਾਂਟਾ ਮਾਰ ਦਿੰਦੇ ਹਨ। ਫਿਰ ਅਸੀਂ ਸੋਚਦੇ ਹਾਂ ਕਿ ਹੁਣ ਖਾਈਏ ਕੀ?

ਗਲੂਟਨ ਲੇਸ ਜਿਹਾ ਪਦਾਰਥ ਹੁੰਦਾ ਹੈ ਤੇ ਗਲੂਟਨ ਸ਼ਬਦ ਵੀ ਗਲੂ ਅਰਥਾਤ ਗੂੰਦ ਤੋਂ ਬਣਿਆ ਹੈ। ਗਲੂਟਨ ਕਣਕ ਵਿੱਚ ਹੁੰਦਾ ਹੈ ਤੇ ਕਣਕ ਵਿਚਲੇ ਗਲੂ ਕਰਕੇ ਹੀ ਕਣਕ ਦੀ ਪਤਲੀ ਤੋਂ ਪਤਲੀ ਰੋਟੀ ਵੀ ਟੁੱਟਦੀ ਨਹੀਂ; ਪਰ ਇਸ ਦੇ ਉਲਟ ਬਾਜਰੇ ਵਿੱਚ ਰੇਸ਼ਾ ਅਰਥਾਤ ਫਾਈਬਰ ਹੁੰਦਾ ਹੈ, ਜਿਸ ਕਰਕੇ ਉਹਦੀ ਮੋਟੀ ਤੋਂ ਮੋਟੀ ਰੋਟੀ ਵੀ ਹਰ ਕਿਸੇ ਤੋਂ ਜੁੜਦੀ ਨਹੀਂ। ਲੇਸ ਅਤੇ ਰੇਸ਼ੇ ਵਿੱਚ ਇਹੀ ਫਰਕ ਹੈ। ਲੇਸ ਟੁੱਟਦੀ ਨਹੀਂ ਤੇ ਰੇਸ਼ਾ ਜੁੜਦਾ ਨਹੀਂ। ਲੇਸਦਾਰ ਪਦਾਰਥ ਸਿਹਤ ਲਈ ਬੇਹੱਦ ਹਾਨੀਕਾਰਕ ਹੁੰਦੇ ਹਨ ਤੇ ਰੇਸ਼ੇਦਾਰ ਪਦਾਰਥ ਸਿਹਤ ਲਈ ਬੜੇ ਲਾਭਕਾਰੀ ਹੁੰਦੇ ਹਨ। ਪੁਰਾਣੇ ਸਮੇਂ ਵਿੱਚ ਅਸੀਂ ਆਪਣੇ ਘਰਾਂ ਵਿੱਚ ਕਦੇ ਕੋਧਰੇ ਦੀ ਤੇ ਕਦੇ ਬਾਜਰੇ ਦੀ ਰੋਟੀ ਖਾਂਦੇ ਸਾਂ। ਝੱਟੇ ਦੀ ਖੀਰ ਤਾਂ ਕਦੇ ਮੂੰਹੋਂ ਨਹੀਂ ਸੀ ਲੱਥਦੀ ਤੇ ਹੁਣ ਇਹੋ ਜਿਹੇ ਖਾਣੇ ਹੋ ਗਏ ਜਾਂ ਆ ਗਏ ਹਨ ਕਿ ਮੂੰਹ ਲਾਉਣ ਨੂੰ ਚਿੱਤ ਨਹੀਂ ਕਰਦਾ।

ਮਿੱਲਟਸ ਸ਼ਬਦ ਮਿੱਲ ਤੋਂ ਬਣਿਆ ਹੈ ਤੇ ਮਿੱਲ ਦਾ ਅਰਥ ਹੈ, ਦਾਣੇ ਪੀਹਣ ਵਾਲੀ ਚੱਕੀ। ਭਾਸ਼ਾਈ ਨੇਮ ਮੁਤਾਬਕ ਮਿੱਲ ਵਿੱਚ ਪੀਸੇ ਜਾਣ ਵਾਲੇ ਦਾਣਿਆਂ ਦਾ ਨਾਂ ਮਿੱਲਟਸ ਹੋ ਗਿਆ। ਪਰ ਇਹ ਉਹ ਦਾਣੇ ਹੁੰਦੇ ਹਨ, ਜਿਹੜੇ ਖੁਸ਼ਕ ਜ਼ਮੀਨ ਵਿੱਚ ਹੁੰਦੇ ਹਨ, ਜਿੱਥੇ ਬਾਰਿਸ਼ ਵੀ ਬਹੁਤ ਥੋੜ੍ਹੀ ਹੁੰਦੀ ਹੈ। ਅੰਗਰੇਜ਼ੀ ਵਿੱਚ ਅਜਿਹੇ ਦਾਣਿਆਂ ਲਈ ਇੱਕ ਹੀ ਨਾਂ ਮਿੱਲਟਸ ਪ੍ਰਚੱਲਤ ਹੈ; ਪਰ ਪੰਜਾਬੀ ਵਿੱਚ ਇਨ੍ਹਾਂ ਦਾਣਿਆਂ ਲਈ ਕੋਈ ਇੱਕ ਨਾਂ ਨਹੀਂ ਹੈ। ਇਸ ਲਈ ਪੰਜਾਬੀ ਵਿੱਚ ਅਸੀਂ ਚਰ੍ਹੀ, ਜਵਾਰ, ਕੋਧਰੇ ਅਤੇ ਬਾਜਰੇ ਜਿਹੇ ਹਰੇਕ ਦਾਣੇ ਨੂੰ ਮਿੱਲਟਸ ਕਹਿਣ ਲਈ ਮਜਬੂਰ ਹਾਂ।

ਸਾਡੇ ਦੇਸ਼ ਵਿੱਚ ਸਦੀਆਂ ਤੋਂ ਮਿੱਲਟਸ ਸਾਡੀ ਖੁਰਾਕ ਦਾ ਅਹਿਮ ਅੰਗ ਰਹੇ ਹਨ; ਪਰ 1960 ਦੇ ਦਹਾਕੇ ਵਿੱਚ ਆਈ ਹਰੀ ਕ੍ਰਾਂਤੀ ਦੇ ਕਾਰਨ ਕਣਕ ਅਤੇ ਚੌਲਾਂ ਦੀਆਂ ਵਧੇਰੇ ਉਪਜ ਵਾਲੀਆਂ ਕਿਸਮਾਂ ਦੀ ਵਰਤੋਂ ਕਰਕੇ ਅਨਾਜ ਦੇ ਉਤਪਾਦਨ ਵਿੱਚ ਵਾਧਾ ਕਰਨ 'ਤੇ ਜ਼ੋਰ ਦਿੱਤਾ ਗਿਆ। ਫਿਰ ਮਿੱਲਟਸ ਦੀ ਖੇਤੀ ਦੇ ਬਹੁਤ ਸਾਰੇ ਫ਼ਾਇਦਿਆਂ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਅਪ੍ਰੈਲ 2018 ਵਿੱਚ ਇਨ੍ਹਾਂ ਨੂੰ ਸਿਹਤਮੰਦ ਅਨਾਜ ਵਜੋਂ ਤਸਲੀਮ ਕੀਤਾ, ਜਿਸ ਵਿੱਚ ਪ੍ਰਮੁੱਖ ਮਿੱਲਟਸ ਜੁਆਰ, ਚਰ੍ਹੀ, ਬਾਜਰਾ, ਰਾਗੀ, ਕੰਗਣੀ, ਸਾਨਵਾ, ਕੁਟਕੀ ਅਤੇ ਕੱਟੂ ਨੂੰ ਸ਼ਾਮਿਲ ਕੀਤਾ ਗਿਆ।

ਭਾਰਤ ਸਰਕਾਰ ਨੇ ਬਹੁਤ ਸਾਰੇ ਦੇਸ਼ਾਂ ਨਾਲ ਮਿਲ ਕੇ ਯੂ. ਐਨ. ੳ. ਵਲੋਂ ਸਾਲ 2023 ਨੂੰ ਮਿੱਲਟਸ ਦਾ ਅੰਤਰਰਾਸ਼ਟਰੀ ਸਾਲ ਐਲਾਨ ਕਰਵਾਇਆ, ਜਿਸ ਦਾ ਮੁੱਖ ਸੰਕਲਪ ਹੈ: ਸਿਹਤਮੰਦ ਮਿੱਲਟਸ ਤੇ ਸਿਹਤਮੰਦ ਲੋਕ। ਸਦੀਆਂ ਤੋਂ ਮਿੱਲਟਸ ਭਾਰਤ, ਅਫਰੀਕਾ ਅਤੇ ਮੱਧ ਪੂਰਬੀ ਖੇਤਰਾਂ ਦੀ ਖੁਰਾਕ ਵਿੱਚ ਪ੍ਰਮੁਖ ਰਹੇ ਹਨ। ਹਜ਼ਾਰਾਂ ਸਾਲ ਪੁਰਾਣੀ ਭਾਰਤੀ ਸੱਭਿਆਚਾਰਕ ਵਿਰਾਸਤ ਦੇ ਸੰਦਰਭ ਵਿੱਚ ਵੀ ਇਨ੍ਹਾਂ ਦੀ ਬਹੁਤ ਮਹੱਤਤਾ ਹੈ। ਇਹ ਭਾਰਤ ਵਿੱਚ ਸਭ ਤੋਂ ਪੁਰਾਣੀਆਂ ਉਗਾਈਆਂ ਜਾਣ ਵਾਲੀਆਂ ਫਸਲਾਂ ਵਿੱਚੋਂ ਹਨ ਤੇ ਸਦੀਆਂ ਤੋਂ ਭਾਰਤੀ ਖਾਣੇ ਦਾ ਹਿੱਸਾ ਰਹੇ ਹਨ। ਇਹ ਸਾਡੇ ਧਾਰਮਿਕ ਰੀਤੀ-ਰਿਵਾਜਾਂ, ਸੱਭਿਆਚਾਰਕ ਰੀਤਾਂ-ਰਸਮਾਂ ਤੇ ਤਿਉਹਾਰਾਂ ਦਾ ਅਨਿੱਖੜਵਾਂ ਅੰਗ ਰਹੇ ਹਨ। ਭਾਵੇਂ ਇਹ ਸਥਾਨਕ ਮਾਹੌਲ ਦੇ ਅਨੁਕੂਲ ਹਨ ਅਤੇ ਇਨ੍ਹਾਂ ਦੀ ਪੈਦਾਵਾਰ ਲਈ ਬਹੁਤ ਥੋੜ੍ਹੇ ਸਾਧਨਾਂ ਦੀ ਲੋੜ ਹੈ, ਪਰ ਫਿਰ ਵੀ ਪਤਾ ਨਹੀਂ ਕਿਉਂ ਇਨ੍ਹਾਂ ਨੂੰ ਕਣਕ-ਝੋਨੇ ਨਾਲੋਂ ਘੱਟ ਲਾਭਦਾਇਕ ਮੰਨਿਆ ਜਾਂਦਾ ਹੈ।

ਮੁਨਸ਼ੀ ਪ੍ਰੇਮਚੰਦ ਦੀ ਕਹਾਣੀ 'ਸਵਾ ਸੇਰ ਗੇਹੂੰ' ਵਿੱਚ ਵੀ ਦੱਸਿਆ ਗਿਆ ਹੈ ਕਿ ਗਰੀਬ ਕਿਸਾਨ ਆਪਣੇ ਘਰ ਵਿੱਚ ਹਮੇਸ਼ਾ ਮਿੱਲਟਸ ਹੀ ਖਾਂਦੇ ਸਨ, ਪਰ ਆਏ ਸਾਧੂ ਮਹਿਮਾਨ ਲਈ ਹੀ ਸਵਾ ਸੇਰ ਗੇਹੂੰ (ਕਣਕ) ਉਧਾਰ ਲਿਆਉਂਦੇ ਹਨ। ਇੱਕ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਵੀ ਗਰੀਬ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਅਤੇ ਅਮੀਰ ਮਲਿਕ ਭਾਗੋ ਦੇ ਕਣਕ ਦੇ ਫੁਲਕੇ ਵਿੱਚੋਂ ਲਹੂ ਨਿਕਲਦਾ ਦਿਖਾ ਕੇ ਇਹ ਸਿੱਖਿਆ ਦਿੱਤੀ ਸੀ ਕਿ ਇਮਾਨਦਾਰੀ, ਪਿਆਰ, ਦਿਆਲਤਾ ਅਤੇ ਸ਼ਰਧਾ ਨਾਲ ਤਿਆਰ ਕੀਤੀ ਗਈ ਕੋਧਰੇ ਦੀ ਸਧਾਰਣ ਰੋਟੀ, ਅਮੀਰ ਮਲਿਕ ਭਾਗੋ ਦੀ ਕਣਕ ਦੀ ਰੋਟੀ ਨਾਲੋਂ ਵਧੇਰੇ ਸੁਆਦ ਅਤੇ ਸਿਹਤਮੰਦ ਹੈ। ਗੁਰੂ ਨਾਨਕ ਦੇਵ ਜੀ ਨੇ ਦੱਸਿਆ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਅਰਥਾਤ ਅਜਿਹੇ ਖਾਣੇ ਆਪਣੀ ਖ਼ੁਸ਼ੀ ਖਤਮ ਵਾਲੀ ਗੱਲ ਹੁੰਦੀ ਹੈ, ਜਿਹੜੇ ਖਾਣੇ ਸਾਡੀ ਸਿਹਤ ਲਈ ਮਾੜੇ ਹੋਣ ਤੇ ਜਿਨ੍ਹਾਂ ਨਾਲ ਮਨ ਵਿੱਚ ਵੀ ਬੁਰੇ ਵਿਚਾਰ ਆਉਣ ਲੱਗ ਪੈਣ। ਕਿੰਨੀ ਪਤੇ ਦੀ ਗੱਲ ਹੈ ਕਿ ਖਾਣੇ ਸਾਡੀ ਦੇਹ 'ਤੇ ਅਸਰ ਤਾਂ ਕਰਦੇ ਹੀ ਹਨ, ਇਹ ਸਾਡੇ ਮਨ 'ਤੇ ਵੀ ਪ੍ਰਭਾਵ ਪਾਉਂਦੇ ਹਨ। ਮਿੱਲਟਸ ਦੀ ਥਾਂ ਕਣਕ ਅਤੇ ਚੌਲ਼ ਆਦਿ ਖਾਣ ਨਾਲ ਇੱਕ ਤਾਂ ਸਾਡਾ ਸਰੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਦੂਜਾ ਉਸ ਦਾ ਮਨ 'ਤੇ ਵੀ ਬੁਰਾ ਅਸਰ ਪੈਂਦਾ ਹੈ। ਅੱਜ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੇ ਲੋਕ ਕਣਕ ਦੀ ਐਲਰਜੀ ਦੇ ਬੁਰੇ ਅਸਰ ਤੋਂ ਬੇਹੱਦ ਦੁਖੀ ਹਨ। ਬੜੀ ਹੈਰਾਨੀ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਸ ਦੇ ਬੁਰੇ ਅਸਰ ਤੋਂ ਸੈਂਕੜੇ ਸਾਲ ਪਹਿਲਾਂ ਹੀ ਸੰਕੇਤ ਕਰ ਦਿੱਤਾ ਹੋਇਆ ਹੈ।



ਪ੍ਰਾਚੀਨ ਭਾਰਤੀ ਸੱਭਿਆਚਾਰ ਵਿੱਚ ਵੀ ਮਿੱਲਟਸ ਸਾਡੇ ਖਾਣੇ ਦਾ ਅਨਿੱਖੜ ਅੰਗ ਰਹੇ ਹਨ ਤੇ ਇਹ ਸਾਡੀ ਧਾਰਮਿਕ ਰਹੁ ਰੀਤਾਂ ਨਾਲ ਵੀ ਜੁੜੇ ਹੋਏ ਹਨ। ਮਿੱਲਟਸ ਲਗਭਗ 131 ਦੇਸ਼ਾਂ ਵਿੱਚ ਪੈਦਾ ਕੀਤੇ ਜਾਂਦੇ ਹਨ ਤੇ ਭਾਰਤ ਇਸ ਦਾ ਵਿਸ਼ਵ ਭਰ ਦਾ ਸਭ ਤੋਂ ਵੱਡਾ ਉਤਪਾਦਕ ਹੈ। ਭਾਰਤ ਵਿੱਚ ਪੈਦਾ ਕੀਤੇ ਜਾਣ ਵਾਲੇ ਮਿੱਲਟਸ ਇਹ ਹਨ: ਮੋਤੀ ਬਾਜਰਾ 60%, ਸੋਰਘਮ, ਜੁਆਰ ਜਾਂ ਚਰ੍ਹੀ 27%, ਰਾਗੀ 11% ਤੇ ਕੁਟੂਕੀ 2%। ਇਸ ਤੋਂ ਇਲਾਵਾ ਕੰਗਣੀ (ਫੌਕਸਟੇਲ), ਬਾਰੀ (ਪ੍ਰੋਸੋ), ਕੋਧਰਾ (ਕੋਡੋ) ਅਤੇ ਸਨਵਾ (ਬਾਰਨਯਾਰਡ) ਵੀ ਕੁਝ ਮਾਤਰਾ ਵਿੱਚ ਪੈਦਾ ਕੀਤੇ ਜਾਂਦੇ ਹਨ। ਮਿੱਲਟਸ ਲਈ ਹੁਣ ਬਹੁਤ ਹੀ ਢੁਕਵਾਂ ਸਮਾਂ ਹੈ, ਜਦੋਂ ਜਲਵਾਯੂ ਪਰਿਵਰਤਨ, ਮਿੱਟੀ ਵਿੱਚ ਆ ਰਹੀ ਉਪਜਾਊ ਕਮਜ਼ੋਰੀ ਅਤੇ ਪਾਣੀ ਦੀ ਕਿੱਲਤ ਰਵਾਇਤੀ ਖੇਤੀਬਾੜੀ ਨੂੰ ਖਤਰੇ ਵਿੱਚ ਪਾ ਰਹੀ ਹੈ। ਇਸ ਲਈ ਮਿੱਲਟਸ ਆਪਣੀ ਘੱਟ ਤੋਂ ਘੱਟ ਪਾਣੀ ਦੀ ਲੋੜ ਅਤੇ ਖੁਸ਼ਕ ਜ਼ਮੀਨ ਵਿੱਚ ਵਧਣ-ਫੁੱਲਣ ਦੀ ਯੋਗਤਾ ਦੇ ਨਾਲ ਅਤੇ ਪ੍ਰੋਟੀਨ ਦੇ ਉੱਚ ਪੱਧਰ ਦੇ ਕਾਰਨ ਪੌਸ਼ਟਿਕ ਤੌਰ 'ਤੇ ਕਣਕ ਅਤੇ ਚੌਲਾਂ ਨਾਲੋਂ ਕਿਤੇ ਵੱਧ ਉੱਤਮ ਹਨ।

ਮਿੱਲਟਸ ਗਲੂਟਨ-ਮੁਕਤ ਹੁੰਦੇ ਹਨ ਅਤੇ ਉਨ੍ਹਾਂ ਦਾ ਗਲਾਈਸੈਮਿਕ ਪੱਧਰ ਘੱਟ ਹੁੰਦਾ ਹੈ, ਜੋ ਉਨ੍ਹਾਂ ਨੂੰ ਖੁਰਾਕ ਸਬੰਧੀ ਪਾਬੰਦੀਆਂ ਵਾਲੇ ਲੋਕਾਂ ਅਤੇ ਸ਼ੂਗਰ ਕਾਬੂ ਰੱਖਣ ਲਈ ਤਰੱਦਦ ਕਰਦੇ ਲੋਕਾਂ ਲਈ ਲਾਹੇਵੰਦ ਬਣਾਉਂਦੇ ਹਨ। ਇਸ ਕਰਕੇ ਇਨ੍ਹਾਂ ਦਾ ਉਤਪਾਦਨ ਕਿਸਾਨਾਂ ਲਈ ਆਰਥਿਕ ਤੌਰ 'ਤੇ ਹੋਰ ਵਧੇਰੇ ਫ਼ਾਇਦੇਮੰਦ ਹੋ ਸਕਦਾ ਹੈ। ਸਰਕਾਰ, ਵਿਦਿਅਕ ਸੰਸਥਾਵਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੁਆਰਾ ਕੀਤੇ ਗਏ ਯਤਨਾਂ ਸਦਕਾ ਮਿੱਲਟਸ ਦੇ ਉਤਪਾਦਨ ਵਿੱਚ ਹਾਲ ਹੀ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਦਾ ਮਿੱਲਟਸ ਨੂੰ ਭਵਿੱਖ ਲਈ ਇੱਕ ਭੋਜਨ ਵਿਕਲਪ ਬਣਾਉਣ 'ਤੇ ਜ਼ੋਰ ਦੇਣਾ, ਕਿਸਾਨ ਭਲਾਈ ਮੰਤਰਾਲੇ ਵੱਲੋਂ ਸੰਸਦ ਮੈਂਬਰਾਂ ਲਈ ਵਿਸ਼ੇਸ਼ ਤੌਰ 'ਤੇ ਮਿੱਲਟਸ ਦੇ ਖਾਣੇ ਦਾ ਪ੍ਰਬੰਧ ਕਰਨਾ, ਵਿਸਾਖੀ ਦੇ ਮੌਕੇ 'ਤੇ ਗੁਰਦੁਆਰਾ ਸਰਾਭਾ ਨਗਰ, ਲੁਧਿਆਣਾ ਵਿਖੇ ਸੰਗਤਾਂ ਲਈ ਮਿੱਲਟਸ ਦੇ ਫੂਡ ਸਟਾਲ ਲਗਾਉਣਾ, ਵਿਦਿਅਕ ਸੰਸਥਾਵਾਂ ਦੁਆਰਾ ਰੈਲੀਆਂ ਅਤੇ ਮਿੱਲਟਸ ਨਾਲ ਤਿਆਰ ਕੀਤੇ ਗਏ ਹੋਰ ਉਤਪਾਦਾਂ ਦੀ ਪ੍ਰਦਰਸ਼ਨੀ ਲਗਾਉਣਾ ਵੀ ਇਸ ਵਿਚਾਰ ਨੂੰ ਉਤਸ਼ਾਹਿਤ ਕਰਦੇ ਹਨ ਕਿ ਮਿੱਲਟਸ ਆਧੁਨਿਕ ਖੁਰਾਕਾਂ ਵਿੱਚ ਇੱਕ ਸੁਆਦੀ ਅਤੇ ਪੌਸ਼ਟਿਕ ਵਿਕਲਪ ਹੋ ਸਕਦਾ ਹੈ।

ਆਪਣੀ ਖੁਰਾਕ ਵਿੱਚ ਮਿੱਲਟਸ ਨੂੰ ਅਪਨਾ ਕੇ ਅਤੇ ਉਨ੍ਹਾਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ, ਅਸੀਂ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾ ਸਕਦੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਭੋਜਨ ਸੁਰੱਖਿਆ ਨੂੰ ਯਕੀਨੀ ਬਣਾ ਸਕਦੇ ਹਾਂ। ਇਹ ਆਧੁਨਿਕ ਕਮੀਆਂ ਤੇ ਲੋੜਾਂ ਨੂੰ ਪੂਰਾ ਕਰਨ ਵਾਲੀ ਪੁਰਾਤਨ ਸੂਝ-ਬੂਝ ਦਾ ਕਮਾਲ ਹੈ, ਜਿਸ ਦਾ ਪ੍ਰਭਾਵ ਚਿਰਕਾਲ ਤੱਕ ਕਾਇਮ ਰਹੇਗਾ ਤੇ ਮਨੁੱਖ ਨੂੰ ਖੁਸ਼ਹਾਲ ਸਿਹਤਯਾਬੀ ਨਾਲ ਜੀਣ-ਥੀਣ ਦਾ ਹੋਰ ਮੌਕਾ ਪ੍ਰਦਾਨ ਕਰੇਗਾ।

---

## ਜੁਗ ਜੁਗ ਜੀਓ... (2)

ਇਸਤੇਮਾਲ ਕਰਦੀਆਂ ਹਨ, ਇਹ ਸਸਤੀ ਹੈ। ਇੱਥੋਂ ਤੱਕ ਕਿ ਇਹ ਬੇਬੀ ਫੂਡ ਵਿੱਚ ਵੀ ਪਾ ਦਿੰਦੇ ਨੇ। ਇਸ ਕਰਕੇ ਕਈ ਬੱਚਿਆਂ ਨੂੰ ਲਿਵਰ ਦੀ ਬਿਮਾਰੀ ਯਾਨੀ ਕਿ ਫੈਟੀ ਲੀਵਰ ਹੋਣਾ ਸ਼ੁਰੂ ਹੋ ਗਿਆ, ਜੋ ਪੰਜ-ਛੇ ਸਾਲ ਤੋਂ ਪਹਿਲਾਂ ਕਿਸੇ ਨਹੀਂ ਸੀ ਦੇਖਿਆ। ਇਸ ਕਰਕੇ ਪੈਕੇਜ ਕੀਤੀ ਖੁਰਾਕ ਦੇ ਲੇਬਲ ਧਿਆਨ ਨਾਲ ਪੜ੍ਹ ਕੇ ਇਹ ਚੀਜ਼ਾਂ ਸੋਚ ਸਮਝ ਕੇ ਖਰੀਦੋ। ਕਈ ਖੁਰਾਕਾਂ ਵਿੱਚ ਸ਼ੂਗਰ ਵੱਖਰੇ ਵੱਖਰੇ ਨਾਂਵਾਂ ਨਾਲ ਪਾਈ ਜਾਂਦੀ ਏ, ਜਿਵੇਂ ਡੈਕਸਟਰੋਜ (dextrose), ਮਾਲਟੋਜ (moltose), ਫਰੱਕਟੋਜ (fructose), ਸੂਕਰੋਜ (sucrose), ਬਾਰਲੇ ਮਾਲਟ (barley malt) ਆਦਿ।

ਕਿਸੇ ਕਿਸੇ ਖੁਰਾਕ ਵਿੱਚ ਸ਼ੂਗਰ ਛੁਪੀ ਵੀ ਹੋ ਸਕਦੀ ਹੈ, ਜਿਵੇਂ ਕੈਚਪ, ਬਾਰਬੀਕਿਊ ਸੌਸ (barbeque sauce); ਇਨ੍ਹਾਂ ਵਿੱਚ ਇੱਕ ਟੇਬਲ ਸਪੂਨ ਵਿੱਚ ਇੱਕ ਟੀ-ਸਪੂਨ ਜਿੰਨੀ ਸ਼ੂਗਰ ਹੁੰਦੀ ਹੈ। ਇੱਕ ਗਲਾਸ ਜੂਸ ਜਾਂ ਇੱਕ ਕੇਨ ਸੋਡੇ ਵਿੱਚ 8-9 ਚਮਚ ਸ਼ੂਗਰ ਹੁੰਦੀ ਏ। ਇੱਕ ਸਰਵਿੰਗ ਮੀਡੀਅਮ ਚਿੱਟੇ ਚੌਲਾਂ ਵਿੱਚ 10 ਚਮਚ ਦੇ ਬਰਾਬਰ ਸ਼ੂਗਰ ਹੁੰਦੀ ਹੈ ਅਤੇ ਸੈਲਡ ਡਰੈਸਿੰਗਸ (salad dressings) ਵਗੈਰਾ ਵਿੱਚ ਕਾਫੀ ਮਿਕਦਾਰ ਵਿੱਚ ਸ਼ੂਗਰ ਹੋ ਸਕਦੀ ਹੈ। ਜਦੋਂ ਤੁਸੀਂ ਪੈਕੇਜ ਜਾਂ ਕੇਨ ਉੱਤੇ ਲੇਬਲ ਪੜ੍ਹਦੇ ਹੋ ਤਾਂ ਕੁੱਲ ਕਾਰਬੋਹਾਈਡਰੇਟ ਵਿੱਚੋਂ ਫਾਈਬਰ ਕੱਢ ਦਿਓ ਤੇ ਬਾਕੀ ਨੰਬਰ ਸ਼ੂਗਰ ਹੁੰਦੀ ਹੈ, ਤੁਹਾਡੇ ਸਰੀਰ ਵਿੱਚ ਜਾਣ ਵਾਲੀ। ਖੁਰਾਕ, ਜਿਸ ਵਿੱਚ ਟਰਾਂਸ ਫੈਟ ਹੁੰਦੀ ਹੈ, ਉਸ ਦਾ ਇਸਤੇਮਾਲ ਤਾਂ ਬਿਲਕੁਲ ਹੀ ਨਾ ਕਰੋ, ਜਿਵੇਂ ਕਰਿਸਕੋ ਅਤੇ ਮਾਰਜਰੀਨ (margerine)

ਪ੍ਰੀਤ, ਕਈ ਸਬਜ਼ੀਆਂ ਕੱਚੀਆਂ ਵੀ ਖਾਧੀਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਕੱਚਿਆਂ ਖਾਣ ਨਾਲ ਸਰੀਰ ਨੂੰ ਬਹੁਤ ਫਾਇਦਾ ਹੁੰਦੈ, ਕਿਉਂਕਿ ਕਈ ਵਿਟਾਮਨ ਕੁੱਕ ਕਰਨ ਨਾਲ ਖਤਮ ਹੋ ਜਾਂਦੇ ਹਨ, ਜਿਵੇਂ ਗਾਜਰਾਂ, ਪਾਲ਼ਕ, ਸ਼ਲਗਮ, ਬੀਟਸ ਅਤੇ ਬਰੌਕਲੀ। ਇਨ੍ਹਾਂ ਨੂੰ ਕੱਟ ਕੇ ਇਨ੍ਹਾਂ ਉੱਤੇ ਜੇ ਥੋੜ੍ਹਾ ਜਿਹਾ ਐਕਸਟਰਾ ਵਰਜਿਨ ਔਲਿਵ ਆਇਲ (extra virgin olive oil) ਪਾ ਲਵੋ ਤਾਂ (ਫੈਟ ਸੌਲੂਬਲ) ਤੇਲ ਵਿੱਚ ਘੁਲਣ ਵਾਲੇ ਵਿਟਾਮਿਨ ਜ਼ਿਆਦਾਤਰ ਏ, ਈ, ਡੀ ਅਤੇ ਕੇ ਵੀ ਹਜ਼ਮ ਹੋ ਕੇ ਸਰੀਰ ਵਿੱਚ ਜਾ ਸਕਦੇ ਨੇ। ਤੇਲ ਤੁਸੀਂ ਕੋਲਡ ਪਰੈਸਡ (cold pressed) ਚੰਗੀ ਕੁਆਲਿਟੀ ਦਾ, ਲੇਵਲ ਪੜ੍ਹ ਕੇ ਹੀ ਖਰੀਦੋ। ਕਈ ਵਾਰੀ ਔਲਿਵ ਆਇਲ ਵਿੱਚ ਹੋਰ ਹਾਨੀਕਾਰਕ ਤੇਲ ਮਿਲਾਏ ਹੁੰਦੇ ਹਨ ਉਸ ਨੂੰ ਸਸਤਾ ਬਣਾਉਣ ਲਈ, ਉਹ ਬਿਲਕੁਲ ਨਾ ਇਸਤੇਮਾਲ ਕਰੋ।

ਪ੍ਰੀਤ, ਕਈ ਚੀਜ਼ਾਂ ਕੱਚੀਆਂ ਨਹੀਂ ਖਾਣੀਆਂ ਚਾਹੀਦੀਆਂ ਜਿਵੇਂ ਕੱਚੇ ਆਲੂ, ਲਾਲ ਕਿਡਨੀ ਬੀਨਜ਼, ਲੀਮਾਂ ਬੀਨਜ਼ ਅਤੇ ਐਪਲ ਸੀਡਜ਼; ਟੌਕਸਕ ਨੇ।

"ਦੀਦੀ, ਤੁਸੀਂ ਕਿਹਾ ਫਲਾਂ ਵਿੱਚ ਵੀ ਫਰੱਕਟੋਜ ਹੁੰਦੀ ਹੈ ਅਤੇ ਇਹ ਆਪਣੇ ਲਈ ਅੱਛੀ ਨਹੀਂ।"

"ਨਹੀਂ ਪ੍ਰੀਤ, ਫਲ ਖਾਣੇ ਚਾਹੀਦੇ ਹਨ, ਇਹ ਸਿਹਤ ਲਈ ਬਹੁਤ ਚੰਗੇ ਨੇ, ਪਰ ਹਿਸਾਬ ਨਾਲ ਖਾਓ (in moderation) ਅਤੇ ਜੂਸ ਨਹੀਂ, ਪੂਰਾ ਫਲ ਖਾਓ। ਉਸ ਵਿੱਚ ਜੋ ਫਾਈਬਰ ਹੁੰਦੀ ਹੈ, ਉਸ ਨਾਲ ਫਲ ਦੀ ਸ਼ੂਗਰ ਹੌਲੀ ਹੌਲੀ ਸਰੀਰ ਵਿੱਚ ਜਾਂਦੀ ਹੈ ਅਤੇ ਇਸ ਕਰਕੇ ਸ਼ੂਗਰ ਅਤੇ ਇਨਸੂਲਿਨ ਸਪਾਈਕ (insulin Spike) ਘੱਟ ਹੀ ਹੁੰਦੀ ਏ।"

"ਅੱਛਾ ਜੀ, ਆ ਗਈ ਸਮਝ।"

"ਪ੍ਰੀਤ, ਤੇਰੇ ਲਈ ਅੱਜ ਇੰਨਾ ਹੀ ਕਾਫੀ ਹੈ। ਹੋਰ ਜ਼ਿਆਦਾ ਸੁਣ ਕੇ ਕਿਤੇ ਬਦਹਜ਼ਮੀ ਨਾ ਹੋ ਜਾਵੇ।"

"ਦੀਦੀ, ਜਲਦੀ ਮੁੜ ਆਇਆ ਕਰੋ, ਮੇਰਾ ਬਹੁਤ ਦਿਲ ਲੱਗਦਾ ਏ ਤੁਹਾਡੀਆਂ ਗੱਲਾਂ ਸੁਣ ਕੇ ਅਤੇ ਬਹੁਤ ਨਵੀਂ ਜਾਣਕਾਰੀ ਵੀ ਮਿਲਦੀ ਏ।"

"ਹਾਂ ਬਈ, ਸਾਡੀ ਪ੍ਰੀਤ ਤਾਂ ਬਹੁਤ ਸਿਆਣੀ ਹੋ ਚੱਲੀ। ...ਅੱਛਾ ਪ੍ਰੀਤ, ਮੈਂ ਹੁਣ ਚਲਦੀ ਆਂ। ਅਗਲੀ ਵਾਰ ਤੱਕ ਧਿਆਨ ਰੱਖੀਂ, ਆਪਣਾ ਗੋਲ (ਟੀਚਾ) ਨਾ ਭੁੱਲੀਂ। ਦੇਖਦੇ ਆਂ ਕਿੰਨਾ ਭਾਰ ਘਟਾ ਸਕਦੀ ਐਂ ਤੂੰ। ਗੁੱਡ ਲੱਕ!"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਹਰਿਮੰਦਰ ਸਾਹਿਬ 'ਤੇ ਹੁੰਦੇ ਰਹੇ ਹਮਲਿਆਂ ਦੀ ਦਾਸਤਾਨ

## ਸਾਡਾ ਇਤਿਹਾਸ



**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**



ਸਿੱਖਾਂ ਦਾ ਧਾਰਮਿਕ ਤੇ ਰਾਜਸੀ ਪੱਖ ਤੋਂ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੱਠੇ ਪਹਿਰ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਹੋਣ ਕਰਕੇ ਸਿੱਖ ਕੌਮ ਦਾ ਸ਼੍ਰੋਮਣੀ ਸਰਵਉੱਚ ਧਾਰਮਿਕ ਅਸਥਾਨ ਹੈ। ਸਿੱਖਾਂ ਨੇ ਇਸ ਤੋਂ ਸ਼ਕਤੀ ਊਰਜਾ ਤੇ ਪ੍ਰੇਰਨਾ ਲੈ ਕੇ ਹਮੇਸ਼ਾ ਦੁਸ਼ਮਣ ਸ਼ਕਤੀਆਂ ਦਾ ਟਾਕਰਾ ਕੀਤਾ ਹੈ। ਹਮਲਾਵਰਾਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਸਮੇਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਨੂੰ ਨੇਸਤੋਨਬੂਦ ਕਰਨ ਦੇ ਕੋਝੇ ਯਤਨ ਕੀਤੇ, ਪਰ ਸਿੱਖਾਂ ਨੇ ਦੂਣ ਸਵਾਏ ਹੋ ਕੇ ਇਸ ਦੀ ਆਭਾ ਨੂੰ ਹੋਰ ਲਿਸ਼ਕਾਇਆ ਹੈ। ਹਰਿਮੰਦਰ ਦੀ ਆਭਾ ਤੇ ਸੋਭਾ ਦੁਨਿਆਵੀ ਸ਼ਬਦਾਂ ਦੇ ਕਲਾਵੇ ਵਿੱਚ ਨਹੀਂ ਸਮਾਅ ਸਕਦੇ। ਇਸ ਦੀ ਖੇਡ ਨਿਰਾਲੀ, ਅਪਰੰਪਾਰ ਤੇ ਵੱਡ ਪ੍ਰਤਾਪੀ ਹੈ। ਇਹ ਸੁਭਾਗੀ ਭੂਮੀ 'ਤੇ ਜਿੱਥੇ ਦਸ ਵਿੱਚੋਂ ਅੱਠ ਸਿੱਖ ਗੁਰੂ ਸਾਹਿਬਾਨ ਦੇ ਚਰਨ ਪਏ ਹਨ, ਆਦਿ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਹੋਇਆ ਹੈ।

**ਲਖਪਤ ਰਾਇ ਵੱਲੋਂ ਹਮਲਾ:** "ਬਿਜੈ ਖਾਂ ਸੂਬਾ ਲਾਹੌਰ ਦੇ ਸਮੇਂ ਦੀਵਾਨ ਲਖਪਤ ਰਾਇ ਨੇ ਸਿੰਘਾਂ ਵੱਲੋਂ ਆਪਣੇ ਭਰਾ ਜਸਪਤ ਨੂੰ ਮਾਰ ਦੇਣ 'ਤੇ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦਾ ਪ੍ਰਣ ਕਰ ਲਿਆ, ਜਿਸ ਦੇ ਫਲਸਰੂਪ ਸਿੰਘਾਂ ਉੱਪਰ ਬਿਪਤਾ ਦੇ ਪਹਾੜ ਟੁੱਟ ਪਏ। 1751 ਈਸਵੀ ਦੇ ਆਰੰਭ ਵਿੱਚ ਲਖਪਤ ਰਾਇ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਸਿੱਖਾਂ ਦੇ ਦਾਖਲੇ ਉੱਪਰ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ, ਪਰ ਥੋੜ੍ਹੇ ਹੀ ਸਮੇਂ ਬਾਅਦ ਖਾਲਸਾ ਦਲ ਦੀਆਂ ਅਕਾਲੀ ਫੌਜਾਂ ਨੇ ਤੁਰਕਾਂ ਦੀਆਂ ਫੌਜਾਂ ਨੂੰ ਕਰਾਰੀ ਹਾਰ ਦੇ ਕੇ ਸ਼ਹਿਰ ਉੱਪਰ ਆਪਣਾ ਕਬਜ਼ਾ ਕਰ ਲਿਆ। ਸਭ ਤੋਂ ਪਹਿਲਾਂ ਸਰੋਵਰ ਵਿੱਚ ਭਰੀ ਮਿੱਟੀ ਨੂੰ 'ਕਾਰ-ਸੇਵਾ' ਰਾਹੀਂ ਦਲ ਖਾਲਸਾ ਦੀਆਂ ਅਕਾਲੀ ਸਿੰਘਾਂ ਦੀਆਂ ਫੌਜਾਂ ਤੇ ਸ਼ਹਿਰ ਅਤੇ ਦੂਰ-ਦੁਰਾਡੇ ਤੋਂ ਸੇਵਾ ਤੇ ਦਰਸ਼ਨਾਂ ਹਿਤ ਪੁੱਜੀਆਂ ਸੰਗਤਾਂ ਨੇ ਬੜੀ ਸ਼ਰਧਾ, ਪ੍ਰੇਮ ਭਾਵਨਾ ਤੇ ਸਿਦਕ ਨਾਲ ਬਾਹਰ ਕੱਢਿਆ। ਸਰੋਵਰ ਦੀ ਚਾਰ ਚੁਫੇਰਿਉਂ ਚੰਗੀ ਤਰ੍ਹਾਂ ਸਫਾਈ ਕੀਤੀ ਗਈ। ਬਾਅਦ ਵਿੱਚ ਹਰਟਾਂ ਵਾਲੇ ਖੂਹਾਂ ਤੋਂ ਸਾਫ, ਸਵੱਛ ਤੇ ਨਿਰਮਲ ਜਲ, ਸਰੋਵਰ ਵਿੱਚ ਪਾਇਆ ਗਿਆ।" (ਗਿਆਨੀ ਗਿਆਨ ਸਿੰਘ, ਸ਼ਮਸ਼ੇਰ ਖਾਲਸਾ ਛਾਪਾ ਪੱਥਰ, ਪੰਨਾ 112 'ਤੇ ਲਿਖਦੇ ਹਨ)

**ਮੀਰ ਮੰਨੂ ਵੱਲੋਂ ਹਮਲਾ:** ਮਾਰਚ 1752 ਈ: ਵਿੱਚ ਅਹਿਮਦ ਸ਼ਾਹ ਦੇ ਚੌਥੇ ਹੱਲੇ ਸਮੇਂ ਹੋਏ ਜੰਗ ਵਿੱਚ ਕੌੜਾ ਮੱਲ ਮਾਰਿਆ ਗਿਆ। ਮੀਰ ਮੰਨੂ ਨੇ ਸਿੰਘਾਂ ਉੱਪਰ ਜੋ ਜ਼ੁਲਮ ਕੀਤੇ, ਉਹ ਬਿਆਨ ਤੋਂ ਬਾਹਰ ਹਨ। ਜੋ ਸਿੰਘ ਮਿਲਿਆ ਕਤਲ ਕਰ ਦਿੱਤਾ। ਮਾਈਆਂ ਬੀਬੀਆਂ ਨੂੰ ਜੇਲ੍ਹਾਂ ਵਿੱਚ ਪਾ ਦਿੱਤਾ ਤੇ ਉਨ੍ਹਾਂ ਤੋਂ ਸਵਾ-ਸਵਾ ਮਣ ਪੀਸਣੇ ਪਿਸਾਏ, ਉਨ੍ਹਾਂ ਨੇ ਖੰਨੀ-ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ। ਜ਼ਾਲਮਾਂ ਨੇ ਉਨ੍ਹਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰ ਕੇ ਉਨ੍ਹਾਂ ਦੀਆਂ ਝੋਲੀਆਂ 'ਚ ਪਾਏ, ਪਰ ਉਨ੍ਹਾਂ ਸਿੰਘਣੀਆਂ ਨੇ ਸਿਦਕ ਨਾ ਹਾਰਿਆ ਤੇ ਆਪਣੇ ਧਰਮ 'ਚ ਪੱਕੀਆਂ ਰਹੀਆਂ। ਉਦੋਂ ਦੀ ਇਹ ਕਹਾਵਤ ਮਸ਼ਹੂਰ ਹੈ: ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।


1753 ਈ: ਦੇ ਆਰੰਭ 'ਚ ਸਿੱਖਾਂ ਦਾ ਬੀਜ ਨਾਸ਼ ਕਰਨ ਦੇ ਮਨੋਰਥ ਨਾਲ ਸੂਬਾ ਲਾਹੌਰ ਮੀਰ ਮੰਨੂ ਨੇ ਸਿੱਖੀ ਦਾ ਸੋਮਾ ਸੁਕਾਉਣ ਲਈ ਸ੍ਰੀ ਅੰਮ੍ਰਿਤਸਰ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਤੇ ਅੰਮ੍ਰਿਤਸਰ ਸ਼ਹਿਰ ਅੰਦਰ ਸਿੰਘਾਂ ਦੇ ਦਾਖਲੇ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ। ਜਵਾਬ ਵਜੋਂ ਸਿੰਘਾਂ ਨੇ ਇਕੱਠੇ ਹੋ ਕੇ ਅਜਿਹਾ ਜ਼ਬਰਦਸਤ ਹਮਲਾ ਕੀਤਾ ਕਿ ਤੁਰਕੀ ਫ਼ੌਜ ਅੰਮ੍ਰਿਤਸਰ ਛੱਡ ਕੇ ਲਾਹੌਰ ਜਾ ਵੜੀ। ਸਿੰਘਾਂ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਰੰਭ ਕੀਤੀ। ਪਕੜੇ ਹੋਏ ਮੁਸਲਮਾਨਾਂ ਪਾਸੋਂ ਉਨ੍ਹਾਂ ਦੇ ਹੀ ਹੱਥਾਂ ਨਾਲ ਸਰੋਵਰ ਦੀ ਸਫਾਈ ਕਰਵਾਈ, ਜਿਨ੍ਹਾਂ ਹੱਥਾਂ ਨਾਲ ਉਨ੍ਹਾਂ ਨੇ ਸਰੋਵਰ ਨੂੰ ਮਿੱਟੀ ਨਾਲ ਪੂਰ ਕੇ ਬੇ-ਅਦਬੀ ਕੀਤੀ ਸੀ। ਇਸ ਸਮੇਂ ਸੰਗਤਾਂ ਅਤੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਨੇ ਵੀ ਭਾਰੀ ਗਿਣਤੀ ਵਿੱਚ ਸ਼ਾਮਲ ਹੋ ਕੇ ਪਾਵਨ ਸਰੋਵਰ ਦੀ ਕਾਰ-ਸੇਵਾ ਨੂੰ ਬੜੇ ਸਿਦਕ, ਸ਼ਰਧਾ ਤੇ ਪ੍ਰੇਮ ਨਾਲ ਸਿਰੇ ਚੜ੍ਹਾਅ ਕੇ ਸਰੋਵਰ ਨੂੰ ਸਵੱਛ ਜਲ ਨਾਲ ਭਰਿਆ ਅਤੇ ਖੁਲ੍ਹੇ ਦਰਸ਼ਨ-ਇਸ਼ਨਾਨ ਕਰ ਕੇ ਜਨਮ ਸਫਲਾ ਕੀਤਾ। (ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ, ਪੰਨਾ 93)

**ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ:** ਅਹਿਮਦ ਸ਼ਾਹ ਦੁਰਾਨੀ ਸੰਮਤ 1814 ਬਿ: (28 ਜਨਵਰੀ 1757 ਈ:) ਨੂੰ ਲੁੱਟਣ ਦੇ ਖਿਆਲ ਨਾਲ ਦਿੱਲੀ ਦਾਖਲ ਹੋਇਆ। ਜਿਹੜਾ ਲੁੱਟ ਦਾ ਮਾਲ ਇਕੱਠਾ ਕਰ ਕੇ ਕਾਬਲ ਨੂੰ ਭੇਜਿਆ, ਉਸ ਨੂੰ ਅੰਬਾਲੇ ਤੇ ਸਮਾਣੇ ਦੇ ਵਿਚਕਾਰ ਆਲਾ ਸਿੰਘ ਪਟਿਆਲਾ ਨੇ ਖੋਹ ਲਿਆ। ਬਾਕੀ ਬਚਦਾ ਮਾਲ ਸਿੰਘਾਂ ਨੇ ਦੁਆਬੇ ਤੇ ਮਾਝੇ ਦੇ ਇਲਾਕਿਆਂ ਵਿੱਚ ਲੁੱਟ ਲਿਆ। ਅਹਿਮਦ ਸ਼ਾਹ ਆਪ 2 ਅਪ੍ਰੈਲ 1757 ਈ: ਨੂੰ ਦਿੱਲੀ ਤੋਂ ਚੱਲਿਆ, ਜਦ ਪੰਜਾਬ ਆਇਆ ਤਾਂ ਸਿੰਘਾਂ ਉੱਪਰ ਖਿੱਝ ਕੇ ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬੇ-ਅਦਬੀ ਕੀਤੀ। ਇਸ ਬੇ-ਅਦਬੀ ਨੂੰ ਦੂਰ ਕਰਾਉਣ ਲਈ ਮਾਲਵੇ ਤੋਂ ਬਾਬਾ ਦੀਪ ਸਿੰਘ ਜੀ ਸਮੇਤ ਬਹੁਤ ਸਾਰੇ ਸਿੰਘ ਦੀਵਾਲੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਤੈਮੂਰ ਸ਼ਾਹ ਸੂਬਾ ਲਾਹੌਰ ਨੇ ਜਹਾਨ ਖਾਨ ਨੂੰ ਫੌਜ ਦੇ ਕੇ ਅੰਮ੍ਰਿਤਸਰ ਭੇਜਿਆ। ਨਵੰਬਰ 1757 ਈ: ਵਿੱਚ ਬਹੁਤ ਭਾਰੀ ਜੰਗ ਹੋਇਆ, ਜਿਸ ਵਿੱਚ ਬਾਬਾ ਦੀਪ ਸਿੰਘ ਜੀ ਬਹੁਤ ਸਾਰੇ ਸਿੰਘਾਂ ਸਮੇਤ ਸ਼ਹੀਦ ਹੋ ਗਏ। ਜਹਾਨ ਖਾਨ ਨੇ ਸ਼ਹਿਰ 'ਤੇ ਕਬਜ਼ਾ ਕਰ ਕੇ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਢਾਹ ਦਿੱਤੀਆਂ। ਅੰਮ੍ਰਿਤ-ਸਰੋਵਰ ਦੀ ਬੇ-ਅਦਬੀ ਕੀਤੀ ਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ।

ਸਿੰਘਾਂ ਨੇ ਛੇਤੀ ਹੀ ਮੁੜ ਇਕੱਠੇ ਹੋ ਕੇ ਅੰਮ੍ਰਿਤਸਰ ਸ਼ਹਿਰ ਉੱਪਰ ਕਬਜ਼ਾ ਕਰ ਲਿਆ ਤੇ ਹਮਲਾ ਕਰ ਕੇ ਤੈਮੂਰ ਸ਼ਾਹ ਤੇ ਜਹਾਨ ਖਾਨ ਨੂੰ ਲਾਹੌਰੋਂ ਭੱਜਾ ਦਿੱਤਾ। 19 ਅਪ੍ਰੈਲ 1858 ਈ: ਨੂੰ ਏਮਨਾਬਾਦ ਝਨਾ ਨਦੀ ਦੇ ਕੰਢੇ ਸਿੰਘਾਂ ਨੇ ਦੁਰਾਨੀਆਂ ਦੀ ਫ਼ੌਜ ਨੂੰ ਹਾਰ ਦੇ ਕੇ ਕੁਝ ਪਠਾਣ ਫ਼ੌਜੀਆਂ ਨੂੰ ਕੈਦੀ ਬਣਾ ਲਿਆ ਤੇ ਉਨ੍ਹਾਂ ਨੂੰ ਨਾਲ ਲੈ ਕੇ ਖਾਲਸਾਈ ਫੌਜਾਂ ਅੰਮ੍ਰਿਤਸਰ ਆ ਗਏ। ਸਰੋਵਰ ਦੀ ਜਿਤਨੀ ਬੇ-ਅਦਬੀ ਅਹਿਮਦ ਸ਼ਾਹ, ਤੈਮੂਰ ਸ਼ਾਹ ਤੇ ਜਹਾਨ ਖਾਨ ਨੇ ਕੀਤੀ ਸੀ, ਉਤਨੀ ਹੀ ਟਹਿਲ ਸੇਵਾ ਇਨ੍ਹਾਂ ਦੁਰਾਨੀ ਪਠਾਣਾਂ ਪਾਸੋਂ ਕਰਵਾਈ। ਬੁੱਢਾ ਦਲ, ਗੁਰੂ ਕੀਆਂ ਸਿੱਖ ਸੰਗਤਾਂ ਨੇ ਕਾਰ-ਸੇਵਾ ਵਿੱਚ ਪੂਰੀ ਸਰਧਾ ਭਾਵਨਾ ਨਾਲ ਆਪਣਾ ਪੂਰਾ ਯੋਗਦਾਨ ਪਾਇਆ। ਪੂਰੀ ਸਫਾਈ ਤੋਂ ਬਾਅਦ ਟੁੱਟ-ਭੱਜ ਦੀ ਮੁਰੰਮਤ ਕਰ ਕੇ ਬਾਅਦ ਵਿੱਚ ਸਾਫ ਸਵੱਛ ਅੰਮ੍ਰਿਤ ਜਲ ਭਰ ਕੇ ਖੁੱਲ੍ਹੇ ਇਸ਼ਨਾਨ ਕੀਤੇ।" (ਹਰੀ ਰਾਮ ਗੁਪਤਾ, ਹਿਸਟਰੀ ਆਫ ਦੀ ਸਿਖਸ)

**ਅਹਿਮਦ ਸ਼ਾਹ ਦੁਰਾਨੀ ਦਾ 8ਵਾਂ ਹਮਲਾ:** 1819 ਬਿ: ਵਿੱਚ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ ਉੱਪਰ ਆਪਣਾ ਅੱਠਵਾਂ ਹੱਲਾ ਕੀਤਾ। 5 ਫਰਵਰੀ ਸੰਨ 1762 ਈਸਵੀ ਨੂੰ ਮਾਲਵੇ ਵਿੱਚ ਕੁੱਪ ਰਹੀੜੇ ਦੇ ਮੈਦਾਨ ਵਿੱਚ ਸਿੰਘਾਂ ਨਾਲ ਵੱਡਾ ਘਲੂਘਾਰਾ ਹੋਇਆ, ਜਿਸ ਵਿੱਚ ਇੱਕੋ ਦਿਨ 30 ਹਜ਼ਾਰ ਸਿੰਘ ਸ਼ਹੀਦ ਹੋਇਆ। ਵਾਪਸ ਮੁੜਦਿਆਂ ਲਾਹੌਰ ਨੂੰ ਜਾਂਦਿਆਂ ਸਿੰਘਾਂ ਉੱਪਰ ਖਿਝੇ ਹੋਏ ਅਹਿਮਦ ਸ਼ਾਹ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਪਵਿੱਤਰ ਸਰੋਵਰ ਮਿੱਟੀ ਨਾਲ ਭਰਵਾ ਦਿੱਤਾ। 1819 ਬਿ: (10 ਅਪ੍ਰੈਲ 1762 ਈ:) ਨੂੰ ਅੰਦਰ ਬਾਰੂਦ ਦੇ ਕੁੱਪੇ ਰਖਵਾ ਕੇ ਤੇ ਅੱਗ ਲਗਵਾ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਉੱਡਵਾ ਦਿੱਤਾ। ਇਸ ਸਮੇਂ ਇੱਕ ਇੱਟ ਉੱਡ ਕੇ ਅਹਿਮਦ ਸ਼ਾਹ ਦੇ ਨੱਕ 'ਤੇ ਜਾ ਵੱਜੀ, ਜੋ ਉਸ ਲਈ ਜਾਨ-ਲੇਵਾ ਸਾਬਤ ਹੋਈ। ਫਿਰ ਥੋੜ੍ਹੇ ਹੀ ਸਮੇਂ ਬਾਅਦ ਸਿੰਘਾਂ ਨੇ ਇੱਕਠੇ ਹੋ ਕੇ ਅੰਮ੍ਰਿਤਸਰ ਸ਼ਹਿਰ ਉੱਪਰ ਕਬਜਾ ਕਰ ਲਿਆ। ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਪ ਕੀਤੀ ਤੇ ਸੰਗਤਾਂ ਪਾਸੋਂ ਕਰਵਾਈ।

ਡਾ. ਸਰੂਪ ਸਿੰਘ 'ਸ੍ਰੀ ਹਰਿਮੰਦਰ ਸਾਹਿਬ ਦਰਸ਼ਨ' ਵਿੱਚ ਲਿਖਦੇ ਹਨ, "ਹਰ ਸਿੱਖ ਇਸ ਅਸਥਾਨ ਦੇ ਦਰਸ਼ਨ ਦੀਦਾਰਿਆਂ ਅਤੇ ਇਸ਼ਨਾਨ ਲਈ ਨਿੱਤ ਅਰਦਾਸਾਂ ਕਰਦਾ ਰਹਿੰਦਾ ਹੈ ਅਤੇ ਆਪਣੀ ਜਾਨ ਹੂਲ ਕੇ ਵੀ ਇਸ ਸਰੋਵਰ ਵਿੱਚ ਇਸ਼ਨਾਨ ਕਰਨ ਵਿੱਚ ਪਰਮਾਤਮਾ ਦੀ ਮਿਹਰ ਸਮਝਦਾ ਹੈ। ਉਹ ਤਾਂ ਹਰਿਮੰਦਰ ਸਰੋਵਰ ਵਿੱਚ ਇਵੇਂ ਇਸ਼ਨਾਨ ਕਰਨ ਆਉਂਦਾ ਹੈ, ਜਿਵੇਂ ਪਰਵਾਨਾ ਆਪਣੇ ਇਸ਼ਟ, ਸਮਾਂ ਤੇ ਕੁਰਬਾਨ ਹੋਣ ਹਿਤ ਚਾਈਂ ਚਾਈਂ ਆਉਂਦਾ ਹੈ। ਇਹ ਗੱਲ ਮੁਗ਼ਲ ਹਾਕਮਾਂ ਨੂੰ ਜਦੋਂ ਸਮਝ ਆਈ ਤਾਂ ਉਨ੍ਹਾਂ ਨੇ ਸਿੱਖਾਂ ਦੇ ਦਰਬਾਰ ਸਾਹਿਬ ਵਿੱਚ ਪ੍ਰਵੇਸ਼ ਨੂੰ ਰੋਕਣ ਲਈ ਸਖਤ ਪਹਿਰ ਬਣਾ ਦਿੱਤੇ। ਜਿੱਥੇ ਕਿਧਰੋਂ ਸਿੱਖ ਮਿਲਦਾ, ਬਿਨਾ ਕਸੂਰ ਕਰਨ ਦੇ ਵੀ ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ। ਸਿੱਖ ਹੋਣਾ ਹੀ ਉਸ ਦਾ ਸਭ ਤੋਂ ਵੱਡਾ ਕਸੂਰ ਹੋ ਗਿਆ। ਉਹ ਸਿੱਖਾਂ ਦੇ ਨਾਲ ਇਨ੍ਹਾਂ ਦੀ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅੰਮ੍ਰਿਤਮਈ ਤਲਾਬ (ਸਰੋਵਰ ਸਾਹਿਬ) ਦੇ ਵੀ ਦੁਸ਼ਮਣ ਹੋ ਗਏ। ਪਰ ਸਮੇਂ ਸਮੇਂ ਸਖ਼ਤੀਆਂ ਤੇ ਅੱਤਿਆਚਾਰਾਂ ਦੇ ਬਾਵਜੂਦ ਸਿੱਖ ਆਪਣੇ ਇਸ ਗੁਰਧਾਮ ਨਾਲ ਆਪਣਾ ਅਟੁੱਟ ਰਿਸ਼ਤਾ ਬਣਾਈ ਰੱਖਣ ਵਿੱਚ ਸਫਲ ਰਹੇ। ਜੇ ਅਬਦਾਲੀ ਨੇ ਸਿੱਖਾਂ ਨੂੰ ਨਿਰਬਲ ਤੇ ਕਮਜ਼ੋਰ ਕਰਨ ਲਈ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ, ਸਰੋਵਰ ਨੂੰ ਪੂਰ ਦਿੱਤਾ ਤਾਂ ਵੀ ਉਹ ਸਿੱਖਾਂ ਦਾ ਮਨੋਬਲ ਗੇਰਨ ਵਿੱਚ ਸਫਲ ਨਾ ਹੋ ਸਕਿਆ। 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ' ਦੀ ਭਾਵਨਾ 'ਤੇ ਆਧਾਰਤ ਜੀਵਨ ਬਤੀਤ ਕਰਦਿਆਂ ਆਪਣੀਆਂ ਵਡਮੁੱਲੀਆਂ ਪਰੰਪਰਾਵਾਂ ਦੀ ਸ਼ੋਭਾ ਵਧਾਉਂਦਿਆਂ ਸਿੱਖਾਂ ਨੇ ਉਸ ਨੂੰ ਚੈਨ ਨਾਲ ਇੱਕ ਪਲ ਵੀ ਨਹੀਂ ਰਹਿਣ ਦਿੱਤਾ। ਉਸ ਨੂੰ ਵਾਪਸ ਕਾਬਲ ਜਾਂਦਿਆਂ ਕਰਾਰੀ ਹਾਰ ਦਿੱਤੀ। ਉਸ ਦਾ ਲੜਕਾ ਜੰਗ ਵਿੱਚ ਮਾਰਿਆ ਗਿਆ। ਅਬਦਾਲੀ ਨੇ ਸੂਕਦੇ ਝਨਾ ਦਰਿਆ ਵਿੱਚ ਛਾਲ ਮਾਰ ਕੇ ਆਪਣੀ ਜਾਨ ਬਚਾਈ। ਹਰਿਮੰਦਰ ਵੱਲ ਮਾੜੀ ਅੱਖ ਰੱਖਣ ਵਾਲਾ ਜਰਵਾਣਾ ਅਹਿਮਦ ਸ਼ਾਹ ਅਬਦਾਲੀ ਆਪਣਾ ਬਾਦਸ਼ਾਹੀ ਜਲੌਅ ਗਵਾ ਬੈਠਾ। ਸਿੱਖਾਂ ਨੇ ਉਸ ਦੇ ਪੈਰਾਂ ਥੱਲੇ ਧਮੂਚੇ ਡਾਹੀ ਰੱਖੇ, ਉਸ ਨੂੰ ਇੰਨਾ ਡਰਾਇਆ ਕਿ ਉਹ ਮੁੜ ਭਾਰਤ 'ਤੇ ਹਮਲਾ ਕਰਨ ਜੋਗਾ ਨਾ ਰਿਹਾ। ਭਾਰਤ ਵੱਲ ਲਲਚਾਈਆਂ ਅੱਖਾਂ ਨਾਲ ਵੇਖਦਾ ਵੇਖਦਾ ਹੀ ਉਹ 1772 ਈ. ਵਿੱਚ ਮਰ ਗਿਆ। ਸਿੱਖ ਸੂਰਮਿਆਂ ਨੇ ਹਰਿਮੰਦਰ ਸਾਹਿਬ ਤੋਂ ਪ੍ਰੇਰਨਾ ਲੈ ਕੇ ਇਸ ਜਰਵਾਣੇ ਨੂੰ ਉਹ ਚਣੇ ਚਬਾਏ ਕਿ ਉਸ ਦੇ ਸਾਰੇ ਮਨਸੂਬੇ ਖਾਕ ਵਿੱਚ ਮਿਲ ਗਏ ਤੇ ਖਾਲਸੇ ਦੇ ਸ਼ਾਨ ਰੂਪੀ ਨਿਸ਼ਾਨ ਸਾਹਿਬ, ਅਬਦਾਲੀ ਦੇ ਘਰ ਤਕ 'ਤੇ ਝੂਲਣ ਲੱਗ ਪਏ। ਇਵੇਂ ਹਰਿਮੰਦਰ (ਸਾਹਿਬ) ਨੂੰ ਢਾਹੁਣ ਵਾਲਾ ਖੁਦ ਢਹਿ ਢੇਰੀ ਹੋ ਗਿਆ, ਪਰ ਹਰਿਮੰਦਰ ਤਾਂ ਅੱਜ ਵੀ ਜੀਵਤ ਹੈ, ਸੁਜਿੰਦ ਹੈ ਤੇ ਕਿਆਮਤ ਤੱਕ ਇਵੇਂ ਹੀ ਰਹੇਗਾ।"




1821 ਬਿਕ੍ਰਮੀ ਦੀ ਦੀਵਾਲੀ (17 ਅਕਤੂਬਰ 1764 ਈਸਵੀ) ਨੂੰ 60 ਹਜ਼ਾਰ ਸਿੰਘ ਅੰਮ੍ਰਿਤਸਰ ਇਕੱਠਾ ਹੋ ਗਿਆ। ਪੰਥ ਦੇ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਉਸਾਰੀ ਦਾ ਨੀਂਹ ਪੱਥਰ ਰਖਵਾਇਆ। ਭਾਈ ਦੇਸ ਰਾਜ ਸੁਰ ਸਿੰਘ ਵਾਲੇ ਨੂੰ ਇਸ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਨੂੰ ਨਵੇਂ ਸਿਰਿਉਂ ਦੋਬਾਰਾ ਤਿਆਰ ਕਰਨ ਲਈ ਸਾਰੇ ਖਜ਼ਾਨੇ ਦਾ ਮੋਦੀ ਬਣਾਇਆ ਗਿਆ। (ਪ੍ਰਸਿੱਧ ਇਤਿਹਾਸਕਾਰ ਗੰਡਾ ਸਿੰਘ, ਅਹਿਮਦ ਸ਼ਾਹ ਅਬਦਾਲੀ; ਅੰਗ੍ਰੇਜ਼ੀ)

**ਤਾਜੀਏ ਨਿਕਲਣੇ ਬੰਦ ਹੋਏ:** 25 ਫਰਵਰੀ 1809 ਨੂੰ ਮੁਹੱਰਮ ਦਾ ਦਿਨ ਸੀ। ਇਤਫਾਕ ਐਸਾ ਹੋਇਆ ਕਿ ਉਸ ਦਿਨ ਹੋਲਾ-ਮਹੱਲਾ ਮਨਾਉਣ ਲਈ ਬਹੁਤ ਸਾਰੇ ਨਿਹੰਗ ਸਿੰਘ ਵੀ ਅੰਮ੍ਰਿਤਸਰ ਇਕੱਠੇ ਹੋਏ ਸਨ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੁਪਹਿਰ ਬਾਅਦ ਦਾ ਦੀਵਾਨ ਸਜਿਆ ਹੋਇਆ ਸੀ ਤੇ ਕਥਾ ਕੀਰਤਨ ਦਾ ਪਰਵਾਹ ਜਾਰੀ ਸੀ। ਮੈਟਕਾਫ਼ ਦੇ ਨਾਲ ਆਏ ਕੁਝ ਸ਼ੀਆ ਮੁਸਲਮਾਨ ਤਾਜੀਏ ਕੱਢ ਕੇ ਦਰਬਾਰ ਸਾਹਿਬ ਦੇ ਕੋਲੋਂ ਲੰਘ ਰਹੇ ਸਨ। ਉਨ੍ਹਾਂ ਦੇ ਅਲੀ ਯਾ ਹੁਸੈਨ ਦੇ ਨਾਹਰਿਆਂ ਨਾਲ ਭਾਰੀ ਸ਼ੋਰ ਪੈ ਗਿਆ। ਬੁੱਢਾ ਦਲ ਦੇ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਵੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਬੈਠੇ ਸਨ। ਬਾਹਰਲੇ ਸ਼ੋਰ ਸ਼ਰਾਬੇ ਕਾਰਨ ਸਜੇ ਹੋਏ ਦੀਵਾਨ ਵਿੱਚ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਮੁਲਕ ਨੂੰ ਸ਼ਾਮ ਤੱਕ ਪਤਾ ਨਹੀਂ ਲੱਗਿਆ ਇੰਦਰਾ ਗਾਂਧੀ ਦੀ ਮੌਤ ਦਾ...

ਸਿਆਸਤ ਦਾ ਪਿੜ




ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000

## ਰੇਡੀਓ ਤੋਂ ਬਿਨਾ ਹੋਰ ਕੋਈ ਜ਼ਰੀਆ ਨਹੀਂ ਸੀ ਖਬਰ ਪਤਾ ਕਰਨ ਦਾ

31 ਅਕਤੂਬਰ 1984 ਸਵੇਰੇ 10-11 ਦਾ ਟਾਈਮ ਹੋਵੇਗਾ, ਰੇਡੀਓ ਤੋਂ ਕ੍ਰਿਕਟ ਮੈਚ ਦੀ ਲਾਈਵ ਕੁਮੈਂਟਰੀ ਚੱਲ ਰਹੀ ਸੀ। ਅਚਾਨਕ ਕੁਮੈਂਟਰੀ ਰੁਕ ਗਈ ਤੇ ਅਕਾਸ਼ਬਾਣੀ ਦੀ ਅਨਾਊਂਸਰ ਬੋਲੀ, "ਅਬ ਆਪ ਹਮਾਰਾ ਵਿਸ਼ੇਸ਼ ਬੁਲੇਟਿਨ ਸੁਨੀਏ।" ਇਸ ਖਾਸ ਖਬਰਨਾਮੇ ਵਿੱਚ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ 'ਤੇ ਅੱਜ ਸਵੇਰ ਵੇਲੇ ਗੋਲੀਆਂ ਨਾਲ ਹਮਲਾ ਕੀਤਾ ਗਿਆ ਤੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਇਹ ਹਮਲਾ ਉਦੋਂ ਕੀਤਾ ਗਿਆ, ਜਦੋਂ ਉਹ ਆਪਣੇ ਘਰ ਤੋਂ ਦਫ਼ਤਰ ਜਾ ਰਹੀ ਸੀ।

ਸਿਰਫ਼ ਇੰਨੀ ਗੱਲ ਨਸ਼ਰ ਕਰ ਕੇ ਖਬਰਨਾਮਾ ਖਤਮ ਹੋ ਗਿਆ। ਉਸ ਦਿਨ ਮੈਂ ਪਟਿਆਲੇ ਆਪਣੇ ਕਿਸੇ ਦੋਸਤ ਦੇ ਘਰ ਬੈਠਾ ਸੀ। ਉਥੇ ਰੇਡੀਓ 'ਤੇ ਕਿਸੇ ਕ੍ਰਿਕਟ ਮੈਚ ਦੇ ਸਿੱਧੇ ਪ੍ਰਸਾਰਣ ਦੀ ਕੁਮੈਂਟਰੀ ਚਲ ਰਹੀ ਸੀ। ਉਨ੍ਹੀਂ ਦਿਨੀਂ ਟੈਲੀਵਿਜ਼ਨ 'ਤੇ ਕ੍ਰਿਕਟ ਮੈਚ ਦੇ ਪ੍ਰਸਾਰਣ ਦਾ ਰਿਵਾਜ਼ ਨਹੀਂ ਸੀ ਚੱਲਿਆ। ਕ੍ਰਿਕਟ ਦਾ ਲਗਭਗ ਹਰੇਕ ਨੌਜਵਾਨ ਸ਼ੁਕੀਨ ਸੀ ਤੇ ਘਰਾਂ ਤੋਂ ਬਾਹਰ ਵੀ ਨਿੱਕੇ ਨਿੱਕੇ ਰੇਡੀਓ ਕੰਨਾਂ ਨੂੰ ਲਾ ਕੇ ਕੁਮੈਂਟਰੀ ਗਲੀਆਂ, ਬਾਜ਼ਾਰਾਂ ਤੇ ਕਾਲਜਾਂ ਵਿੱਚ ਸੁਣੀ ਜਾਂਦੀ ਸੀ। ਮੇਰੇ ਦੋਸਤ ਦੇ ਘਰ ਜਿਹੜਾ ਰੇਡੀਓ ਸੀ, ਉਹ ਵੀ ਟੂ ਇਨ ਵਨ ਸੀ, ਭਾਵ ਉਸ 'ਤੇ ਟੇਪ ਰਿਕਾਰਡ ਅਤੇ ਰੇਡੀਓ ਦੋਨੋਂ ਚੱਲਦੇ ਸਨ। ਰੇਡੀਓ ਵਾਲਾ ਪ੍ਰੋਗਰਾਮ ਨਾਲੋ ਨਾਲ ਰਿਕਾਰਡ ਵੀ ਕੀਤਾ ਜਾ ਸਕਦਾ ਸੀ।



ਇੰਦਰਾ ਗਾਂਧੀ

ਜਦੋਂ ਕੁਮੈਂਟਰੀ ਰੋਕ ਕੇ ਵਿਸ਼ੇਸ਼ ਸਮਾਚਾਰ ਬੁਲੇਟਿਨ ਦੀ ਗੱਲ ਕੀਤੀ ਤਾਂ ਮੈਂ ਭਾਂਪ ਗਿਆ ਕਿ ਕੋਈ ਖਾਸ ਘਟਨਾ ਵਾਪਰੀ ਹੋਵੇਗੀ, ਜਿਸ ਕਰਕੇ ਵਿਸ਼ੇਸ਼ ਖਬਰਨਾਮਾ ਦਿੱਤਾ ਜਾ ਰਿਹਾ ਹੈ, ਨਹੀਂ ਤਾਂ ਖਬਰਾਂ ਕਿਤੇ ਦੁਪਹਿਰੇ ਇੱਕ ਵੱਜ ਕੇ ਚਾਲੀ ਮਿੰਟ 'ਤੇ ਆਉਣੀਆਂ ਸਨ। ਮੈਂ ਇਕਦਮ ਟੇਪ ਰਿਕਾਰਡਿੰਗ ਵਾਲਾ ਬਟਨ ਦੱਬ ਦਿੱਤਾ ਤੇ ਖਬਰਾਂ ਦਾ ਵਿਸ਼ੇਸ਼ ਸਮਾਚਾਰ ਬੁਲੇਟਿਨ ਇਸ ਵਿੱਚ ਰਿਕਾਰਡ ਹੋ ਗਿਆ; ਪਰ ਇਹ ਇਤਿਹਾਸਿਕ ਖਬਰਨਾਮੇ ਵਾਲੀ ਟੇਪ ਮੇਰਾ ਦੋਸਤ ਸੰਭਾਲ ਨਾ ਸਕਿਆ। ਉਹਨੂੰ ਉਲਟਾ ਰੀਲ ਖਰਾਬ ਹੋਣ ਦਾ ਕੁੱਝ ਦੁੱਖ ਵੀ ਸੀ।

ਇਸ ਤੋਂ ਬਾਅਦ ਅਸੀਂ ਸ਼ਹਿਰ ਤੋਂ ਨਿਕਲ ਤੁਰੇ, ਪਰ ਬਾਜ਼ਾਰ ਵਿੱਚ ਇਸ ਗੱਲ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ। ਜਿਵੇਂ ਅੱਜ ਕੱਲ੍ਹ ਹਰੇਕ ਹੱਟੀ ਤੇ ਦੁਕਾਨ ਨਾਲੋ ਨਾਲੋ ਟੀ.ਵੀ. ਵੀ ਦੇਖ ਰਹੇ ਹੁੰਦੇ ਹਨ, ਉਨ੍ਹੀਂ ਦਿਨੀਂ ਕੋਈ ਦੁਕਾਨਦਾਰ ਹੱਟੀ 'ਤੇ ਰੇਡੀਓ ਨਹੀਂ ਸੀ ਰੱਖਦਾ ਹੁੰਦਾ ਤੇ ਨਾ ਅੱਜ ਵਾਂਗ ਮੋਬਾਇਲ ਫੋਨ ਹੁੰਦੇ ਸਨ ਕਿ ਨਾਲੋ ਨਾਲ ਖਬਰ ਅਗਾਂਹ ਪਤਾ ਲੱਗਦੀ ਜਾਵੇ। ਮੋਬਾਇਲ ਫੋਨ ਦੀ ਤਾਂ ਗੱਲ ਛੱਡੋ, ਤਾਰਾਂ ਵਾਲਾ ਫੋਨ ਵੀ ਬਹੁਤ ਟਾਵੇਂ ਟੱਲੇ ਘਰਾਂ ਅਤੇ ਹੱਟੀਆਂ 'ਤੇ ਹੁੰਦੇ ਸੀ। ਅੱਜ ਦੇ ਹਾਲਾਤ ਮੁਤਾਬਿਕ ਇਹ ਯਾਦ ਕਰਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਪ੍ਰਧਾਨ ਮੰਤਰੀ ਦੇ ਗੋਲੀ ਵੱਜਣ ਨੂੰ ਕਈ ਘੰਟੇ ਹੋ ਗਏ ਸਨ ਤੇ ਰੇਡੀਓ 'ਤੇ ਆਈ ਖਬਰ ਨੂੰ ਇੱਕ ਘੰਟੇ ਤੋਂ ਵੱਧ ਟਾਇਮ ਹੋ ਗਿਆ ਸੀ, ਪਰ ਬਾਜ਼ਾਰ 'ਚ ਕਿਸੇ ਨੂੰ ਪਤਾ ਵੀ ਨਹੀਂ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਉਨ੍ਹੀਂ ਦਿਨੀਂ ਟੈਲੀਵਿਜ਼ਨ ਦਾ ਵੀ ਇੱਕੋ ਚੈਨਲ ਹੁੰਦਾ ਸੀ ਤੇ ਉਹ ਵੀ ਸਰਕਾਰੀ ਅਤੇ ਇਹਦਾ ਪ੍ਰੋਗਰਾਮ ਵੀ ਇੱਕ ਘੰਟਾ ਸਵੇਰੇ ਤੇ 2-3 ਘੰਟੇ ਸ਼ਾਮ ਨੂੰ ਚਲਦਾ ਸੀ। ਸ਼ਾਇਦ ਸਵੇਰ ਦਾ ਪ੍ਰੋਗਰਾਮ ਵੀ ਅਜੇ ਚੱਲਣਾ ਸ਼ੁਰੂ ਨਹੀਂ ਸੀ ਹੋਇਆ, ਦੁਪਹਿਰ ਦੀ ਤਾਂ ਗੱਲ ਹੀ ਛੱਡੋ! ਸੂਚਨਾ ਦਾ ਸਾਧਨ ਅਕਾਸ਼ਬਾਣੀ ਤੋਂ ਬਿਨਾ ਹੋਰ ਕੋਈ ਨਹੀਂ ਸੀ। ਇਸ ਤੋਂ ਇਲਾਵਾ ਬੀ.ਬੀ.ਸੀ. ਲੰਡਨ ਰੇਡੀਓ ਤੋਂ ਸਵੇਰੇ ਸੱਤ ਵਜੇ ਅਤੇ ਸ਼ਾਮ 8 ਵਜੇ ਹਿੰਦੀ ਦੀਆਂ ਖਬਰਾਂ ਨਸ਼ਰ ਹੁੰਦੀਆਂ ਸਨ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਦੇ ਪੁੱਤ ਰਾਜੀਵ ਗਾਂਧੀ ਨੇ ਵੀ ਆਪਣੀ ਮਾਂ 'ਤੇ ਹੋਏ ਜਾਨਲੇਵਾ ਹਮਲੇ ਦੀ ਖਬਰ ਬੀ.ਬੀ.ਸੀ. ਰੇਡੀਓ ਦੀ ਅੰਗਰੇਜ਼ੀ ਵਾਲੀ ਵਰਲਡ ਨਿਊਜ਼ ਸਰਵਿਸ ਰਾਹੀਂ ਦੁਪਹਿਰ ਦੇ ਸਾਢੇ ਬਾਰਾਂ ਵਜੇ ਵਾਲੇ ਬੁਲੇਟਿਨ ਤੋਂ ਸੁਣੀ।

ਬਤੌਰ ਕਾਂਗਰਸ ਦੇ ਜਨਰਲ ਸਕੱਤਰ ਇੰਦਰਾ ਦਾ ਪੁੱਤਰ ਰਾਜੀਵ ਗਾਂਧੀ ਉਸ ਦਿਨ ਬੰਗਾਲ ਦੀ ਰਾਜਧਾਨੀ ਕਲਕੱਤਾ ਤੋਂ ਦੱਖਣ ਵੱਲ ਹੁਗਲੀ ਡੈਲਟਾ ਇਲਾਕੇ ਦੇ ਸਿਆਸੀ ਦੌਰੇ 'ਤੇ ਸੀ। ਪ੍ਰਧਾਨ ਮੰਤਰੀ ਦੀ ਮੌਤ ਦੀ ਖਬਰ ਨੂੰ ਸਰਕਾਰੀ ਤੰਤਰ ਜਾਣ-ਬੁੱਝ ਕੇ ਲੁਕੋ ਰਿਹਾ ਸੀ ਤੇ ਰੇਡੀਓ ਤੋਂ ਸ਼ਾਮ 6 ਵਜੇ ਤੱਕ ਇਹ ਨਿਊਜ਼ ਲਕੋ ਕੇ ਰੱਖੀ ਗਈ। ਰਾਜੀਵ ਗਾਂਧੀ ਦੇ ਕਾਫਲੇ ਨੂੰ ਇੱਕ ਪੁਲਿਸ ਦੀ ਗੱਡੀ ਨੇ ਰੋਕਿਆ ਤੇ ਉਸਨੂੰ ਸਿਰਫ ਦੋ ਫਿਕਰਿਆਂ ਦਾ ਅੰਗਰੇਜ਼ੀ ਵਿੱਚ ਦਿਲੀਓਂ ਆਇਆ ਇਹ ਸੁਨੇਹਾ ਸੁਣਾਇਆ ਗਿਆ, "ਯੂ ਮਸਟ ਰਿਟਰਨ ਟੂ ਡੈਲੀ ਇਮੀਜੇਟਲੀ, ਬਿਕਾਜ਼ ਸਮਥਿੰਗ ਵੈਰੀ ਸੀਰੀਅਸ ਹੈਜ਼ ਹੈਪਨਡ।" (ਤੁਹਾਨੂੰ ਫੌਰਨ ਦਿੱਲੀ ਮੁੜ ਜਾਣਾ ਚਾਹੀਦਾ ਹੈ, ਕਿਉਂਕਿ ਉੱਥੇ ਕੋਈ ਵੱਡਾ ਭਾਣਾ ਵਰਤ ਗਿਆ ਹੈ)। ਰਾਜੀਵ ਗਾਂਧੀ ਫੌਰਨ ਹੈਲੀਪੈਡ 'ਤੇ ਗਿਆ, ਜਿੱਥੋਂ ਹੈਲੀਕਾਪਟਰ ਰਾਹੀਂ ਉਹ ਕਲਕੱਤਾ ਹਵਾਈ ਅੱਡੇ ਪੁਜਿਆ। ਉਥੇ ਜਾ ਕੇ ਉਸ ਨੇ ਰੇਡੀਓ ਦੀ ਬੀ.ਬੀ.ਸੀ. ਵਰਲਡ ਸਰਵਿਸ ਸੁਣੀ, ਜਿਸ ਤੋਂ ਦਿੱਲੀ 12:30 ਵਾਲੀਆਂ ਖਬਰਾਂ 'ਚ ਦਿੱਲੀ ਤੋਂ ਉਨ੍ਹਾਂ ਨੇ ਆਪਣੇ ਪੱਤਰਕਾਰ ਸਤੀਸ਼ ਜੈਕਬ ਦੀ ਘੱਲੀ ਹੋਈ ਖਬਰ ਪ੍ਰਸਾਰਿਤ ਕੀਤੀ। ਇਸ ਵਿੱਚ ਦੱਸਿਆ ਗਿਆ ਕਿ ਇੰਦਰਾ ਗਾਂਧੀ ਦੇ ਗੋਲੀਆਂ ਵੱਜੀਆਂ ਹਨ, ਉਹਦੀ ਹਾਲਤ ਨਾਜ਼ੁਕ ਹੈ। ਇਸ ਤੋਂ ਕੁੱਝ ਮਿੰਟਾਂ ਬਾਅਦ ਹੀ ਬੀ.ਬੀ.ਸੀ. ਨੇ ਇੰਦਰਾ ਗਾਂਧੀ ਦੀ ਮੌਤ ਹੋਣ ਦੀ ਵੀ ਤਸਦੀਕ ਕਰ ਦਿੱਤੀ।

ਇੱਥੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇ ਪ੍ਰਧਾਨ ਮੰਤਰੀ ਦਾ ਪੁੱਤਰ ਵੀ ਕਿਸੇ ਸਿਖਰਲੀ ਗੰਭੀਰ ਘਟਨਾ ਦੀ ਸੱਚਾਈ ਜਾਣਨ ਲਈ ਬੀ.ਬੀ.ਸੀ. ਰੇਡੀਓ 'ਤੇ ਨਿਰਭਰ ਹੋਇਆ ਹੋਵੇ ਤਾਂ ਉਨ੍ਹੀਂ ਦਿਨੀਂ ਕਿੰਨੀ ਕੁ ਸੱਚਾਈ ਲੋਕ ਰੇਡੀਓ ਤੋਂ ਸੁਣ ਸਕਦੇ ਹੋਣਗੇ! ਖਬਰਾਂ ਦਾ ਦੂਜਾ ਸਾਧਨ ਖਬਰ ਏਜੰਸੀਆਂ ਦੇ ਟੈਲੀਪ੍ਰਿੰਟਰ ਹੁੰਦੇ ਸਨ। ਉਦੋਂ ਦੋ ਮੁੱਖ ਏਜੰਸੀਆਂ ਹੁੰਦੀਆਂ ਸਨ- ਪੀ.ਟੀ.ਆਈ. ਅਤੇ ਯੂ.ਐਨ.ਆਈ.; ਤੇ ਉਹ ਵੀ ਦੋਨੋਂ ਸਰਕਾਰੀ। ਅੱਜ ਕੱਲ੍ਹ ਦੀ ਪੀੜ੍ਹੀ ਤੋਂ ਸ਼ਾਇਦ ਹੀ ਕਿਸੇ ਨੇ ਟੈਲੀਪ੍ਰਿੰਟਰ ਦੇਖਿਆ ਹੋਵੇ। ਜਿਵੇਂ ਕਚਹਿਰੀਆਂ 'ਚ ਟਾਈਪਿਸਟ ਪੁਰਾਣੀਆਂ ਟਾਈਪ ਦੀਆਂ ਮਸ਼ੀਨਾਂ ਲਈ ਬੈਠੇ ਹੁੰਦੇ ਸਨ, ਉਵੇਂ ਦੀ ਹੀ ਇੱਕ ਵੱਡੀ ਮਸ਼ੀਨ ਹੁੰਦੀ ਸੀ ਤੇ ਇਹ ਬਿਜਲੀ ਨਾਲ ਚੱਲਦੀ ਸੀ। ਅਖਬਾਰਾਂ ਦੇ ਹੈੱਡ ਕੁਆਟਰਾਂ 'ਚ ਅਜਿਹੇ ਟੈਲੀਪ੍ਰਿੰਟਰ ਲੱਗੇ ਹੁੰਦੇ ਸਨ। ਖਬਰ ਏਜੰਸੀ ਜਦੋਂ ਆਪਣੇ ਦਫਤਰ ਤੋਂ ਕੋਈ ਖਬਰ ਭੇਜਦੀ ਸੀ ਤਾਂ ਇਨ੍ਹਾਂ ਟੈਲੀਪ੍ਰਿੰਟਰਾਂ ਦੇ ਵਿੱਚ ਪਾਏ ਜਾਂਦੇ ਕਾਗਜ਼ ਦੇ ਰੋਲ 'ਤੇ ਇਹ ਟਾਈਪ ਹੋ ਜਾਂਦੀ ਸੀ।

ਖਬਰ ਏਜੰਸੀ ਯੂ.ਐਨ.ਆਈ. ਦਾ ਅਜਿਹਾ ਇੱਕ ਟੈਲੀਪ੍ਰਿੰਟਰ ਜ਼ਿਲ੍ਹਾ ਲੋਕ ਸੰਪਰਕ ਦਫਤਰ ਵਿੱਚ ਲੱਗਿਆ ਹੁੰਦਾ ਸੀ। ਪਟਿਆਲੇ ਇਹ ਦਫਤਰ ਬਾਰਾਂਦਰੀ ਬਾਗ ਵਿੱਚ ਇੱਕ ਪੁਰਾਣੀ ਸ਼ਾਹੀ ਇਮਾਰਤ 'ਚ ਚੱਲਦਾ ਸੀ। ਸ਼ਹਿਰ ਦੇ ਪੱਤਰਕਾਰਾਂ ਦਾ ਇਹ ਪੱਕਾ ਠਿਕਾਣਾ ਹੁੰਦਾ ਸੀ। ਇੱਥੇ ਬੈਠਦੇ ਉੱਠਦੇ ਮੇਰੇ ਕਈ ਪੱਤਰਕਾਰਾਂ ਨਾਲ ਚੰਗੇ ਤਾਲੁਕਆਤ ਸਨ, ਜਿਨ੍ਹਾਂ 'ਚੋਂ ਪ੍ਰਮੁੱਖ ਟ੍ਰਿਬਿਊਨ ਦੇ ਸ਼੍ਰੀ ਵੀ.ਪੀ. ਭਰਬਾਕਰ ਅਤੇ ਇੰਡੀਅਨ ਐਕਸਪ੍ਰੈਸ ਦੇ ਸ਼੍ਰੀ ਯੋਗਿੰਦਰ ਮੋਹਨ ਸਨ। ਉਥੇ ਤਾਇਨਾਤ ਇੱਕ ਸਹਾਇਕ ਲੋਕ ਸੰਪਰਕ ਅਫਸਰ ਅਤੇ ਬਹੁਤ ਨੇਕ ਇਨਸਾਨ ਸਰਦਾਰ ਉਜਾਗਰ ਸਿੰਘ ਨਾਲ ਦਿਲੀ ਨੇੜਤਾ ਹੋਣ ਕਾਰਨ ਇਹ ਦਫਤਰ ਆਪਣਾ ਹੀ ਲੱਗਦਾ ਸੀ।

ਇੰਦਰਾ ਗਾਂਧੀ ਵਾਲੀ ਖਬਰ ਬਾਰੇ ਹੋਰ ਜਾਣਕਾਰੀ ਲੈਣ ਲਈ ਅਸੀਂ ਬਾਰਾਂਦਰੀ ਲੋਕ ਸੰਪਰਕ ਦਫਤਰ ਚਲੇ ਗਏ। ਉੱਥੇ ਇਹੀ ਗੱਲਾਂ ਚਲਦੀਆਂ ਸਨ। ਉਥੇ ਲੱਗਿਆ ਯੂ.ਐਨ.ਆਈ. ਦਾ ਟੈਲੀਪ੍ਰਿੰਟਰ ਵੀ ਰੇਡੀਓ ਕੁ ਜਿੰਨੀ ਖਬਰ ਹੀ ਦੇ ਰਿਹਾ ਸੀ। ਹਾਲਾਂਕਿ ਬੀ.ਬੀ.ਸੀ. ਦੀ ਵਰਲਡ ਸਰਵਿਸ ਤੋਂ ਪ੍ਰਧਾਨ ਮੰਤਰੀ ਦੀ ਮੌਤ ਵਾਲੀ ਖਬਰ ਸਾਢੇ ਬਾਰਾਂ ਵਜੇ ਪ੍ਰਸਾਰਿਤ ਹੋ ਚੁੱਕੀ ਸੀ, ਪਰ ਇੱਥੇ ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਬੀ.ਬੀ.ਸੀ. ਤੋਂ ਦਿਨੇ ਵੀ ਖਬਰਾਂ ਆਉਂਦੀਆਂ ਹਨ। ਪਟਿਆਲੇ ਇੱਕ ਵੀਕਲੀ ਅਖਬਾਰ ਦੇ ਐਡੀਟਰ ਸਨ, ਉਨ੍ਹਾਂ ਦਾ ਪੱਕਾ ਨਾਮ ਤਾਂ ਮੈਨੂੰ ਯਾਦ ਨਹੀਂ, ਪਰ ਸਾਰੇ ਉਨ੍ਹਾਂ ਨੂੰ ਕਾਮਰੇਡ ਕਹਿ ਕੇ ਬੁਲਾਉਂਦੇ ਸਨ। ਲੋਕ ਸੰਪਰਕ ਦੇ ਦਫਤਰ ਵਿੱਚ ਕਾਮਰੇਡ ਸਾਹਿਬ ਨੇ ਆ ਕੇ ਖਬਰ ਦਿੱਤੀ ਕਿ ਰੇਡੀਓ ਪਾਕਿਸਤਾਨ ਨੇ 'ਤਾਸ' ਦੇ ਹਵਾਲੇ ਨਾਲ ਸ਼੍ਰੀਮਤੀ ਗਾਂਧੀ ਦੀ ਮੌਤ ਦੀ ਖਬਰ ਸੁਣਾਈ ਹੈ। 'ਤਾਸ' ਰੂਸ ਦੀ ਸਰਕਾਰੀ ਖਬਰ ਏਜੰਸੀ ਸੀ। ਰੂਸ ਭਾਰਤ ਦਾ ਗੂੜ੍ਹਾ ਮਿੱਤਰ ਸੀ। ਇਸ ਕਰਕੇ 'ਤਾਸ' ਦੀ ਖਬਰ ਨੂੰ ਪੱਕਾ ਸੱਚ ਮੰਨ ਕੇ ਸਭ ਨੂੰ ਇਹ ਯਕੀਨ ਹੋ ਗਿਆ ਕਿ ਵਾਕਿਆ ਹੀ ਪ੍ਰਧਾਨ ਮੰਤਰੀ ਦੀ ਮੌਤ ਹੋ ਚੁੱਕੀ ਹੈ।

ਉਸ ਤੋਂ ਬਾਅਦ ਜਦੋਂ ਅਸੀਂ ਫੇਰ ਸ਼ਹਿਰ ਵਿੱਚ ਨਿਕਲੇ ਤਾਂ ਸਭ ਨੂੰ ਪ੍ਰਧਾਨ ਮੰਤਰੀ 'ਤੇ ਹੋਏ ਹਮਲੇ ਬਾਰੇ ਤਾਂ ਪਤਾ ਲੱਗ ਚੁੱਕਿਆ ਸੀ, ਪਰ ਮੌਤ ਦੀ ਖਬਰ ਤੋਂ ਸਾਰੇ ਬੇਖਬਰ ਸਨ ਅਤੇ ਉਦੋਂ ਤੱਕ ਬੇਖਬਰ ਰਹੇ, ਜਦੋਂ ਤੱਕ ਸ਼ਾਮ 6 ਵਜੇ ਸਰਕਾਰ ਨੇ ਖੁਦ ਇਸ ਖਬਰ ਦਾ ਐਲਾਨ ਨਾ ਕੀਤਾ। ਇਸ ਕਹਾਣੀ ਤੋਂ 36 ਸਾਲਾਂ ਦੌਰਾਨ ਖਬਰਾਂ ਨਸ਼ਰ ਹੋਣ ਵਿੱਚ ਆਈ ਜ਼ਮੀਨ-ਅਸਮਾਨ ਜਿੰਨੀ ਤਬਦੀਲੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਕਰਕੇ ਹੀ 31 ਅਕਤੂਬਰ ਸ਼ਾਮ ਤੋਂ ਸ਼ੁਰੂ ਹੋ ਕੇ ਸਾਰੇ ਮੁਲਕ ਵਿੱਚ ਲਗਭਗ ਇੱਕ ਹਫਤਾ ਸਿੱਖਾਂ ਦੇ ਖਿਲਾਫ ਚਲਾਏ ਗਏ ਤਾਂਡਵ ਦੀ ਖਬਰ ਪੰਜਾਬ ਵਿੱਚ ਸੁਣਾਈ ਨਹੀਂ ਦਿੱਤੀ, ਸਗੋਂ ਇਸਨੂੰ ਸਾਰੇ ਸਰਕਾਰੀ ਜ਼ੋਰ ਨਾਲ ਪਤਾ ਲੱਗਣੋਂ ਰੋਕਿਆ ਵੀ ਗਿਆ।

---

# ਹਰਿਮੰਦਰ ਸਾਹਿਬ 'ਤੇ ਹੁੰਦੇ ਰਹੇ ਹਮਲਿਆਂ ਦੀ ਦਾਸਤਾਨ

ਵਿਘਨ ਪੈ ਗਿਆ। ਅਕਾਲੀ ਜੀ ਨੇ ਦੋ-ਤਿੰਨ ਨਿਹੰਗਾਂ ਨੂੰ ਬਾਹਰ ਭੇਜਿਆ ਕਿ ਉਹ ਜਾ ਕੇ ਜਲੂਸ ਵਾਲਿਆਂ ਨੂੰ ਬੇਨਤੀ ਕਰਨ ਕਿ ਉਹ ਦਰਬਾਰ ਸਾਹਿਬ ਦੇ ਲਾਗੋਂ ਸ਼ਾਂਤੀ ਨਾਲ ਲੰਘ ਜਾਣ। ਅਕਾਲੀ ਸਿੰਘਾਂ ਦੀ ਬੇਨਤੀ ਮੰਨਣ ਦੀ ਬਜਾਇ ਮੈਟਕਾਫ ਦੇ ਸਿਪਾਹੀ ਸਿੰਘਾਂ ਦੇ ਗਲ ਪੈ ਗਏ ਤੇ ਆਪੋ ਵਿੱਚ ਹਥੋ-ਪਾਈ ਸ਼ੁਰੂ ਹੋ ਗਈ। ਇਸ ਰੌਲੇ-ਗੌਲੇ ਵਿੱਚ ਇੱਕ ਸਿੰਘ ਦੀ ਦਸਤਾਰ ਹੇਠਾਂ ਡਿੱਗ ਪਈ। ਜਦੋਂ ਇਸ ਘਟਨਾ ਦੀ ਖਬਰ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਨੂੰ ਪਹੁੰਚੀ ਤਾਂ ਉਹ ਕੁਝ ਕੁ ਅਕਾਲੀ ਸਿੰਘਾਂ ਨੂੰ ਨਾਲ ਲੈ ਕੇ ਮੌਕੇ 'ਤੇ ਪਹੁੰਚ ਗਏ। ਅਕਾਲੀ ਸਿੰਘਾਂ ਕੋਲ ਬਹੁਤਾ ਕਰਕੇ ਤਲਵਾਰਾਂ ਤੇ ਭਾਲੇ ਹੀ ਸਨ, ਜਦਕਿ ਮੈਟਕਾਫ ਦੇ ਸੈਨਿਕ ਬੰਦੂਕਾਂ ਤੇ ਗੋਲੀਆਂ ਨਾਲ ਲੈਸ ਸਨ। ਪਲੋ-ਪਲੀ ਦੋਹਾਂ ਪਾਸੋਂ ਵੱਡਾ ਨੁਕਸਾਨ ਹੋਇਆ, ਕਈ ਬੰਦੇ ਮਾਰੇ ਗਏ। ਸਿੱਕਾ ਬਾਰੂਦ ਕੋਲ ਨਾ ਹੋਣ ਕਰਕੇ ਬਹੁਤਾ ਜਾਨੀ ਨੁਕਸਾਨ ਨਿਹੰਗ ਸਿੰਘ ਅਕਾਲੀਆਂ ਦਾ ਹੋਇਆ; ਪਰ ਮੈਟਕਾਫ ਦੇ ਸਿਪਾਹੀ ਆਪਣੀ ਹਾਲਤ ਵਿਗੜਦੀ ਵੇਖ ਕੇ ਉਥੋਂ ਭੱਜ ਗਏ। ਕੁਝ ਇੱਕ ਨੇ ਇਸ ਘਟਨਾ ਦੀ ਖਬਰ ਮਹਾਰਾਜਾ ਰਣਜੀਤ ਸਿੰਘ ਨੂੰ ਜਾ ਦਿਤੀ, ਜੋ ਉਸ ਸਮੇਂ ਗੋਬਿੰਦਗੜ੍ਹ ਦੇ ਕਿਲੇ ਵਿੱਚ ਠਹਿਰਿਆ ਹੋਇਆ ਸੀ। ਖਬਰ ਮਿਲਦਿਆਂ ਹੀ ਮਹਾਰਾਜਾ ਤੁਰੰਤ ਉਥੇ ਪਹੁੰਚ ਗਿਆ ਤੇ ਉਸ ਨੇ ਬੜੀ ਮੁਸ਼ਕਲ ਨਾਲ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਨੂੰ ਸ਼ਾਂਤ ਕਰਕੇ ਉਨ੍ਹਾਂ ਨੂੰ ਡੇਰੇ ਭੇਜਿਆ ਤੇ ਮੈਟਕਾਫ ਨੂੰ ਮਿਲ ਕੇ ਇਸ ਗੱਲ ਦਾ ਅਫਸੋਸ ਪ੍ਰਗਟ ਕੀਤਾ ਕਿ ਉਸ ਦੇ ਕੁਝ ਸਾਥੀਆਂ ਨਾਲ ਇਹ ਅਣਸੁਖਾਵੀਂ ਘਟਨਾ ਵਾਪਰੀ ਹੈ। ਇਸ ਝਗੜੇ ਦਾ ਫੌਰੀ ਤੇ ਇੱਕ ਸਥਾਈ ਅਸਰ ਇਹ ਜ਼ਰੂਰ ਹੋਇਆ ਕਿ ਉਸ ਦਿਨ ਤੋਂ ਸ੍ਰੀ ਦਰਬਾਰ ਸਾਹਿਬ ਲਾਗਿਉਂ ਤਾਜੀਏ ਨਿਕਲਣੇ ਬੰਦ ਹੋ ਗਏ।

**1848 ਵਿੱਚ ਨਿਹੰਗ ਅਕਾਲੀਆਂ ਨੂੰ ਫਾਂਸੀ:** ਈਸਟ ਇੰਡੀਆਂ ਕੰਪਨੀ ਦੀ ਕੋਰ ਰੈਜਮੈਂਟ ਦੀ ਫੌਝ ਜੁੱਤੀਆਂ ਪਾ ਕੇ ਸ੍ਰੀ ਹਰਿਮੰਦਰ ਸਾਹਿਬ ਦਾਖਲ ਹੋਣ 'ਤੇ ਬੁੱਢਾ ਦਲ ਦੇ ਨਿਹੰਗ ਸਿੰਘ ਅਕਾਲੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਉਹ ਅਕਾਲੀਆਂ ਦੇ ਰੋਸ ਅਤੇ ਮਰਯਾਦਾ ਸਬੰਧੀ ਕੋਈ ਗੱਲ ਮੰਨਣ ਨੂੰ ਤਿਆਰ ਨਹੀਂ ਸਨ। ਇਹ ਮਾਮਲਾ ਬੁੰਗਾ ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਹੋਰ ਭੱਖ ਗਿਆ। ਇਸ ਝਗੜੇ ਵਿੱਚ ਈਸਟ ਇੰਡੀਆ ਕੰਪਨੀ ਦੀ ਫੌਜ ਦਾ ਇੱਕ ਸੂਬੇਦਾਰ ਮਾਰਿਆ ਗਿਆ। ਕੋਰ ਦਾ ਕਮਾਂਡੈਂਟ ਤੇ ਕੁਝ ਹੋਰ ਸਿਪਾਹੀ ਜ਼ਖ਼ਮੀ ਹੋ ਗਏ। ਇਨ੍ਹਾਂ ਸਾਰੇ ਨਿਹੰਗ ਸਿੰਘ ਅਕਾਲੀਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਇਸ ਸਬੰਧੀ ਨਿਹੰਗ ਅਕਾਲੀ ਗੰਡਾ ਸਿੰਘ ਅਤੇ ਉਸ ਦੇ ਦੋ ਸਾਥੀਆਂ ਤੇ ਸੂਬੇਦਾਰ ਦਾ ਕਤਲ, ਕੋਰ ਕਮਾਂਡੈਂਟ ਤੇ ਉਸ ਦੇ ਸਾਥੀਆਂ ਨੂੰ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਅਤੇ ਦੋਸ਼ ਸਾਬਤ ਹੋਣ 'ਤੇ ਨਿਹੰਗ ਗੰਡਾ ਸਿੰਘ ਤੇ ਉਸ ਦੇ ਦੋ ਹੋਰ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਬਾਕੀ ਬਚੇ ਛੇ ਕੈਦੀਆਂ- ਬਿਬੇਕ ਸਿੰਘ, ਖੁਰਗ ਸਿੰਘ, ਹੀਰਾ ਸਿੰਘ, ਹੁਕਮ ਸਿੰਘ ਗੌਰ, ਮਸਤਾਨ ਸਿੰਘ ਤੇ ਸਥਾਨ ਸਿੰਘ ਨੂੰ ਸੱਤ-ਸੱਤ ਸਾਲ ਲਈ ਬਾਮੁਸ਼ਕਤ ਕੈਦ ਸੁਣਾਈ ਗਈ। ਨਿਹੰਗ ਅਕਾਲੀ ਗੰਡਾ ਸਿੰਘ ਦੇ ਨਾਲ ਦੋ ਹੋਰ ਫਾਂਸੀ ਚੜ੍ਹ ਕੇ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂਵਾਂ ਦਾ ਵੇਰਵਾ ਨਹੀਂ ਮਿੱਲ ਸਕਿਆ। ਨਿਹੰਗ ਅਕਾਲੀ ਗੰਡਾ ਸਿੰਘ ਬਾਰੇ ਇਹ ਵੀ ਵੇਰਵਾ ਮਿਲਦਾ ਹੈ ਕਿ ਮਾਝੇ ਦੇਸ਼ ਦੇ ਮਰਹੂਮ ਗਵਰਨਰ ਸ. ਲਹਿਣਾ ਸਿੰਘ ਮਜੀਠੀਏ ਨਾਲ ਵੀ ਉਸ ਦਾ ਝਗੜਾ ਰਿਹਾ ਤੇ ਮਜੀਠੀਏ ਨੇ ਉਸ ਦੀ ਜਾਇਦਾਦ ਵੀ ਲੁੱਟ ਲਈ ਸੀ। ਬਾਕੀ ਛੇ ਨਿਹੰਗ ਸਿੰਘ ਅਕਾਲੀਆਂ ਨੂੰ ਵਿਸ਼ੇਸ਼ ਤੌਰ 'ਤੇ ਬਰੇਲੀ ਜੇਲ੍ਹ ਵਿੱਚ ਸਖ਼ਤ ਪਹਿਰੇ ਹੇਠ ਰੱਖਿਆ ਗਿਆ, ਜੋਹਨ ਲਾਰੈਂਸ ਨੇ ਆਪਣੇ ਪੱਤਰ ਵਿੱਚ ਇਨ੍ਹਾਂ ਨੂੰ ਜਲਾਵਤਨੀ ਕਰਨ ਦੀ ਸਿਫਾਰਸ਼ ਭੇਜੀ ਸੀ।


**ਅੰਗਰੇਜ਼ ਅਫਸਰਾਂ ਦੀਆਂ ਕੁਰਸੀਆਂ:** ਨਨਕਾਣਾ ਸਾਹਿਬ ਦੇ ਸਾਕੇ ਦੇ ਰੋਸ ਵਜੋਂ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਸਾਰੀ ਜ਼ਿੰਦਗੀ ਕਾਲੇ ਬਸਤਰ ਪਹਿਨਣ ਦਾ ਫੈਸਲਾ ਕੀਤਾ ਤੇ ਸਾਰੀ ਜ਼ਿੰਦਗੀ ਕਾਲੇ ਬਸਤਰ ਪਹਿਨੇ। ਮਹੰਤਾਂ-ਪੁਜਾਰੀਆਂ ਸਮੇਂ ਅੰਗਰੇਜ਼ ਅਫਸਰ ਦਰਬਾਰ ਸਾਹਿਬ ਦੀ ਘੰਟਾ ਘਰ ਬਾਹੀ ਵਿਖੇ ਕੁਰਸੀਆਂ 'ਤੇ ਬੈਠ ਕੇ ਦੀਵਾਲੀ ਵੇਖਿਆ ਕਰਦੇ ਸਨ। ਇਸ ਪਰੰਪਰਾ ਦਾ ਵੀ ਜਥੇਦਾਰ ਭੁੱਚਰ ਨੇ ਸਖ਼ਤ ਵਿਰੋਧ ਹੀ ਨਹੀਂ ਕੀਤਾ, ਸਗੋਂ ਆਪ ਠੁੱਡੇ ਮਾਰ ਕੇ ਕੁਰਸੀਆਂ ਵਗਾਹ ਮਾਰੀਆਂ ਤੇ ਉਨ੍ਹਾਂ ਨੂੰ ਦਰੀਆਂ 'ਤੇ ਬੈਠਣ ਲਈ ਕਹਿ ਦਿੱਤਾ। ਫਿਰ ਅੰਗਰੇਜ਼ ਸਰਕਾਰ ਦਾ ਤਸ਼ੱਦਦ ਜਥੇਦਾਰ 'ਤੇ ਢਹਿ ਪਿਆ। ਉਸ 'ਤੇ ਕਈ ਕੇਸ ਬਣਾ ਕੇ ਜੇਲ੍ਹ ਵਿੱਚ ਡੱਕ ਦਿੱਤਾ। ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ ਵਿੱਚ 16-17 ਜੂਨ 1921 ਦੀ ਦਰਮਿਆਨੀ ਰਾਤ ਨੂੰ ਪੁਲਿਸ ਨੇ ਅਚਨਚੇਤ ਛਾਪਾ ਮਾਰਿਆ, ਤਦ ਤੇਜਾ ਸਿੰਘ ਭੁੱਚਰ ਨੇ ਆਪਣੇ ਗੜਗਜ ਅਕਾਲੀ ਦੀਵਾਨ ਦੇ ਸਿੰਘਾਂ ਨੂੰ ਨਾਲ ਲੈ ਕੇ 5-6 ਮਹੀਨੇ ਐਜੀਟੇਸ਼ਨਲ ਕੀਤੀ ਤੇ ਕਰਵਾਈ, ਜਿਸਦੇ ਅਸਰ ਨਾਲ ਗੌਰਮਿੰਟ ਨੂੰ ਸਭ ਦੇ ਸਭ ਨਿਹੰਗ ਸਿੰਘਾਂ ਨੂੰ ਬਿਨਾ ਸ਼ਰਤ ਛੱਡਣਾ ਪਿਆ ਤੇ ਉਨ੍ਹਾਂ ਦਾ ਅਸਬਾਬ ਆਦਿ ਵਾਪਸ ਕਰ ਕੇ ਮੁਆਫੀ ਮੰਗਣੀ ਪਈ। (ਖਾਲਸਾ ਸੇਵਕ ਅੰਮ੍ਰਿਤਸਰ, 10 ਨਵੰਬਰ 1939)

**ਭਾਰਤੀ ਫੌਜ ਵੱਲੋਂ ਹਮਲਾ: 4, 5 ਤੇ 6 ਜੂਨ 1984 ਈ:** ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਉੱਪਰ ਭਾਰਤੀ ਫ਼ੌਜ ਵੱਲੋਂ ਕੀਤੇ 'ਨੀਲਾ ਤਾਰਾ' ਫੌਜੀ ਹਮਲੇ ਸਮੇਂ ਹੋਏ ਵੱਡੇ ਨੁਕਸਾਨ ਤੋਂ ਇਲਾਵਾ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਦੇ ਦਰਮਿਆਨ ਸਿਹਨ ਵਿੱਚ ਅਤੇ ਸਰੋਵਰ ਦੇ ਚੌਗਿਰਦੇ ਪਰਿਕਰਮਾ ਵਿੱਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਬੱਚੇ-ਬੱਚੀਆਂ ਦਾ ਖੂਨ ਡੁੱਲ੍ਹਿਆ, ਉਥੇ ਸਰੋਵਰ ਦੇ ਵਿੱਚ ਵੀ ਸ਼ਹੀਦਾਂ ਦੀਆਂ ਲਾਸ਼ਾਂ ਡਿੱਗਣ, ਮਾਰੂ ਹਥਿਆਰ ਤੇ ਸਿੱਕਾ ਬਾਰੂਦ ਵਿੱਚ ਸੁੱਟਣ, ਫ਼ੌਜੀਆਂ ਵੱਲੋਂ ਕੱਪੜੇ ਧੋਣ ਨਾਲ ਸਰੋਵਰ ਦਾ ਅੰਮ੍ਰਿਤ-ਜਲ ਵੀ ਗੰਧਲਾ ਤੇ ਅਪਵਿੱਤਰ ਹੋ ਗਿਆ ਸੀ। 29 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਅਖੰਡ ਪਾਠ ਅਰੰਭ ਕਰਕੇ ਪਹਿਲੀ ਅਕਤੂਬਰ ਨੂੰ ਭੋਗ ਪੈਣ ਉਪਰੰਤ ਸਰੋਵਰ ਵਿੱਚੋਂ ਜਲ ਕੱਢਣ ਦੀ ਅਰੰਭਤਾ ਹੋਈ ਅਤੇ 12 ਅਕਤੂਬਰ 11 ਵਜੇ ਪੰਜ ਪਿਆਰਿਆਂ ਵੱਲੋਂ ਕਾਰਸੇਵਾ ਦੀ ਅਰੰਭਤਾ ਕੀਤੀ ਗਈ।

## ‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

# ਗੁਰੂ ਕੀ ਮਸੀਤ

**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਗੁਰੂ ਕੀ ਮਸੀਤ, ਸਾਈਂ ਫ਼ਤਹਿ ਸ਼ਾਹ ਅਲੀ, ਅਬਦੁੱਲਾ ਖ਼ਵਾਜ਼ਾ, ਦਾਰਾ ਸ਼ਿਕੋਹ, ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਅਤੇ ਨਵਾਬ ਸ਼ਾਇਸਤਾ ਖ਼ਾਂ ਬਾਰੇ ਸੰਖੇਪ ਵੇਰਵਾ ਹੈ...**



■ ਗੁਰੂ ਕੀ ਮਸੀਤ (ਹਰਿਗੋਬਿੰਦਪੁਰ)

**ਇਤਿਹਾਸ ਦੇ ਪੰਨੇ**

**ਅਲੀ ਰਾਜਪੁਰਾ**
**ਫੋਨ:+91-9417679302**



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ‘ਹਰਿਗੋਬਿੰਦਪੁਰ’ ਸ਼ਹਿਰ ਵਸਾਇਆ ਸੀ ਤੇ ਇਸੇ ਸ਼ਹਿਰ ਅੰਦਰ ਗੁਰੂ ਜੀ ਨੇ ਆਪਣੇ ਮੁਸਲਮਾਨ ਸੇਵਕਾਂ ਅਤੇ ਤਿੰਨ ਪੀਰਾਂ- ਸ਼ਾਹ ਈਮਾਨ, ਜਾਨੀ ਸ਼ਾਹ ਅਤੇ ਗੋਦੜੀਵਾਲ ਵਾਸਤੇ ਮਸੀਤ ਦੀ ਉਸਾਰੀ ਆਪਣੀ ਦੇਖ-ਰੇਖ ਹੇਠ ਕਰਵਾਈ। ਇਹ ਤਿੰਨੇ ਪੀਰ ਮਸੀਤ ਵਿੱਚ ਰਹਿੰਦੇ ਹੋਏ ਗੁਰੂ ਸਾਹਿਬ ਨਾਲ ਵਿਚਾਰ-ਚਰਚਾ ਕਰਿਆ ਕਰਦੇ ਸਨ। ਇਹ ਮਸੀਤ ਬਿਆਸ ਦਰਿਆ ਦੇ ਕਿਨਾਰੇ 120 ਫੁੱਟ ਉੱਚੀ ਹੈ, ਜਿਸ ਨੂੰ ਹੁਣ ਗੁਰੂ ਕੀ ਮਸੀਤ ਜਾਂ ਸ਼ਾਹੀ ਮਸੀਤ ਨਾਲ ਜਾਣਿਆ ਜਾਂਦਾ ਹੈ। ਇਸ ਸ਼ਹਿਰ ਵਿੱਚ ਇਨ੍ਹਾਂ ਤਿੰਨਾਂ ਪੀਰਾਂ ਦੇ ਆਪਣੇ-ਆਪਣੇ ਮਕਬਰੇ ਵੀ ਹਨ। ਪੀਰ ਸ਼ਾਹ ਈਮਾਨ ਤੇ ਜਾਨੀ ਸ਼ਾਹ ਦੀ ਮਜ਼ਾਰ ’ਤੇ ਹਰ ਵੀਰਵਾਰ ਨੂੰ ਮੇਲਾ ਲੱਗਦਾ ਹੈ। ਇਸ ਮਸੀਤ ਦੀ ਮੁਰੰਮਤ 2003 ਵਿੱਚ ਯੂਨੈਸਕੋ ਨੇ ਕੀਤੀ ਸੀ। ਇਸੇ ਮਸੀਤ ’ਚ ਗੁਰੂ ਜੀ ਨੇ ਪੀਰਾਂ ਦੇ ਇਸ਼ਨਾਨ ਲਈ ਹਮਾਮ ਵੀ ਬਣਾਇਆ ਸੀ। ਇਹ ਮਸੀਤ ਸਾਂਝੀਵਾਲਤਾ ਦਾ ਪ੍ਰਤੀਕ ਹੈ। ਚਮਾਸੇ ਦੇ ਦਿਨਾਂ ਵਿੱਚ ਗੁਰੂ ਜੀ ਇਨ੍ਹਾਂ ਪੀਰਾਂ ਕੋਲ਼ ਆ ਕੇ ਬੈਠਦੇ ਸਨ। ਹੁਣ ਇਸ ਮਸੀਤ ਦੀ ਦੇਖ-ਭਾਲ ਇੱਕ ਨਿਹੰਗ ਸਿੰਘ ਕਰਦਾ ਹੈ।

ਇਸ ਮਸਜਿਦ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ।

## ਸਾਈਂ ਫ਼ਤਹਿ ਸ਼ਾਹ ਅਲੀ (ਨੂਰਮਹਿਲ)

ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤਹਿਸੀਲ ਫਗਵਾੜਾ ਦੇ ਪਿੰਡ ਸੰਗਤਪੁਰਾ (ਦੁਆਬ) ’ਚ ਇੱਕ ਫ਼ਕੀਰ ਰਹਿੰਦਾ ਸੀ, ਜਿਸ ਦਾ ਪਿਛੋਕੜ ਬਗ਼ਦਾਦ (ਅਰਬ) ਤੋਂ ਸੀ। ਉਸ ਨੂੰ ਆਪਣੀ ਭਗਤੀ-ਸ਼ਕਤੀ ’ਤੇ ਬੇਅੰਤ ਮਾਣ ਸੀ। ਉਸ ਦੀ ਰਹਿਣੀ-ਬਹਿਣੀ ਫ਼ਕੀਰਾਂ ਵਾਲ਼ੀ ਸੀ ਤੇ ਉਹ ਖੁੱਲ੍ਹੇ ਦਿਲ ਨਾਲ ਹਰ ਕਿਸੇ ਨੂੰ ਕਹਿ ਦਿੰਦਾ ਸੀ ਕਿ, “ਜੇ ਮੇਰੇ ਕੋਈ ਦੋ ਜਾਂ ਵੱਧ ਟੁਕੜੇ ਵੀ ਕਰ ਦੇਵੇ, ਮੈਂ ਤਾਂ ਵੀ ਮਰ ਨਹੀਂ ਸਕਦਾ।” ਭੋਲ਼ੀ ਜਨਤਾ ਉਸ ਦੀਆਂ ਕਰਾਮਾਤਾਂ ਤੋਂ ਭੈਅ ਖਾਂਦੀ ਸੀ। ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਪਿੰਡ ਸੰਗਤਪੁਰਾ ਵੱਲ ਗੁਜ਼ਰ ਰਹੇ ਸਨ, ਉਨ੍ਹਾਂ ਨੂੰ ਸਾਈਂ ਫ਼ਤਹਿ ਬਾਰੇ ਪਤਾ ਲੱਗਿਆ। ਗੁਰੂ ਜੀ ਸਾਈਂ ਕੋਲ ਜਾ ਪਹੁੰਚੇ। ਗੁਰੂ ਸਾਹਿਬ ਨੇ ਗੱਲਾਂ ਕੀਤੀਆਂ ਤਾਂ ਉਸਨੇ ਆਪਣੀ ਰੂਹਾਨੀਅਤ ਤਾਕਤ ਨਾਲ ਗੁਰੂ ਸਾਹਿਬ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ; ਪਰ ਉਸ ਦੀ ਪੇਸ਼ ਨਾ ਚੱਲੀ। ਗੁਰੂ ਸਾਹਿਬ ਨੇ ਸਾਹਮਣੇ ਵਿਛੀ ਚੌਪੜ ਖੇਡਣ ਲਈ ਕਿਹਾ ਤਾਂ ਉਹ ਚੌਪੜ ਖੇਡ ਦਾ ਮਾਹਰ ਹੋਣ ਕਰਕੇ ਵੀ ਚਾਰ ਵਾਰ ਗੁਰੂ ਜੀ ਪਾਸੋਂ ਮਾਤ ਖਾ ਗਿਆ। ਉਸ ਨੂੰ ਗੁਰੂ ਜੀ ਨੇ ਬਚਨ ਕੀਤੇ ਕਿ ਮਨੁੱਖ ਨੂੰ ਨੀਵਾਂ ਹੋ ਕੇ ਰੱਬ ਦੀ ਬੰਦਗੀ ਕਰਨੀ ਚਾਹੀਦੀ ਹੈ। ਹੰਕਾਰ ਦੇ ਘੋੜੇ ’ਤੇ ਸਵਾਰ ਹੋ ਕੇ ਕੋਮਲ ਮਨ ਨਹੀਂ ਮਿੱਧਣੇ ਚਾਹੀਦੇ...। ਤੁਸੀਂ ਸੇਵਾ ਕਰਿਆ ਕਰੋ। ਅੱਲ੍ਹਾ-ਪਾਕ ਦੇ ਰੂਬਰੂ ਹੋਣ ਲਈ ਬੰਦਗੀ ਵੀ ਪਾਕ ਹੋਣੀ ਚਾਹੀਦੀ ਹੈ। ਸਾਈਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸ ਨੇ ਸੰਗਤਪੁਰਾ ਛੱਡ ਨੂਰਮਹਿਲ ਦਾ ਵਾਸਾ ਕਰ ਲਿਆ।

ਕਰਤਾਰਪੁਰ ਵਿਖੇ ਬਾਬਾ ਆਲਾਰ ਸ਼ਾਹ ਜੀ ਦਾ ਇੰਤਕਾਲ ਹੋ ਗਿਆ ਸੀ। ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਇ ਜੀ ਉਨ੍ਹਾਂ ਨੂੰ ਸਪੁਰਦ-ਏ-ਖ਼ਾਕ ਕਰਕੇ ਜਦੋਂ ਨੂਰਮਹਿਲ ਵਿੱਚੋਂ ਗੁਜ਼ਰੇ ਤਾਂ ਉਨ੍ਹਾਂ ਦਾ ਮੇਲ ਸਾਈਂ ਜੀ ਨਾਲ ਹੋਇਆ। ਗੁਰੂ ਜੀ ਨੇ ਸਾਈਂ ਜੀ ਨੂੰ ਕਿਹਾ ਕਿ, “ਅਜੇ ਵੀ ਸ਼ੌਕ ਹੈ ਇੱਕ ਪਾਸਾ ਖੇਡਣ ਦਾ...?” ਸਾਈਂ ਜੀ ਹੈਰਾਨ ਰਹਿ ਗਏ। ਗੁਰੂ ਜੀ ਉਨ੍ਹਾਂ ਦੇ ਚਿਹਰੇ ਵੱਲ ਤੱਕ ਰਹੇ ਸਨ, ਸਾਈਂ ਨੇ ਨਿਮਰਤਾ ਸਹਿਤ ਕਿਹਾ, “ਮੈਨੂੰ ਤੁਸੀਂ ਹਮੇਸ਼ਾ ਆਪਣੇ ਨਾਲ ਰੱਖ ਲਵੋ। ਮੈਂ ਆਪ ਜੀ ਦਾ ਸੇਵਕ ਹਾਂ।”

ਗੁਰੂ ਜੀ ਨੇ ਬਚਨ ਦਿੱਤਾ ਕਿ ਤੁਸੀਂ ਹਮੇਸ਼ਾ ਸਾਡੇ ਅੰਗ-ਸੰਗ ਰਹੋਗੇ। ਅੱਜ ਵੀ ਸਾਈਂ ਜੀ ਦਾ ਮਕਬਰਾ, ਗੁਰਦੁਆਰਾ ਸੱਤਵੀਂ ਪਾਤਸ਼ਾਹੀ ਨੂਰਮਹਿਲ ਸਾਹਮਣੇ ਸਥਾਪਿਤ ਹੈ।

## ਅਬਦੁੱਲਾ ਖ਼ਵਾਜ਼ਾ

ਅਬਦੁੱਲਾ ਖ਼ਵਾਜ਼ਾ ਧਾਰਮਿਕ ਬਿਰਤੀ ਵਾਲ਼ਾ ਵਿਅਕਤੀ ਸੀ। ਇਹ ਚਾਂਦਨੀ ਚੌਂਕ ਵਿਚਲੀ ਕੋਤਵਾਲੀ ਜੇਲ੍ਹ ਦੀ ਨਿਗਰਾਨੀ ਕਰਦਾ ਸੀ। ਮਨੀਮਾਜਰਾ (ਚੰਡੀਗੜ੍ਹ+ਪੰਚਕੂਲਾ) ਦਾ ਰਹਿਣ ਵਾਲ਼ਾ ਸੀ। ਜਦੋਂ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚਲੀ ਜੇਲ੍ਹ ਵਿੱਚ ਕੈਦ ਕਰ ਰੱਖਿਆ ਸੀ ਤਾਂ ਇਸ ਦੀ ਡਿਊਟੀ ਨਿਗਰਾਨੀ ’ਤੇ ਲੱਗੀ ਹੋਈ ਸੀ। ਔਰੰਗਜ਼ੇਬ ਦੀ ਇਸ ਹਰਕਤ ਨਾਲ ਉਸ ਦੇ ਕੋਮਲ ਮਨ ’ਤੇ ਝਰੀਟ ਵੱਜੀ ਕਿ ਔਰੰਗਜ਼ੇਬ ਨੇ ਗੁਰੂ ਸਾਹਿਬ ’ਤੇ ਇਹ ਜ਼ੁਲਮ ਕਮਾਇਆ। ਉਹ ਆਪ ਗੁਰੂ ਸਾਹਿਬ ਦਾ ਪ੍ਰਭਾਵਿਤ ਸ਼ਰਧਾਲੂ ਸੀ। ਗੁਰੂ ਸਾਹਿਬ ਦੇ ਸ਼ਹੀਦੀ ਪਾ ਜਾਣ ਪਿੱਛੋਂ ਆਪਣੇ ਸਾਥੀਆਂ ਸਮੇਤ ਨੌਕਰੀ ਤੋਂ ਅਸਤੀਫ਼ਾ ਦੇ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਹਾਜ਼ਰ ਹੋਇਆ। ਹੋਰ ਸਿਪਾਹੀ ਗੁਰੂ ਸਾਹਿਬ ਦੀ ਫ਼ੌਜ ਵਿੱਚ ਭਰਤੀ ਹੋ ਗਏ ਅਤੇ ਇਹ ਆਪ ਹਕੀਮਤ ਜਾਣਨ ਕਰਕੇ ਹਕੀਮਤ ਕਰਨ ਲੱਗਿਆ ਤੇ ਪੱਕੇ ਤੌਰ ’ਤੇ ਗੁਰੂ ਸਾਹਿਬ ਨਾਲ ਜੁੜ ਗਿਆ। ਅਬਦੁੱਲਾ ਖ਼ਵਾਜ਼ਾ ਦਾ ਸਪੁੱਤਰ ਗ਼ੁਲਾਮ-ਅੱਬਾਸ ਵੀ ਜਥੇਦਾਰ ਨਵਾਬ ਕਪੂਰ ਸਿੰਘ ਜੀ ਸਮੇਂ ਖ਼ਾਲਸਾ ਫ਼ੌਜ ਦੀ ਹਕੀਮਤ ਜ਼ਰੀਏ ਸੇਵਾ ਨਿਭਾਉਂਦਾ ਰਿਹਾ। ਇਸ ਤੋਂ ਅੱਗੇ ਗ਼ੁਲਾਮ ਅੱਬਾਸ ਦੇ ਸਪੁੱਤਰ ਨੇ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੂਰਾ ਸਾਥ ਦਿੱਤਾ। ਚਮਕੌਰ ਦੀ ਪਹਿਲੀ ਲੜਾਈ ਤੋਂ ਤੀਜੀ ਲੜਾਈ ਤੱਕ ਇਹ ਗੁਰੂ ਜੀ ਨਾਲ ਰਹੇ ਤੇ ਤੀਜੇ ਯੁੱਧ ’ਚ ਸ਼ਹੀਦੀ ਪਾ ਗਏ ਸਨ।

## ਦਾਰਾ ਸ਼ਿਕੋਹ

1627 ਈ. ਵਿੱਚ ਸ਼ਹਿਨਸ਼ਾਹ ਜਹਾਂਗੀਰ ਜਹਾਨੋਂ ਕੂਚ ਕਰ ਗਿਆ। ਗੁਰੂ ਹਰਿਗੋਬਿੰਦ ਸਿੰਘ ਜੀ ਦੇ ਸਬੰਧ ਉਸ ਦੇ ਜਾਨਸ਼ੀਨ ਨਾਲ ਚੰਗੇ ਰਹੇ। ਗੁਰੂ ਜੀ ਅਕਸਰ ਲਾਹੌਰ ਆਇਆ ਕਰਦੇ ਸਨ, ਜਿੱਥੇ ਉਨ੍ਹਾਂ ਦੀ ਮੁਲਾਕਾਤ ਸ਼ਾਹਜਹਾਂ ਦੇ ਸਭ ਤੋਂ ਵੱਡੇ ਸ਼ਹਿਜ਼ਾਦੇ ਦਾਰਾ ਸ਼ਿਕੋਹ ਨਾਲ ਹੋਈ, ਜੋ ਉਸ ਸਮੇਂ ਪੰਜਾਬ ਦਾ ਗਵਰਨਰ ਸੀ। ਦਾਰਾ ਸ਼ਿਕੋਹ ਬੜਾ ਸੰਤ ਸੁਭਾਅ, ਪਰਹੇਜ਼ਗਾਰ, ਨਰਮ, ਮੋਮ-ਦਿਲ, ਇੱਕ ਉਦਾਰ ਫ਼ਕੀਰ ਸੁਭਾਅ ਵਾਲ਼ਾ ਸੀ ਅਤੇ ਹਰ ਵੇਲ਼ੇ ਪਰਮਾਤਮਾ ਦੀ ਬੰਦਗੀ ਵਿੱਚ ਰਹਿੰਦਾ ਸੀ। ਕਈ ਉਪਨਿਸ਼ਦਾਂ ਦਾ ਤਰਜਮਾ ਇਸ ਨੇ ਫ਼ਾਰਸੀ ਵਿੱਚ ਕਰਵਾਇਆ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਤ ਸੁਭਾਅ ਤੇ ਬਹਾਦਰੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦਾ ਗੂੜ੍ਹਾ ਮਿੱਤਰ ਬਣ ਗਿਆ। ਦਾਰਾ ਸ਼ਿਕੋਹ ਦੇ ਕਹਿਣ ਉੱਤੇ ਗੁਰੂ ਜੀ ਨੇ ਆਪਣਾ ਬਹੁਤਾ ਸਮਾਂ ਲਾਹੌਰ ਵਿੱਚ ਬਤੀਤ ਕੀਤਾ। ਉਹ ਜਦੋਂ ਵੀ ਕਸ਼ਮੀਰ ਘੁੰਮਣ ਜਾਂਦਾ ਤਾਂ ਗੁਰੂ ਜੀ ਨੂੰ ਆਪਣੇ ਨਾਲ ਜਾਣ ਦੀ ਬੇਨਤੀ ਜ਼ਰੂਰ ਕਰਦਾ।

ਸ਼ਾਹਜਹਾਂ ਦੇ ਅਖ਼ੀਰਲੇ ਦਿਨਾਂ ਵਿੱਚ ਸਾਰਾ ਰਾਜ ਪ੍ਰਬੰਧ ਦਾਰਾ ਸ਼ਿਕੋਹ ਨੇ ਹੀ ਸੰਭਾਲ ਰੱਖਿਆ ਸੀ, ਕਿਉਂਕਿ ਸ਼ਾਹਜਹਾਂ ਇਤਨਾ ਨਿਢਾਲ ਹੋ ਚੁਕਾ ਸੀ ਕਿ ਉਹ ਰੋਜ਼ਾਨਾ ਦੇ ਕੰਮਾਂ-ਕਾਜਾਂ ਦਾ ਧਿਆਨ ਨਹੀਂ ਰੱਖ ਸਕਦਾ ਸੀ। ਉਸਨੇ ਅਜਿਹਾ ਪ੍ਰਬੰਧ ਕੀਤਾ ਕਿ ਰਾਜਧਾਨੀ ਦੀਆਂ ਖ਼ਬਰਾਂ ਕਿਸੇ ਸੂਬੇ ਵਿੱਚ ਨਾ ਪਹੁੰਚ ਸਕਣ। ਆਪਣੇ ਬੰਦੇ ਮੁੱਖ ਰਸਤਿਆਂ ਉੱਤੇ ਤਾਇਨਾਤ ਕਰ ਦਿੱਤੇ, ਪਰ ਬਾਕੀ ਤਿੰਨ ਭਰਾਵਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ।

ਦਾਰਾ ਸ਼ਿਕੋਹ ਰਾਜ ਦੇ ਘਾਟੇ-ਵਾਧੇ ਦਾ ਜ਼ਿੰਮੇਵਾਰ ਸੀ, ਪਰ ਉਹ ਔਰੰਗਜ਼ੇਬ ਤੋਂ ਭੈਅ ਖਾਂਦਾ ਸੀ, ਔਰੰਗਜ਼ੇਬ ਦੇ ਖ਼ਿਲਾਫ਼ ਸਾਰਾ ਬੰਦੋਬਸਤ ਕਰਨ ਦੇ ਬਾਵਜੂਦ ਵੀ ਉਹ ਔਰੰਗਜ਼ੇਬ ਨੂੰ ਮਾਤ ਨਾ ਪਾ ਸਕਿਆ। ਔਰੰਗਜ਼ੇਬ ਨੇ ਪਹਿਲਾਂ ਆਪਣੇ ਪਿਤਾ ਸ਼ਾਹਜਹਾਂ ਨੂੰ ਆਗਰੇ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ, ਫਿਰ ਉਸ ਨੇ ਤਖ਼ਤ ਦੇ ਵਾਰਿਸ ਦਾਰਾ ਸ਼ਿਕੋਹ ਦੀ ਜਾਨ ਵੀ ਲੈਣੀ ਚਾਹੀ। ਇਹ ਪਤਾ ਲੱਗਣ ’ਤੇ ਦਾਰਾ ਸ਼ਿਕੋਹ ਕਾਬਲ ਪਹੁੰਚਣ ਵਾਸਤੇ ਭੱਜ ਤੁਰਿਆ ਅਤੇ ਦਰਿਆ ਬਿਆਸ ਲੰਘ ਕੇ ਗੋਇੰਦਵਾਲ ਸਾਹਿਬ ਵਿਖੇ ਗੁਰੂ ਹਰਿ ਰਾਇ ਜੀ ਪਾਸ ਪੁੱਜਾ। ਦਾਰਾ ਸ਼ਿਕੋਹ ਦੇ ਸਬੰਧ ਸ਼ੁਰੂ ਤੋਂ ਹੀ ਗੁਰੂ ਹਰਿ ਰਾਇ ਜੀ ਨਾਲ ਵੀ ਚੰਗੇ ਸਨ। ਇੱਕ ਤਾਂ ਦਾਰਾ ਸ਼ਿਕੋਹ ਵੈਸੇ ਵੀ ਸਾਧੂ ਸੰਤਾਂ ਦਾ ਸਤਿਕਾਰ ਕਰਨ ਵਾਲ਼ਾ ਸੀ ਅਤੇ ਦੂਜਾ ਉਸ ਨੂੰ ਇੱਕ ਭਿਆਨਕ ਬੀਮਾਰੀ ਤੋਂ ਗੁਰੂ ਜੀ ਵੱਲੋਂ ਭੇਜੀ ਦਵਾਈ ਨਾਲ ਆਰਾਮ ਆਇਆ ਸੀ। ਦਾਰਾ ਸ਼ਿਕੋਹ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਔਰੰਗਜ਼ੇਬ ਦੀ ਫ਼ੌਜ ਫੜਨ ਆਈ ਹੋਈ ਹੈ। ਜੇ ਤੁਸੀਂ ਇਨ੍ਹਾਂ ਨੂੰ ਦੋ ਪਹਿਰ ਦਰਿਆ ਨਾ ਪਾਰ ਹੋਣ ਦਿੱਤਾ ਤਾਂ ਮੇਰੀ ਜਾਨ ਬਚ ਜਾਵੇਗੀ। ਗੁਰੂ ਜੀ ਨੇ ਦਇਆ ਕਰਕੇ ਆਪਣੇ ਬਾਈ ਸੌ ਅਸਵਾਰ ਅਤੇ ਤਿੰਨ ਤੋਪਾਂ ਭੇਜ ਕੇ ਬਿਆਸ ਦਰਿਆ ਨੇੜੇ ਚਾਰੇ ਪਾਸੇ ਫੈਲਾਅ ਦਿੱਤੀਆਂ ਤੇ ਬੇੜੀਆਂ ਰੋਕ ਦਿੱਤੀਆਂ। ਦਾਰਾ ਸ਼ਿਕੋਹ ਨਾਲ ਉਸ ਦੀ ਆਪਣੀ ਵੀਹ ਹਜ਼ਾਰ ਦੀ ਸੈਨਾ ਵੀ ਸੀ, ਪਰ ਅਸਲ ਵਿੱਚ ਦਾਰਾ ਸ਼ਿਕੋਹ ਪੰਜਾਬ ਵਿੱਚ ਔਰੰਗਜ਼ੇਬ ਦਾ ਮੁਕਾਬਲਾ ਕਰਨ ਦੇ ਵਿਚਾਰ ਨਾਲ ਨਹੀਂ ਆਇਆ ਸੀ ਅਤੇ ਨਾ ਹੀ ਉਹ ਇੰਨੀ ਹਿੰਮਤ ਰੱਖਦਾ ਸੀ, ਕਿਉਂਕਿ ਇਸ ਤੋਂ ਪਹਿਲਾਂ ਵੀ ਦਾਰਾ ਸ਼ਿਕੋਰ ਹਾਰ ਚੁਕਾ ਸੀ ਤੇ ਹੁਣ ਉਹ ਮੁੜ ਹਾਰ ਦਾ ਮੂੰਹ ਨਹੀਂ ਦੇਖਣਾ ਚਾਹੁੰਦਾ ਸੀ। ਗੁਰੂ ਦੀਆਂ ਫ਼ੌਜਾਂ ਨੇ ਦਰਿਆ ਦੇ ਕੰਢੇ ਉੱਪਰ ਬੇੜੀਆਂ ਰੋਕ ਦਿੱਤੀਆਂ ਅਤੇ ਔਰੰਗਜ਼ੇਬ ਦੀ ਫ਼ੌਜ ਦਰਿਆ ਪਾਰ ਨਾ ਕਰ ਸਕੀ। ਇੱਕ ਦਿਨ ਫ਼ੌਜ ਰੁਕਣ ਪਿੱਛੋਂ ਵਾਪਿਸ ਮੁੜ ਗਈ। ਗੁਰੂ ਜੀ ਦਾ ਉਸ ਨਾਲ ਚੰਗਾ ਪ੍ਰੇਮ ਹੋਣ ਕਰਕੇ ਉਸ ਨੂੰ ਲਾਹੌਰ ਤੱਕ ਛੱਡਣ ਨਾਲ ਗਏ ਅਤੇ ਜਦੋਂ ਦਾਰਾ ਸ਼ਿਕੋਹ ਲਾਹੌਰ ਪਹੁੰਚ ਗਿਆ ਤਾਂ ਗੁਰੂ ਜੀ ਵਾਪਿਸ ਮੁੜ ਆਏ। ਇਸ ਗੱਲ ਦਾ ਔਰੰਗਜ਼ੇਬ ਨੇ ਬੁਰਾ ਮਨਾਇਆ ਤੇ ਉਸ ਦੇ ਅਹਿਲਕਾਰਾਂ ਨੇ ਬਾਦਸ਼ਾਹ ਦੀ ਨਾਰਾਜ਼ਗੀ ਤੋਂ ਗੁਰੂ ਜੀ ਨੂੰ ਜਾਣੂੰ ਕਰਾਇਆ। ਗੁਰੂ ਜੀ ਨੇ ਦੱਸਿਆ ਕਿ ਗੁਰੂ ਨਾਨਕ ਦਾ ਦਰ ਤਾਂ ਹਰ ਕਮਜ਼ੋਰ ਤੇ ਬੇ-ਸਹਾਰਿਆਂ ਲਈ ਖੁੱਲ੍ਹਾ ਹੈ।

ਇਸੇ ਤਰ੍ਹਾਂ ਸਰੂਪ ਦਾਸ ਭੱਲਾ ਮਹਿਮਾ ਪ੍ਰਕਾਸ਼ ਸਾਖ਼ੀ ਸੱਤਵੇਂ ਮਹਿਲ ਕੀ, ਸਾਖੀ ਨੰ: 3 ’ਚ ਦਰਜ ਮਿਲਦਾ ਹੈ:

“ਤਿਨ ਜਾਇ ਲਿਖਾ ਸਤਿਗੁਰ ਕਉ ਦੀਆ
ਪੜ੍ਹ ਦੀਵਾਨ ਅਰਦਾਸ ਗੁਰਿ ਕੀਆ”
“ਇਕ ਗਜਮੋਤੀ ਅਰ ਲੌਂਗ ਹਰੀੜ,
ਮਾਂਗੀ ਬਾਦਸ਼ਾਹ ਕਾਰਜ ਹੈ ਭੀੜ।
ਜੋ ਦੇਵੇ ਦਿਆਲ ਦੇਖ ਤਿਸ ਚਾਹ,
ਉਚਿਤ ਨਾਹੀ ਦੇਨਾ ਬਾਦਸ਼ਾਹ।”

## ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼

ਔਰੰਗਜ਼ੇਬ ਦੇ ਸ਼ਾਸਨ-ਕਾਲ ਦੌਰਾਨ ਨਵਾਬ ਰਹੀਮ ਬਖ਼ਸ਼ ਪਟਨਾ ਦਾ ਮਾਲਕ ਸੀ। ਦੂਜਾ ਭਰਾ ਨਵਾਬ ਕਰੀਮ ਬਖ਼ਸ਼ ਫ਼ੌਜ ਦਾ ਇੰਚਾਰਜ ਸੀ। ਲੇਖਕ ਇਕਬਾਲ ਸਿੰਘ ਦੀ ਪੁਸਤਕ ‘ਮੁਸਲਮਾਣੁ ਕਹਾਵਣੁ ਮੁਸਕਲੁ’ ਅਨੁਸਾਰ ਅਸਾਮ ਦੀ ਬਗ਼ਾਵਤ ਸਮੇਂ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਨੂੰ ਭੇਜਿਆ ਕਿ ਅਸਾਮ ਸਰ ਕਰਕੇ ਆਓ। ਉਸੇ ਸਮੇਂ ਸਾਹਿਬ ਗੁਰੂ ਤੇਗ਼ ਬਹਾਦਰ ਜੀ ਤੀਰਥ ਯਾਤਰਾ ਕਰਦੇ ਸਮੇਂ ਪਟਨਾ ਪਹੁੰਚੇ ਤਾਂ ਨਵਾਬ ਰਹੀਮ ਬਖ਼ਸ਼ ਦੇ ਸੁੱਕੇ-ਉਜੜੇ ਬਾਗ਼ ਵਿੱਚ ਜਾ ਉਤਾਰਾ ਕੀਤਾ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਬਾਗ਼ ਹਰਾ-ਭਰਾ ਹੋ ਗਿਆ। ਨਵਾਬ ਰਹੀਮ ਬਖ਼ਸ਼ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਚੰਗੀ ਭੇਟਾ ਲੈ ਕੇ ਹਾਜ਼ਰ ਹੋਇਆ। ਭਾਈ ਜੈਤਾ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਨਿਤਾਪ੍ਰਤੀ ਦੀਵਾਨ ਲੱਗਣ ਲੱਗੇ। ਅੰਮ੍ਰਿਤ ਵੇਲ਼ੇ ਆਸਾ ਕੀ ਵਾਰ ਦਾ ਕੀਰਤਨ ਤੇ ਦੁਪਹਿਰੇ ਦੀਵਾਨ ਵਿੱਚ ਗੁਰੂ ਗਾਥਾ ਉਪਰੰਤ ਸੋਦਰ ਦਾ ਪਾਠ ਹੁੰਦਾ। ਦਿਨੋਂ-ਦਿਨ ਸੰਗਤ ਵਧਦੀ ਗਈ। ਦੀਵਾਨ ਵਿੱਚ ਨਵਾਬ ਭਰਾ ਵੀ ਹਾਜ਼ਰ ਹੁੰਦੇ। ਸੰਗਤ ਦੇ ਭਾਰੀ ਇਕੱਠ ਵਜੋਂ ਭਾਈ ਜੈਤੇ ਨੂੰ ਛੋਟਾ ਭਰਾ ਸਮਝ ਰਹੀਮ ਬਖ਼ਸ਼ ਨੇ ਗੰਗਾ ਕੰਢੇ ਗੁਰੂ ਜੀ ਨੂੰ ਆਪਣੀ ਹਵੇਲੀ ਅਰਦਾਸ ਕਰਵਾ ਦਿੱਤੀ। ਚਮਾਸਾ ਕੱਟ ਕੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਢਾਕਾ ਜਾਣ ਦੀ ਤਿਆਰੀ ਕੀਤੀ।

## ਨਵਾਬ ਸ਼ਾਇਸਤਾ ਖ਼ਾਂ

ਸ਼ਾਹਜਹਾਂ ਦੇ ਦਰਬਾਰ ਵਿੱਚ ਆਸਮ ਖ਼ਾਨ ਵਜ਼ੀਰ ਸੀ, ਦੂਜੇ ਪਾਸੇ ਬੇਗ਼ਮ ਨੂਰਜਹਾਂ ਦਾ ਰਿਸ਼ਤੇ ’ਚ ਭਰਾ ਸੀ। ਉਸ ਦਾ ਇੱਕ ਪੁੱਤਰ ਸੀ ਨਵਾਬ ਸ਼ਾਇਸਤਾ ਖ਼ਾਨ, ਜੋ ਔਰੰਗਜ਼ੇਬ ਦਾ ਰਿਸ਼ਤੇ ਵਿੱਚ ਮਾਮਾ ਲੱਗਦਾ ਸੀ। ਇਹ ਸਭ ਧਰਮਾਂ ਨੂੰ ਸਤਿਕਾਰਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਸ਼ਾਇਸਤਾ ਖ਼ਾਨ, ਅਕਬਰ ਤੋਂ ਬਾਅਦ ਅਜਿਹਾ ਇਨਸਾਨ ਹੋਇਆ, ਜਿਹੜਾ ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਇਸ ਨੂੰ 1648 ਵਿੱਚ ਬਰਾਰ ਹਾਕਮ ਥਾਪਿਆ ਗਿਆ ਤੇ 1652 ਈ. ਵਿੱਚ ਇਸ ਨੂੰ ਗੁਜਰਾਤ ਦੇ ਹਾਕਮ ਦੀ ਉਪਾਧੀ ਮਿਲੀ। ਇਸ ਦੇ ਦਰਬਾਰ ’ਚ ਕਈ ਉੱਚ ਪਦਵੀਆਂ ’ਤੇ ਹਿੰਦੂ ਜਾਤੀ ਨਾਲ ਸਬੰਧਿਤ ਵਫ਼ਾਦਾਰ ਵਿਅਕਤੀ ਬਿਰਾਜਮਾਨ ਸਨ, ਜਿਵੇਂ ਰਾਜਾ ਭਗਵੰਤ ਦਾਸ, ਰਾਏ ਨੰਦ ਲਾਲ, ਕਾਂਸ਼ੀ ਦਾਸ, ਮੁਰਲੀਧਰ, ਪ੍ਰਬਲ ਦਾਸ ਨੂੰ ਮੁਨਸ਼ੀ ਤੇ ਰਾਜਾ ਸੁਬਲ ਸਿੰਘ ਸਸੋਧੀਆ ਨੂੰ ਫ਼ੌਜਦਾਰ ਬਣਾਇਆ ਹੋਇਆ ਸੀ। 1664 ਵਿੱਚ ਢਾਕਾ ਦਾ ਸੂਬੇਦਾਰ ਬਣਨ ਤੋਂ ਬਾਅਦ ਇਸ ਨੇ ਆਪਣੀ ਸਾਰੀ ਜ਼ਿੰਦਗੀ ਢਾਕਾ ਵਿੱਚ ਗੁਜ਼ਾਰੀ। ਔਰੰਗਜ਼ੇਬ ਹਿੰਦੂਆਂ ਦੇ ਵਿਰੁੱਧ ਹੋਣ ਕਰਕੇ ਇਸ ਨੂੰ ਹਿੰਦੂ ਅਮਲੇ ਦੀ ਛਾਂਟੀ ਕਰਨ ਦਾ ਹੁਕਮ ਦਿੱਤਾ ਗਿਆ, ਪਰ ਇਸ ਧਰਮ ਨਿਰਪੱਖ ਇਨਸਾਨ ਨੇ ਔਰੰਗਜ਼ੇਬ ਦੀ ਇੱਕ ਨਾ ਮੰਨੀ।

ਗੁਰੂ ਤੇਗ਼ ਬਹਾਦਰ ਜੀ ਦੀ ਢਾਕਾ ਯਾਤਰਾ ਦੌਰਾਨ ਇਹ ਗੁਰੂ ਜੀ ਦੇ ਸੰਪਰਕ ਵਿੱਚ ਆਇਆ। ਗੁਰੂ ਜੀ ਦੀ ਵਿਚਾਰਧਾਰਾ ਤੋਂ ਬੇਹੱਦ ਪ੍ਰਭਾਵਿਤ ਹੋ ਕੇ ਗੁਰੂ ਤੇਗ਼ ਬਹਾਦਰ ਜੀ ਦਾ ਪੱਕਾ ਸੇਵਾਦਾਰ ਬਣ ਗਿਆ। ਜਿੰਨਾ ਸਮਾਂ ਗੁਰੂ ਜੀ ਢਾਕਾ ਯਾਤਰਾ ’ਤੇ ਰਹੇ ਤਾਂ ਇਹ ਨਿਰੰਤਰ ਹਾਜ਼ਰੀ ਭਰਦਾ ਰਿਹਾ ਤੇ ਇਸ ਨੇ ਆਪਣੀ ਜਗੀਰ ’ਚੋਂ ਇੱਕ ਤਿਹਾਈ ਹਿੱਸਾ ਨਾਨਕ ਪੰਥੀ ਅਖਾੜੇ ਦੇ ਨਾਂ ਕੀਤੀ, ਜਿੱਥੇ ਭਗਵਾਨ ਦਾਸ ਨਾਨਕ ਪੰਥੀ ਸੀ। ਉਸੇ ਜ਼ਮੀਨ ’ਤੇ ਅੱਜ ਕੱਲ੍ਹ ਢਾਕਾ ਯੂਨੀਵਰਸਿਟੀ, ਮੈਡੀਕਲ ਕਾਲਜ-ਹਸਪਤਾਲ ਅਤੇ ਸੰਗਤ ਤੋਲਾ ਗੁਰਦੁਆਰਾ ਬਣਿਆ ਹੋਇਆ ਹੈ। ਦੂਜੇ ਧਰਮਾਂ ਕਰਕੇ ਹੀ ਇਹ ਔਰੰਗਜ਼ੇਬ ਨੂੰ ਰੜਕਦਾ ਸੀ। 93 ਸਾਲ ਉਮਰ ਹੰਢਾ ਕੇ 31 ਮਈ 1694 ਈ. ਨੂੰ ਨਵਾਬ ਸ਼ਾਇਸਤਾ ਖਾਂ ਅੱਲ੍ਹਾ ਨੂੰ ਪਿਆਰਾ ਹੋ ਗਿਆ।

## ਕਹਾਣੀ

ਚਰਨ ਸਿੰਘ ਸ਼ਹੀਦ




# ਦਿੱਬ ਦ੍ਰਿਸ਼ਟੀ

ਇੱਕ ਦਿਨ ਬਾਬੇ ਨੇ ਸਾਰੇ ਪਿੰਡ ਦੀਆਂ ਮੰਜੀਆਂ ਅਕਠੀਆਂ ਕਰ ਆਂਦੀਆਂ ਤੇ ਆਪਣੇ ਕੋਠੇ ਉਤੇ ਚੜ੍ਹਾ ਕੇ ਇੱਕ ਉਤੇ ਦੂਜੀ, ਦੂਜੀ ਉਤੇ ਤੀਜੀ, ਅਤੇ ਅਈਦਾਂ ਹੀ ਈਂਗੜੀ-ਪਤੀਂਗੜੀ ਕਈ ਮੰਜੀਆਂ ਧਰ ਲਈਆਂ ਤੇ ਆਪ ਸਭ ਦੇ ਉਪਰ ਚੜ੍ਹ ਕੇ ਖਲੋ ਗਿਆ। ਸਾਰੇ ਲੋਕੀਂ ਹੈਰਾਨੀ ਨਾਲ ਉਂਗਲਾਂ ਦੀ ਥਾਂ ਬੁੱਲ੍ਹ ਟੁੱਕਣ ਲੱਗ ਪਏ, ਪਈ ਬਾਬਾ ਕੀ ਕਲਾ ਵਰਤਾਉਣ ਲੱਗਾ ਹੈ?

ਬੇਬੇ ਕਹਿੰਦੀ ਫਿਰੇ ਅਖੇ ਅਸਮਾਨ ਨੂੰ ਟਾਕੀ ਲਾਉਣ ਲੱਗਾ ਏ। ਕਈ ਦਿਨਾਂ ਤੋਂ ਕੱਛਾਂ ਮਾਰਦਾ ਫਿਰਦਾ ਸੀ ਕਿ ਅਸੀਂ ਫੀਮ ਦਾ ਅਮਲ ਲਾ ਲੈਣਾ ਏਂ, ਇਹ ਬੜਾ ਬਾਦਸ਼ਾਹੀ ਅਮਲ ਏ ਤੇ ਅੱਜ ਮਸਾਂ ਕੁ ਜਹੇ ਕੋਈ ਖ਼ਸਖ਼ਸ ਦੇ ਦਾਣੇ ਜਿੰਨੀ ਫੀਮ ਖਾ ਬੈਠਾ ਏ ਤੇ ਕਿਸੇ ਦੀ ਸੁਣਦਾ ਹੀ ਨਹੀਂ, ਕਹਿੰਦਾ ਏ ਮੈਂ ਰੱਬ ਨਾਲ ਗੱਲਾਂ ਕਰਨੀਆਂ ਨੇ।

ਬਾਬਾ ਸਭ ਤੋਂ ਉਪਰਲੀ ਮੰਜੀ 'ਤੇ ਖਲੋ ਕੇ ਲੱਗਾ ਏਲਾਨ ਕਰਨ, "ਓਏ ਮੇਰਿਆ ਰੱਬਾ! ਮਾਸਾ ਕੁ ਬਹੁਤ ਪਓ। ਮੈਂ ਸਹੁੰ ਬਾਪੂ ਦੀ ਤੇਰੇ ਨਾਲ ਦੋ ਗੱਲਾਂ ਨਹੀਂ ਕਰਦਾ, ਇੱਕੋ ਹੀ ਕਰੂੰ। ਹੁਣ ਤੇ ਮੈਂ ਲਾਗੇ ਆ ਗਿਆ ਵਾਂ। ਸੁਣੀਂਦਾ ਏ ਤੂੰ ਬੜਾ ਸਾਊ ਏਂ, ਓ ਗੰਨਾ ਮੰਗੀਏ ਤਾਂ ਗੁੜ ਦੀ ਪੰਡ ਦੇ ਦੇਨਾ ਏਂ। ਜੇ ਤੇਰੀ ਬੇਬੇ ਗੰਗੋ ਤੈਨੂੰ ਮੇਰੇ ਨਾਲ ਹੱਥ ਮਿਲਾਉਣ ਦੀ ਇਜਾਜ਼ਤ ਨਹੀਂ ਦੇਂਦੀ ਤਾਂ ਮੈਂ ਆਪਣੀ ਗੰਗੋ ਦੀ ਸੁਪਾਰਸ਼ ਪੁਆ ਲਿਆਵਾਂ? ਉਹਨੂੰ ਸੂਬੇਦਾਰਨੀਆਂ ਤੀਕ ਸੱਦੇ ਭੇਜ ਕੇ ਪ੍ਰੀਤੀ ਭੋਜਨਾ 'ਤੇ ਬੁਲਾਉਂਦੀਆਂ ਨੇ। ਜੇ ਤੂੰ ਮੂਸੇ ਨੂੰ ਕੋਹਤੂਰ ਤੇ ਦਰਸ਼ਨ ਦਿੱਤੇ ਸਨ ਤਾਂ ਅੱਜ ਬਾਬੇ ਵਰਿਆਮੇ ਨੂੰ ਮੰਜੀਆਂ ਦੇ ਮੁਨਾਰੇ ਉਤੇ ਦਰਸ਼ਨ ਦੇਣੋਂ ਕਿਉਂ ਸੰਗਦਾ ਏਂ?"

ਪਹਿਲੇ ਤਾਂ ਲੋਕਾਂ ਦੇ ਹੱਸ ਹੱਸ ਕੇ ਢਿੱਡੀ ਪੀੜਾਂ ਪੈ ਗਈਆਂ, ਪਰ ਜਦ ਸੱਚ ਮੁੱਚ ਰੱਬ ਖੁਦ ਸਾਮਰ ਤੱਖ ਪ੍ਰਗਟ ਹੋ ਪਿਆ ਤਾਂ ਉਹਦੇ ਨੂਰ ਨਾਲ ਸਭ ਦੀਆਂ ਅੱਖਾਂ ਮੀਟੀਆਂ ਗਈਆਂ।

ਰੱਬ ਨੇ ਬਾਬੇ ਨੂੰ ਕਿਹਾ, ਮੰਗ ਲੈ ਜੋ ਕੁਝ ਮੰਗਣਾ ਈਂ। ਬਾਬੇ ਮੰਗਿਆ, "ਮੈਨੂੰ ਉਹ ਦਿੱਬ ਦ੍ਰਿਸ਼ਟੀ ਬਖ਼ਸ਼ੋ, ਜਿਸ ਨਾਲ ਦਿਸ ਪਵੇ ਪਈ ਪਿਛਲੇ ਜਨਮ ਕੋਈ ਕੀ ਸੀ?"

ਰੱਬ ਜੀ ਤਾਂ 'ਤਥਾ ਅਸਤੂ' ਆਖ ਕੇ ਪੱਤਰਾਵਾਚ ਗਏ ਤੇ ਬਾਬੇ ਹੁਰਾਂ ਨੇ ਚਾਈਂ ਚਾਈਂ ਮੰਜੀਆਂ ਦੇ ਉਤੋਂ ਹੀ ਛਾਲ ਮਾਰ ਦਿੱਤੀ, ਬੜੀਆਂ ਸੱਟਾਂ ਲੱਗੀਆਂ। ਉਤੋਂ ਬੇਬੇ ਗੰਗੋ ਨੇ ਤੌੜੀ ਲਾਈ, ਗੱਲ ਕੀ ਬਾਬੇ ਨੂੰ ਰੱਬ ਦੇ ਦਰਸ਼ਨ ਬੜੇ ਮਹਿੰਗੇ ਪਏ। ਦਿਲ ਫੇਰ ਵੀ ਖ਼ੁਸ਼ ਸੀ ਕਿ ਐਸੀ ਤਾਕਤ ਮਿਲ ਗਈ ਹੈ, ਜੋ ਅਮਰੀਕਾ ਦੇ ਪ੍ਰਧਾਨ ਤੇ ਬਰਤਾਨੀਆਂ ਦੇ ਸ਼ਹਿਨਸ਼ਾਹ ਪਾਸ ਵੀ ਨਹੀਂ।

ਰਾਤੀਂ ਤਾਂ ਆਪ ਕੰਨ ਵਲ੍ਹੇਟ ਕੇ ਸੌਂ ਗਏ, ਪਰ ਸਵੇਰੇ ਉਠਦਿਆਂ ਹੀ ਜਦ ਬੇਬੇ ਗੰਗੋ ਵੱਲ ਗਹੁ ਨਾਲ ਵੇਖਿਆ ਤਾਂ ਉਹਦਾ ਪਹਿਲਾ ਜਨਮ ਦਿਸ ਪਿਆ। ਉਹ ਪਹਿਲੇ ਜਨਮ ਵਿੱਚ ਭੜਭੂੰਜਣ ਸੀ ਤੇ ਐਸੀ ਬੇ-ਸ਼ਕਲ ਕਿ ਬਾਬੇ ਨੂੰ ਉਤਾੜ ਆਉਣ ਨੂੰ ਕਰੇ। ਨਿੱਕੇ ਮੁੰਡੇ ਵੱਲ ਵੇਖਿਆ ਤਾਂ ਉਹ ਬਾਬੇ ਦਾ ਪਿਛਲੇ ਜਨਮ ਦਾ ਹੈੱਡ ਮਾਸਟਰ ਨਿਕਲ ਆਇਆ ਜਾਂ ਬਾਬੇ ਨੇ ਆਪਣੇ ਵੱਲ ਨਜ਼ਰ ਮਾਰੀ ਤਾਂ ਮਲੂਮ ਹੋਇਆ ਕਿ ਹਜ਼ੂਰ ਪਿਛਲੇ ਜਨਮ ਵਿੱਚ ਨਰਮਤ ਰਿਸ਼ੀ ਹੁੰਦੇ ਸਨ। ਪਰ ਇੰਦਰ ਨੇ ਆਪਣੀ ਵਾਦੀ ਅਨੁਸਾਰ ਆਪ ਦਾ ਤਪ ਤੇਜ ਨਸ਼ਟ ਕਰਵਾਇਆ ਤੇ ਆਪ ਪਾਪੀ ਬਣ ਕੇ ਏਸ ਜਨਮ ਵਿੱਚ ਗੰਗੋ ਦੇ ਘਰ ਵਾਲੇ ਆ ਬਣੇ। ਗੰਗੋ ਵੱਲ ਵੇਖ ਕੇ ਬਦੋਬਦੀ ਬਾਬੇ ਦੇ ਮੂੰਹੋਂ ਨਿਕਲ ਗਿਆ, "ਏਥਾਂ, ਪਿਛਲੇ ਜਨਮ ਦੀ ਭੜਭੂੰਜਣ ਮੈਨੂੰ ਕਿੰਦਾਂ ਘੂਰਦੀ ਰਹਿੰਦੀ ਏ...?" ਬੱਸ ਜੀ, ਫੇਰ ਤਾਂ ਰੱਬ ਦੇ ਤੇ ਬੰਦਾ ਸਹੇ, ਬਾਬੇ ਨੇ ਚੀਕਾਂ ਮਾਰ ਕੇ ਆਪਣੇ ਛੋਟੇ ਮੁੰਡੇ ਨੂੰ ਬੁਲਾਇਆ ਤੇ ਕਿਹਾ, "ਹੈੱਡਮਾਸਟਰ ਜੀ! ਮੈਨੂੰ ਬਚਾਓ।" ਹੁਣ ਤਾਂ ਗੰਗੋ ਨੂੰ ਯਕੀਨ ਹੋ ਗਿਆ ਕਿ ਬਾਬਾ ਪਾਗਲ ਹੋ ਗਿਆ ਏ, ਪਰ ਬਾਬੇ ਨੂੰ ਹੋ ਗਈ ਸੀ ਦਿੱਬ ਦ੍ਰਿਸ਼ਟੀ।

ਰੌਲਾ ਰੱਪਾ ਸੁਣ ਕੇ ਪਿੰਡ ਦੇ ਜ਼ਨਾਨੀਆਂ-ਮੁੰਡੇ ਸਭ ਅਕੱਠੇ ਹੋ ਗਏ। ਜਿਹੜਾ ਆਵੇ ਬਾਬਾ ਉਹਨੂੰ ਦੱਸ ਦੇਵੇ ਕਿ ਉਹ ਪਿਛਲੇ ਜਨਮ ਵਿੱਚ ਕੌਣ ਹੁੰਦਾ ਸੀ? ਚੌਧਰੀ ਨੱਥਾ ਸਿੰਘ ਦੀ ਵਹੁਟੀ ਪਿਛਲੇ ਜਨਮ ਵਿੱਚ ਲੰਬੜਦਾਰ ਦੀ ਵਹੁਟੀ ਨਿਕਲੀ। ਉਹ ਓਥੇ ਹੀ ਲੰਬੜਦਾਰ ਨੂੰ ਗਾਲ੍ਹਾਂ ਕੱਢਣ ਲੱਗ ਪਈ ਤੇ ਨੱਥਾ ਸਿਹੁੰ ਵਹੁਟੀ ਨੂੰ ਪਿੱਕੇ ਦੇਣ ਲੱਗ ਪਿਆ ਕਿ ਮੈਂ ਤੈਨੂੰ ਘਰ ਨਹੀਂ ਵਸਾਉਣਾ। ਲੰਬੜਦਾਰ ਦੀ ਵਹੁਟੀ ਪਿਛਲੇ ਜਨਮ ਵਿੱਚ ਉਹਦੀ ਨਾਨੀ ਸੀ, ਉਹ ਵੀ ਕੰਨਾਂ ਨੂੰ ਖਿੱਚਣ ਲੱਗ ਪਿਆ ਕਿ ਮੁੜ ਕੇ ਕਦੀ ਉਸ ਵੱਲ ਅੱਖ ਚੁੱਕ ਕੇ ਨਹੀਂ ਵੇਖਾਂਗਾ।

ਰਹੀਮੇ ਨੂੰ ਬਾਬੇ ਨੇ ਦੱਸਿਆ ਕਿ ਤੂੰ ਪਿਛਲੇ ਜਨਮ ਕੁੱਤਾ ਸੈਂ ਤੇ ਫੌਜਾ ਸਿੰਘ ਖੋਤਾ ਸੀ, ਉਹ ਦੋਵੇਂ ਇੱਕ ਦੂਏ ਨੂੰ ਛੇੜਦੇ ਛੇੜਦੇ ਲੜ ਪਏ ਤੇ ਡਾਂਗਾਂ ਮਾਰ ਮਾਰ ਕੇ ਸਿਰ ਪਾੜ ਲਏ।

ਭਾਨੇ ਸ਼ਾਹ ਨੂੰ ਬਾਬੇ ਨੇ ਦੱਸਿਆ ਕਿ ਤੇਰੀ ਵਹੁਟੀ ਰਾਣੀ ਹੁੰਦੀ ਸੀ ਤੇ ਤੂੰ ਉਸ ਦਾ ਰਸੋਈਆ ਸੈਂ। ਤੇਰੀਆਂ ਚਾਰੇ ਭੈਣਾਂ ਪਿਛਲੇ ਜਨਮ ਵਿੱਚ ਤੇਰੀਆਂ ਮਤੇਈਆਂ ਮਾਂਵਾਂ ਸਨ। ਭਾਨਾ ਵੀ ਕੰਨਾਂ ਵਿੱਚ ਉਂਗਲਾਂ ਤੁੰਨਦਾ ਰਾਮ ਰਾਮ ਕਰਦਾ ਨੱਠ ਗਿਆ। ਘਰ ਗਿਆ ਤਾਂ ਵਹੁਟੀ ਵਿਟਰ ਬੈਠੀ ਕਿ ਰੋਟੀ ਤੂੰ ਪਕਾ, ਉਹ ਅੱਗੇ ਈ ਕਰਦੀ ਸੀ, ਸੋ ਓਨ੍ਹਾਂ ਦੇ ਘਰ ਲੜਾਈ ਹੋ ਪਈ।

ਗੱਲ ਕੀ ਥੋੜ੍ਹੇ ਜਹੇ ਚਿਰ ਵਿੱਚ ਓਥੇ ਕੁਰਲਾਟ ਪੈ ਗਈ। ਹਰ ਘਰ ਵਿੱਚ ਲੜਾਈ ਤੇ ਗਲੀਆਂ ਵਿੱਚ ਡਾਂਗਾਂ ਸੋਟੇ ਚੱਲਣ ਲੱਗ ਪਏ।

ਮੁੰਡੇ-ਕੁੜੀਆਂ ਦੀ ਕੋਈ ਸਾਰ ਨਾ ਲਵੇ। ਸਭ ਉੱਚੀ ਉੱਚੀ ਰੋਣ, ਮਾਂਵਾਂ ਨੂੰ ਬੁਲਾਉਣ। ਅੱਗੋਂ ਪੁੱਠਾ ਜਵਾਬ ਮਿਲੇ, "ਚੱਲ ਵੇ ਚੱਲ, ਮੈਂ ਤੇਰੀ ਮਾਂ ਨਹੀਂ, ਪਿਛਲੇ ਜਨਮ ਵਿੱਚ ਤੂੰ ਮੇਰਾ ਵੈਰੀ ਹੁੰਦਾ ਸੈਂ।"

ਕੋਈ ਕਹੇ, 'ਮੈਂ ਸਾਲੀ ਹਾਂ, ਜਾ ਕੇ ਮਾਂ ਨੂੰ ਲੱਭ।' ਕੁੜੀਆਂ ਨੂੰ ਉੱਤਰ ਮਿਲਣ, 'ਜਾਹ ਨੀ ਸੌਂਕਣੇ, ਜਾਹ ਨੀ ਸੱਸੇ ਮੱਕਾਰੇ, ਚੱਲ ਖਚਰੀਏ ਨਨਾਣੇ!' ਪਿਓ ਪੁੱਤਾਂ ਨੂੰ ਬੁਲਾਉਣ, 'ਆਓ ਦਾਦਾ ਜੀ, ਚਾਚਾ ਜੀ, ਸਹੁਰਾ ਜੀ!' ਐਸਾ ਰਾਮ ਰੌਲਾ ਪਿਆ ਕਿ ਕੁੱਤੇ ਵੀ ਹਰਾਨ ਹੋ ਕੇ ਚੀਕਾਂ ਮਾਰਨ ਤੇ ਭੌਂਕਣ ਲੱਗੇ। ਓਸ ਰਾਤ ਕਿਸੇ ਦੇ ਘਰ ਚੁਲ੍ਹੇ 'ਚ ਅੱਗ ਨਾ ਬਲੀ।

ਇੱਕ ਖੋਤੇ ਨੂੰ ਬਾਬੇ ਨੇ ਵੇਖ ਕਿਹਾ, ਏਹ ਪਿਛਲੇ ਜਨਮ ਵਿੱਚ ਸਾਡੇ ਪਿੰਡ ਦਾ ਜ਼ੈਲਦਾਰ ਸੀ, ਇੱਕ ਕੁੱਤੇ ਨੂੰ ਆਖਿਆ ਕਿ ਇਹ ਸਾਡਾ ਪ੍ਰੋਹਤ ਸੀ। ਇੱਕ ਬਿੱਲੇ ਨੂੰ ਵੇਖਿਆ ਤਾਂ ਕਹਿਣ ਲੱਗਾ ਇਹ ਪਿਛਲੇ ਜਨਮ ਵਿੱਚ ਵੱਡੇ ਪਿੰਡ ਦਾ ਠਾਣੇਦਾਰ ਸੀ। ਇੱਕ ਕੀੜੀ ਨੂੰ ਵੇਖ ਕੇ ਬੋਲਿਆ ਕਿ ਇਹ ਨਿਹਾਲੋ ਮਿਸ਼ਰਾਣੀ ਹੈ, ਜੋ ਪਿਛਲੇ ਸਾਲ ਪਲੇਗ ਨਾਲ ਮਰ ਗਈ ਸੀ।

ਅਖ਼ੀਰ ਲੋਕਾਂ ਨੇ ਸੋਚਿਆ ਕਿ ਬਾਬੇ ਨੇ ਤਾਂ ਪਿਛਲੇ ਜਨਮਾਂ ਦੇ ਹਾਲ ਦੱਸ ਦੱਸ ਕੇ ਬੜੀ ਗੜਬੜ ਪਾ ਦਿੱਤੀ ਏ। ਹੋਵੇ ਨਾ ਤਾਂ ਇਸਨੂੰ ਅਗਲੇ ਜਹਾਨ ਪੁਚਾਈਏ, ਵਰਨਾ ਇਹ ਖ਼ਬਰੇ ਕੀ ਕੀ ਸਿਆਪੇ ਖੜੇ ਕਰੇਗਾ? ਇਹ ਇਰਾਦਾ ਕਰ ਕੇ ਉਹ ਬਾਬੇ ਨੂੰ ਕੁੱਟਣ ਆ ਪਏ, ਬਾਬੇ ਨੇ ਕਰੋੜਾਂ ਮਿੰਨਤਾਂ ਕਰਕੇ ਜਾਨ ਬਚਾਈ ਤੇ ਕਸਮਾਂ ਖਾਧੀਆਂ ਕਿ ਮੈਂ ਜੋ ਕੁਝ ਦੱਸਿਆ ਹੈ, ਸਭ ਝੂਠ ਹੈ। ਅੱਗੋਂ ਕਦੀ ਕਿਸੇ ਦਾ ਪਿਛਲਾ ਜਨਮ ਨਹੀਂ ਦੱਸਾਂਗਾ...।

ਸੋ ਹੁਣ ਵੀ ਬਾਬਾ ਪਿਛਲੇ ਜਨਮ ਜਾਣਦਾ ਸਭ ਦੇ ਹੈ, ਪਰ ਦਸਦਾ ਕਿਸੇ ਨੂੰ ਨਹੀਂ...। ਕਹਿੰਦਾ ਹੈ ਕਿ ਰੱਬ ਨੇ ਬੜੀ ਅਕਲ ਕੀਤੀ ਏ, ਜੋ ਕਿਸੇ ਨੂੰ ਪਿਛਲੇ ਜਨਮ ਦਾ ਗਿਆਨ ਨਹੀਂ ਹੋਣ ਦੇਂਦਾ, ਨਹੀਂ ਤਾਂ ਇਹ ਦੁਨੀਆਂ ਜੋ ਹੈ ਸਿਆਪਾ ਘਰ ਹੀ ਬਣ ਜਾਵੇ।

---

ਇਕਬਾਲ ਸਿੰਘ ਗੁਨੋਂ ਮਾਜਰਾ
ਫੋਨ: +91-8837555482

# ਬਹੁੜੀਂ ਬਾਬਾ ਡਾਂਗ ਵਾਲਿਆ

"ਵਸ਼ੀਕਰਨ, ਮਨ ਚਾਹਿਆ ਪਿਆਰ, ਬੇ-ਔਲਾਦ ਜੋੜੇ ਮਿਲੋ, ਸੌਂਕਣ ਤੋਂ ਛੁਟਕਾਰਾ, ਕਾਲਾ ਇਲਮ, ਵਪਾਰ ਵਿੱਚ ਵਾਧਾ, ਸੰਕਟ ਮੋਚਨ ਸ਼ਬਦ ਪਾਉ, ਬਿਨ ਦੱਸਿਆਂ ਮਨ ਦੀ ਜਾਣੋਂ, ਵੀਜ਼ੇ ਲਗਵਾਓ" ਆਦਿ ਵਰਗੇ ਅਣਗਿਣਤ ਇਸ਼ਤਿਹਾਰ ਪੰਜਾਬ ਦੇ ਹਰ ਗਲੀ-ਮੋੜ, ਬਿਜਲੀ ਦੇ ਖੰਭਿਆਂ ਅਤੇ ਅਖ਼ਬਾਰੀ ਪੰਨਿਆਂ ਦਾ ਸ਼ਿੰਗਾਰ ਬਣ ਕੇ ਸਾਡੀ ਨੁਹਾਰ ਬਦਲਣ ਦਾ ਦਾਅਵਾ ਕਰਦੇ ਨਜ਼ਰ ਆਉਂਦੇ ਹਨ। ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜਿੱਥੇ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਨੇ ਉਸਾਰੂ ਰੋਲ ਅਦਾ ਕਰਨਾ ਹੁੰਦਾ ਹੈ, ਉੱਥੇ ਇਨ੍ਹਾਂ ਅਦਾਰਿਆਂ ਨਾਲ ਜੁੜੇ ਕਰਮੀਆਂ ਦੇ ਢਿੱਡ ਮਸਲੇ ਨੂੰ ਮੱਦੇਨਜ਼ਰ ਰੱਖਦਿਆਂ ਸਪਲੀਮੈਂਟ, ਇਸ਼ਤਿਹਾਰ ਲੈਣੇ ਵੀ ਪੈਂਦੇ ਹਨ। ਜਿਵੇਂ ਡਾਕਟਰ ਤੇ ਹਕੀਮ ਸਾਨੂੰ ਦਵਾਈ ਦੇ ਨਾਲ ਨਾਲ ਪਰਹੇਜ਼ ਵੀ ਦੱਸਦੇ ਹਨ, ਉੱਥੇ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ "ਇਲਾਜ ਨਾਲੋਂ ਪਰਹੇਜ਼ ਚੰਗਾ ਹੁੰਦਾ।" ਬਿਲਕੁਲ ਇਸੇ ਤਰ੍ਹਾਂ ਹੀ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੁੰਦੇ ਇਸ਼ਤਿਹਾਰਾਂ ਸਬੰਧੀ ਪਾਠਕਾਂ ਨੂੰ ਇਹ ਇਸ਼ਤਿਹਾਰ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰਨ ਦੀ ਹਦਾਇਤ ਵੀ ਕੀਤੀ ਗਈ ਹੁੰਦੀ ਹੈ, ਜੋ ਕਿ ਅਸਲ ਵਿੱਚ ਸਾਨੂੰ ਪਰਹੇਜ਼ ਕਰਨ ਦੀ ਚਿਤਾਵਨੀ ਹੀ ਹੁੰਦੀ ਹੈ, ਪਰ ਅਫਸੋਸ! ਬਹੁਤੇ ਲੋਕ ਪਰਹੇਜ਼ ਕਰਨ ਤੋਂ ਟਾਲਾ ਵੱਟੀ ਬੈਠੇ ਹਨ ਅਤੇ ਮਿਹਨਤ ਦੀ ਅੱਧੀ ਖਾਣ ਨਾਲੋਂ ਕਿਸੇ ਚਮਤਕਾਰੀ ਕ੍ਰਿਸ਼ਮੇ ਦੀ ਸਾਰੀ ਖਾਣ ਦੀ ਵਾਦੀ ਧਾਰਨ ਕਰ ਚੁੱਕੇ ਹਨ।

ਜ਼ਰਾ ਸੋਚੋ, ਜਦੋਂ ਸਾਡੇ ਪੁਰਵਜ ਪੈਦਾ ਹੋਏ ਹੋਣਗੇ ਭਲਾਂ ਉਦੋਂ ਸਾਡੀ ਅੰਮੜੀ ਨੇ ਕਿਹੜੇ ਨਜੂਮੀ ਸੱਦੇ ਹੋਣਗੇ? ਭਲਾਂ ਕਿਹੜੀ ਵਦੀ-ਸੁਦੀ ਵਿਚਾਰੀ ਹੋਵੇਗੀ? ਮੁਆਫ਼ ਕਰਨਾ ਜੇ ਰਾਜੇ ਸਲਵਾਨ ਤੇ ਆਦਮ-ਜਾਮ ਨੇ ਔਲਾਦ ਜੰਮਣ ਸਮੇਂ ਕਿੱਸਾਕਾਰੀ ਪਰੰਪਰਾ ਅਨੁਸਾਰ ਕੁਝ ਕਰਵਾਇਆ ਵੀ ਸੀ ਤਾਂ ਨਤੀਜੇ ਵਜੋਂ ਪੂਰਨ ਨਾਥ ਜੋਗੀ ਅਤੇ ਸੱਸੀ ਤੇ ਅੱਤੇ ਧੋਬੀ ਦੇ ਬਿਰਤਾਂਤ ਤੋਂ ਸਾਨੂੰ ਸਬਕ ਲੈ ਲੈਣਾ ਚਾਹੀਦਾ ਸੀ। ਪੰਜਾਬੀ ਸਾਹਿਤ ਦੀ ਕਾਲ-ਵੰਡ ਅਨੁਸਾਰ ਪੂਰਵ ਨਾਨਕ ਕਾਲ ਤੋਂ ਲੈ ਕੇ ਅੱਜ ਤੱਕ ਅਨੇਕਾਂ ਇਤਿਹਾਸਕ ਤੇ ਮਿਥਿਹਾਸਕ ਘਟਨਾਵਾਂ ਤੋਂ ਸਾਨੂੰ ਸਬਕ ਲੈਣਾ ਬਣਦਾ ਸੀ।

ਟੁੱਟ ਰਹੇ ਸਾਂਝੇ ਪਰਿਵਾਰ, ਧੜਾ ਧੜ ਹੋ ਰਹੇ ਤਲਾਕ ਤੇ ਭਰਾ ਮਾਰੂ ਜੰਗ ਸਿਖਰਾਂ 'ਤੇ ਹੈ। ਮੁਆਫ਼ੀ ਚਾਹੁੰਦਾ ਹਾਂ ਪੰਜਾਬੀਓ, ਅਸਲ ਵਿੱਚ ਸਾਡੀ ਅਗਿਆਨਤਾ ਨੇ ਹੀ ਦੰਭ-ਗੁਰੂ, ਪੁੱਛਾਂ ਦੇਣ ਵਾਲੇ ਬਾਬੇ, ਵਸ਼ੀਕਰਨ ਦੀ ਗਾਰੰਟੀ ਦੇਣ ਵਾਲੇ ਬਾਬੇ, ਸ਼ਰਤੀਆ ਮੁੰਡਾ ਜੰਮਣ ਦੀ ਦਵਾਈ ਦੇਣ ਵਾਲੇ ਬਾਬਿਆਂ ਦੇ ਡੇਰਿਆਂ ਦੀ ਰੌਣਕ ਵਿੱਚ ਵਾਧਾ ਕੀਤਾ ਹੈ। ਮੈਨੂੰ ਅੱਜ ਤੱਕ ਸਾਡੀ ਹਾਲਤ ਦਰਸਾਉਣ ਵਾਲੀਆਂ ਸਤਰਾਂ ਇਸ ਲਿਖਤ ਤੋਂ ਵਧੀਆ ਅਜੇ ਤੱਕ ਸ਼ਾਇਦ ਪੜ੍ਹਨ ਲਈ ਨਹੀਂ ਮਿਲੀਆਂ,

ਜਿਉਂਦੇ ਮਾਪਿਆਂ ਨੂੰ ਪੁੱਛੀ ਨਾ ਕਦੇ ਘੁੱਟ ਪਾਣੀ,
ਜੱਗ ਮੋਇਆਂ ਤੋਂ ਖੀਰ ਦੇ ਕਰੀ ਜਾਨੈਂ।
ਮੱਥਾ ਟੇਕਿਆ ਕਦੇ ਨਹੀਂ ਗੁਰੂ ਘਰ ਜਾ ਕੇ,
ਚੌਂਕੀ ਸਾਧ ਪ੍ਰਪਨੇ ਦੀ ਨਿੱਤ ਭਰੀ ਜਾਨੈਂ।

ਸ਼ਾਦੀ ਡਾਟ ਕਾਮ 'ਤੇ ਜਾ ਕੇ ਰਿਸ਼ਤੇ ਲੱਭੋ, ਕੋਈ ਮਾੜੀ ਗੱਲ ਨਹੀਂ ਸਗੋਂ ਸਮੇਂ ਅਨੁਸਾਰ ਮਨੋਦਸ਼ਾ ਦਾ ਬਦਲਣਾ ਚੰਗੀ ਗੱਲ ਹੈ; ਪ੍ਰੰਤੂ ਰਿਸ਼ਤੇ ਲੱਭ ਕੇ ਨਿਭਾਓ, ਇਹ ਉਸਤੋਂ ਵੀ ਚੰਗੀ ਗੱਲ ਹੋਵੇਗੀ। ਰੱਬ ਨਾ ਕਰੇ ਜੇ ਆਪੂੰ ਲੱਭੇ ਤੇ ਆਪ ਸਹੇੜੇ ਰਿਸ਼ਤਿਆਂ ਵਿੱਚ ਕਿਧਰੇ ਤਰੇੜ ਆ ਜਾਵੇ ਤੇ ਨੌਬਤ ਰਿਸ਼ਤੇ ਟੁੱਟਣ ਤੱਕ ਪਹੁੰਚ ਜਾਵੇ ਤਾਂ ਅਜਿਹੇ ਵਿੱਚ ਪਰਿਵਾਰਾਂ ਤੇ ਖਾਨਦਾਨਾਂ ਦੀ ਦੱਸ ਪਾ ਕੇ ਰਿਸ਼ਤੇ ਗੰਢਣ ਵਾਲੇ ਤੇ ਰਿਸ਼ਤਿਆਂ ਵਿੱਚ ਪੈਦਾ ਹੋਈ ਤਿੜਕ-ਧਾਂਸ ਦੂਰ ਕਰਨ ਵਾਲੇ ਵਿਚੋਲੇ ਰੂਪੀ ਬਾਬੇ ਨੂੰ ਕਿੱਥੋਂ ਲੱਭੋਗੇ? ਕਾਲੇ ਇਲਮਾਂ ਤੇ ਜਾਦੂ ਟੂਣੇ ਟਾਮਣ ਕਰਕੇ ਕਦੇ ਵੀ ਪਰਿਵਾਰਕ ਸੁੱਖ ਨਹੀਂ ਮਿਲਣਾ, ਕਿਉਂਕਿ ਵਾਰਤਕੀ ਬਾਬਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਕਥਨ ਹੈ, "ਪਿਆਰ ਕਬਜ਼ਾ ਨਹੀਂ, ਪਹਿਚਾਣ ਹੁੰਦੈ।"



ਸੌਂਕਣ ਤੋਂ ਛੁਟਕਾਰਾ ਪਾਉਣ ਵਾਲੀ ਤੇ ਪਤੀ ਪ੍ਰੇਮੀ ਨੂੰ ਆਪਣੇ ਵੱਸ ਵਿੱਚ ਕਰਨ ਵਾਲੀ ਭਬੂਤੀ ਭੈਣੋਂ ਜ਼ਰੂਰ ਲਿਆਇਓ! ਪ੍ਰੰਤੂ ਅਸਲੀ ਪਤੀ ਰੂਪੀ ਪਰਮੇਸ਼ਵਰ ਨੂੰ ਵੱਸ ਵਿੱਚ ਕਰਨ ਦਾ ਮੰਤਰ ਦੱਸਣ ਵਾਲਾ 'ਬਾਬਾ' ਬਾਬਾ ਸ਼ੇਖ ਫਰੀਦ ਜੀ ਜ਼ਰੂਰ ਚੇਤੇ ਰੱਖਿਓ। ਜੇ ਹੋ ਸਕਿਆ ਤਾਂ ਉਨ੍ਹਾਂ ਦਾ ਇਹ ਮੰਤਰ ਰੂਪੀ ਤਾਵੀਜ਼ ਜ਼ਰੂਰ ਘੋਲ ਕੇ ਪੀ ਲੈਣਾ,

ਨਿਵਣੁ ਸੁ ਅਖਰੁ ਖਵਣੁ ਗੁਣ
ਜਿਹਬਾ ਮਣੀਆ ਮੰਤੁ॥
ਏਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤ॥

ਲੱਕੀ ਨੰਬਰ ਤੇ ਵੀਜ਼ਾ ਲਗਵਾਉਣ ਵਾਲੇ ਬਾਬਿਆਂ ਦੀ ਮੁੱਠੀ-ਚਾਪੀ ਬੇਸ਼ੱਕ ਕਰੀ ਜਾਇਓ, ਪਰ ਯਾਦ ਰੱਖਿਓ ਇੱਕ ਬਾਬਾ ਕਿਤਾਬੀ ਗਿਆਨ ਦੇਣ ਵਾਲਾ ਅਧਿਆਪਕ ਵੀ ਹੁੰਦੈ ਜਿਹੜਾ ਵੀਜ਼ੇ ਲਈ ਤੁਹਾਡੀ ਵਿਦਿਅਕ ਮੈਰਿਟ ਦੀ ਨੀਂਹ ਪੱਕੀ ਕਰਦੈ। ਸੰਕਟ-ਮੋਚਨ ਸ਼ਬਦ ਦੇਣ ਵਾਲਿਆਂ ਦੇ ਡੇਰੇ ਜਾ ਕੇ ਹਾਜ਼ਰੀ ਜ਼ਰੂਰ ਭਰੀ ਜਾਇਓ, ਪਰ ਯਾਦ ਰੱਖਿਓ ਜਿਨ੍ਹਾਂ ਗੁਰੂ ਸਾਹਿਬਾਨਾਂ ਤੇ ਅਧਿਆਤਮਿਕ ਬਾਬਿਆਂ ਨੇ ਇਹ ਪਵਿੱਤਰ ਸ਼ਬਦ ਆਪਣੀ ਪਾਵਨ ਰਸਨਾਂ ਤੋਂ ਉਚਾਰਨ ਕੀਤੇ, ਉਹ ਵੀ ਬਾਬੇ ਸੀ ਤੇ ਬਾਬੇ ਵੀ ਅਸਲੀ ਗਿਆਨ ਦੇਣ ਵਾਲੇ। ਭਲੇਮਾਣਸੋ! ਉਨ੍ਹਾਂ ਦਾ ਧਿਆਨ ਚੇਤਿਆਂ ਵਿੱਚ ਰੱਖੋ ਸਭ ਸੰਕਟ ਆਪੇ ਮਿੱਟ ਜਾਣਗੇ।

ਬੇਔਲਾਦਾਂ ਨੂੰ ਭਬੂਤੀਆਂ ਤੇ ਸੁਆਹਾਂ ਦੀਆਂ ਚੁਟਕੀਆਂ ਨਾਲ ਮੁੰਡੇ ਦੇਣ ਵਾਲੇ ਅਖੌਤੀ ਦੰਭੀਆਂ ਕੋਲ ਜ਼ਰੂਰ ਜਾਇਓ! ਪਰ ਇੱਕ ਫੇਰਾ ਡਾਕਟਰ ਰੂਪੀ ਬਾਬਿਆਂ ਦੀ ਸਲਾਹ ਲੈਣ ਲਈ ਹਸਪਤਾਲ ਰੂਪੀ ਧੂਣੇ 'ਤੇ ਜ਼ਰੂਰ ਪਾ ਆਇਓ।

ਕਦੇ ਜੇ ਸਮਾਂ ਮਿਲੇ ਤਾਂ ਗਿਆਨੀ ਦਿੱਤ ਸਿੰਘ ਦਾ ਨਿਬੰਧ "ਮੇਰੇ ਵੱਡੇ ਵਡੇਰੇ" ਜ਼ਰੂਰ ਪੜਿਓ, ਕਿਉਂਕਿ ਉਹ ਵੀ ਇੱਕ ਸਤਿਕਾਰਤ ਬਾਬਾ ਸੀ; ਜਿਨ੍ਹਾਂ ਦੇ ਪਰਿਵਾਰ ਵਿੱਚ ਬਾਬੇ ਹੀ ਨਹੀਂ ਸਗੋਂ ਬੀਬੀਆਂ ਵੀ ਭਰਵੇਂ ਜੁੱਸੇ ਵਾਲੀਆਂ ਸਨ।

ਭਰਾਵੋ ਵਪਾਰ ਵਿੱਚ ਪਏ ਘਾਟੇ ਨੂੰ ਦੂਰ ਕਰਨ ਲਈ ਜੋਤਸ਼ੀਆਂ ਦੇ ਦੱਸੇ ਉਪਾਅ ਜ਼ਰੂਰ ਕਰਿਓ, ਪ੍ਰੰਤੂ ਕਿਰਤ ਕਰਕੇ ਨਾਮ ਜਪਣ ਤੇ ਵੰਡ ਕੇ ਛਕਣ ਦਾ ਉਪਦੇਸ਼ ਦੇ ਕੇ ਤੇਰਾ-ਤੇਰਾ ਕਹਿ ਕੇ ਤੋਲਣ ਵਾਲੇ ਬਾਬੇ ਨਾ ਕਿਧਰੇ ਵਿਸਾਰ ਬੈਠਿਓ।

ਛੇਤੀ ਅਮੀਰ ਹੋਣ ਦੀ ਤਾਂਘ ਵਿੱਚ ਸੱਟੇ ਦੇ ਨੰਬਰ ਲੈਣ ਲਈ ਰੇਲਵੇ ਸਟੇਸ਼ਨਾਂ ਅਤੇ ਡੇਰਿਆਂ ਤੇ ਭੰਗ ਪੀਣ ਵਾਲਿਆਂ ਕੋਲ ਬੇਸ਼ੱਕ ਜਾਇਓ, ਉਨ੍ਹਾਂ ਦੇ ਕਹੇ ਅਨੁਸਾਰ ਸੁਪਨੇ ਵਿੱਚ ਸੱਪ ਮਾਰ ਕੇ ਸੱਤ ਨੰਬਰ ਜ਼ਰੂਰ ਲਾਇਓ, ਪਰ ਯਾਦ ਰੱਖਿਓ ਕਿਸਮਤ ਦੇ ਸਿਤਾਰੇ ਬਦਲਣ ਲਈ ਆਪਣੇ ਅੰਦਰੋਂ ਹੱਠ ਤੇ ਸਿਦਕ ਨਾਲ ਮਿਹਨਤ ਦੀ ਜਾਚ ਦੱਸਣ ਵਾਲਾ ਸੁੱਤਾ ਪਿਆ ਬਾਬਾ ਜ਼ਰੂਰ ਜਗਾਇਓ। ਜੀਹਦਾ ਹੋਕਾ ਕੁੱਝ ਇਸ ਤਰ੍ਹਾਂ ਦਾ ਹੋਵੇਗਾ,

ਤੁਸੀਂ ਆਪਣੀ ਸੋਚ ਬਦਲੋ ਸਿਤਾਰੇ ਬਦਲ ਜਾਣਗੇ,
ਤੁਸੀਂ ਆਪਣੀ ਨਜ਼ਰ ਬਦਲੋ ਨਜ਼ਾਰੇ ਬਦਲ ਜਾਣਗੇ।
ਕਿਸ਼ਤੀ ਨੂੰ ਬਦਲ ਦੇਣ ਦਾ ਕੋਈ ਲਾਭ ਨਹੀਂ,
ਤੁਸੀਂ ਆਪਣੀ ਦਿਸ਼ਾ ਬਦਲੋ, ਕਿਨਾਰੇ ਬਦਲ ਜਾਣਗੇ।

ਪੰਜਾਬੀ ਦਾ ਇੱਕ ਲੋਕ-ਗੀਤ ਸੀ, "ਮੋੜੀਂ ਬਾਬਾ ਡਾਂਗ ਵਾਲਿਆ ਮੇਰੀ ਰੁੱਸ ਗਈ ਝਾਂਜਰਾਂ ਵਾਲੀ।"

ਸਾਡੀ ਪੀੜ੍ਹੀ ਤੱਕ ਅੱਪੜਦਿਆਂ ਸ਼ਾਇਦ ਇਸ ਲਿਖਤ ਵਿੱਚ ਕੁੱਝ ਬਦਲਾਅ ਵੀ ਇੰਝ ਆਇਐ,

ਮੋੜੀਂ ਬਾਬਾ ਡਾਂਗ ਵਾਲਿਆ,
ਮੇਰਾ ਵਿਰਸਾ ਕਿੱਧਰ ਨੂੰ ਜਾਵੇ।

ਮੈਂ ਲਫ਼ਜ਼ਾਂ ਦੀ ਹੇਰ-ਫੇਰ ਲਈ ਵਿਦਵਾਨਾਂ ਤੋਂ ਮੁਆਫ਼ੀ ਚਾਹੁੰਦਾ ਹਾਂ, ਪ੍ਰੰਤੂ ਜੇ ਅਸੀਂ ਸੱਚਮੁੱਚ ਸੌਂਕਣ ਤੋਂ ਛੁਟਕਾਰਾ ਪਾਉਣੈਂ, ਮਨ ਚਾਹੀ ਔਲਾਦ ਪਾਉਣੀ ਐਂ, ਮਨ ਚਾਹਿਆ ਪਿਆਰ ਹਾਸਲ ਕਰਨਾ ਏ, ਕਿਸੇ ਨੂੰ ਵੱਸ ਵਿੱਚ ਕਰਨੈ, ਕਾਰੋਬਾਰ ਨੂੰ ਬੜ੍ਹਾਵਾ ਦੇਣਾ ਏ, ਟੱਬਰ ਦੀ ਵਿਗੜੀ ਗ੍ਰਹਿਚਾਲ ਠੀਕ ਠਾਕ ਰੱਖਣੀ ਏ, ਵੀਜ਼ੇ ਲਗਵਾਉਣੇ ਨੇ, ਤਾਂ ਪੰਜਾਬੀਓ ਤੁਹਾਡੇ ਸਾਰੇ ਸੱਟੇ ਸੂਤ ਬੈਠਣਗੇ, ਟੇਵੇ ਵੀ ਠੀਕ ਮਿਲਣਗੇ; ਜੇਕਰ ਜ਼ਿੰਦਗੀ ਦੇ ਨਕਸ਼ੇ ਨੂੰ ਕਿਸੇ ਗੁਣੀਏ ਵਿੱਚ ਲਿਆਉਣਾ ਹੈ, ਕੰਨ ਖੋਲ੍ਹ ਕੇ ਸੁਣ ਲਵੋ, ਬਾਕੀ ਸਭ ਬਾਬਿਆਂ ਦਾ ਖਹਿੜਾ ਛੱਡੋ, ਇੱਕ ਬਾਬੇ ਦੀ ਦੱਸ ਤੁਹਾਨੂੰ ਮੈਂ ਪਾਉਂਦਾ ਹਾਂ, "ਉਹ ਬਾਬਾ ਹੈ ਭਰਾਵੋ ਅਤੇ ਭੈਣੋਂ ਸਾਡੇ ਪਰਿਵਾਰ ਦਾ ਮਿਹਨਤੀ ਤੇ ਨੈਤਿਕਤਾ ਨਾਲ ਲਬਰੇਜ਼, ਖੰਘੂਰਾ ਮਾਰ ਕੇ ਘਰ ਦੀ ਦਹਿਲੀਜ਼ ਵਿੱਚ ਪੈਰ ਰੱਖਣ ਵਾਲਾ ਸਾਡਾ ਪਿਓ ਤੇ ਦਾਦਾ, ਜਿਸਦੀ ਬਿੜਕ ਸੁਣ ਕੇ ਨੂੰਹਾਂ-ਧੀਆਂ ਸਿਰ ਢੱਕ ਕੇ ਅੰਦਰ ਵੜ ਜਾਂਦੀਆਂ ਸਨ ਤੇ ਟੱਬਰ ਦੇ ਬਾਕੀ ਜੀਅ ਓਸ ਬਾਬੇ ਦੇ ਗੋਡੇ-ਮੁੱਢ ਬੈਠ ਕੇ ਸਲਾਹਾਂ ਮੰਗਦੇ ਹੁੰਦੇ ਸੀ। ਚਲੋ ਰਲ ਕੇ ਅੱਜ ਏਸ ਬਾਬੇ ਤੋਂ ਆਪਣੀਆਂ ਕੀਤੀਆਂ ਭੁੱਲਾਂ ਚੁੱਕਾਂ ਦੀ ਖਿਮਾ ਮੰਗ ਕੇ, ਮੁੜ ਰਲ ਕੇ ਆਵਾਜ਼ ਮਾਰ ਕੇ ਕਹੀਏ,

ਕਿੱਤੋਂ ਬਹੁੜੀਂ ਬਾਬਾ ਡਾਂਗ ਵਾਲਿਆ,
ਮੇਰਾ ਵਿਰਸਾ ਕਿੱਧਰ ਨੂੰ ਜਾਵੇ।

# ਪੰਜਾਬੀ ਪਰਵਾਜ਼

Punjabi Parwaz

punjabiparwaz@gmail.com www.punjabiparwaz.com ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ


## ਇਤਿਹਾਸਕ ਦਿਹਾੜੇ ਤੇ ਤਿਓਹਾਰ ਭਾਈਚਾਰਕ ਤੌਰ 'ਤੇ ਮਨਾ ਕੇ ਅਤੇ ਇਨਸਾਨੀਅਤ ਦਾ ਫਰਜ਼ ਨਿਭਾਉਂਦਿਆਂ ਇਸ ਧਰਤੀ ਨੂੰ ਇਤਫਾਕ, ਸੱਚ ਤੇ ਗਿਆਨ ਦੇ ਦੀਵਿਆਂ ਨਾਲ ਰੁਸ਼ਨਾਈਏ ਤਾਂ ਜੋ ਕੂੜ, ਨਫਰਤ ਤੇ ਅਗਿਆਨ ਦਾ ਹਨੇਰਾ ਦੂਰ ਹੋ ਸਕੇ !

## 'ਪੰਜਾਬੀ ਪਰਵਾਜ਼' ਦੇ ਪਾਠਕਾਂ ਸਮੇਤ ਸਮੂਹ ਭਾਈਚਾਰਿਆਂ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਦੀ ਬਹੁਤ ਬਹੁਤ ਵਧਾਈ

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਮਨਜਿੰਦਰ ਸਿੰਘ (ਮੈਕ) ਭਮਰਾ


ਗੁਰਿੰਦਰਜੀਤ ਸਿੰਘ ਗਰੇਵਾਲ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਸੰਨੀ ਧੂੜ ਮਿਸ਼ੀਗਨ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਦੀਦਾਰ ਸਿੰਘ ਧਨੋਆ


ਅਮਰਜੀਤ ਸਿੰਘ ਢੀਂਡਸਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਬਿਕਰਮ ਸਿੰਘ ਸਿੱਧੂ


ਦਰਸ਼ਨ ਸਿੰਘ ਪੰਮਾ


ਬਲਵਿੰਦਰ ਸਿੰਘ ਚੱਠਾ


ਹਰਕੇਵਲ ਲਾਲੀ



ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਅਜੈਬ ਸਿੰਘ ਲੱਖਣ


ਅਮਨਦੀਪ ਸਿੰਘ ਕੁਲਾਰ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਜਿਗਰਦੀਪ ਸਿੰਘ ਢਿੱਲੋਂ


ਹਰਮੀਕ ਸਿੰਘ ਗਿਰਨ